BUYING/SELLING In Michigan
Homes, Gas Stations, Liquor Stores, Plazas, Hotels
RAJ SHERGILL
Associate Broker
Landmark Realty
40600 Ann Arbor Rd. Ste. 150
Plymouth, MI 48170
Cell 734-751-4455, rajsshergill@yahoo.com



Truck Insurance Specialist
• Preferred Carriers (A++)
• Bobtail Insurance
• Cargo and Primary Liability
TRI COUNTY INSURANCE
734 655 9090

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ’ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਟੌਲ ਫਰੀ ਨੰਬਰ ‘ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333



Eighteenth Year of Publication   ਮਿਡਵੈਸਟ ਐਡੀਸ਼ਨ   Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 14, April 8, 2017   20451 N Plum Grove Rd., Palatine, IL 60074   Ph:847-359-0746, Fax:847-705-9388

## ਡੇਰਾ ਸਿਰਸਾ ਆਸ਼ੀਰਵਾਦ ਲੈਣ ਗਏ ਆਗੂ ਤਲਬ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਜਾ ਕੇ ਆਸ਼ੀਰਵਾਦ ਲੈਣ ਵਾਲੇ 44 ਸਿੱਖ ਰਾਜਸੀ ਆਗੂਆਂ ਨੂੰ 17 ਅਪਰੈਲ ਨੂੰ ਆਪਣਾ ਪੱਖ ਸਪਸ਼ਟ ਕਰਨ ਲਈ ਅਕਾਲ ਤਖਤ ਉਤੇ ਤਲਬ ਕੀਤਾ ਗਿਆ ਹੈ। ਪੰਜ ਸਿੰਘ ਸਾਹਿਬਾਨ ਵੱਲੋਂ ਇਹ ਫੈਸਲਾ ਸੁਣਾਇਆ ਗਿਆ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕੁਝ ਸਿਆਸੀ ਪਾਰਟੀਆਂ ਦੇ ਸਿੱਖ ਆਗੂਆਂ ਨੇ ਡੇਰਾ ਸਿਰਸਾ ਜਾ ਕੇ ਵੋਟਾਂ ਲਈ ਸਮਰਥਨ ਮੰਗਿਆ ਸੀ ਅਤੇ ਆਸ਼ੀਰਵਾਦ ਵੀ ਲਿਆ ਸੀ। ਇਸ ਸਬੰਧੀ ਆਈਆਂ ਸ਼ਿਕਾਇਤਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ 3 ਮੈਂਬਰੀ ਜਾਂਚ ਕਮੇਟੀ ਬਣਾਈ ਗਈ ਸੀ ਜਿਸ ਨੇ ਆਪਣੀ ਜਾਂਚ ਰਿਪੋਰਟ ਸ੍ਰੀ ਅਕਾਲ ਤਖਤ ਵਿਖੇ ਸੌਂਪੀ ਹੈ। ਜਾਂਚ ਰਿਪੋਰਟ ਵਿਚ 44 ਸਿਆਸੀ ਆਗੂਆਂ ਦੇ ਨਾਂ ਸ਼ਾਮਲ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਡੇਰਾ ਸਿਰਸਾ ਦੀ ਹਮਾਇਤ ਸਬੰਧੀ ਦਿੱਤੇ ਬਿਆਨ ਉਤੇ ਕੋਈ ਕਾਰਵਾਈ ਕਰਨ ਬਾਰੇ ਵੀ ਉਨ੍ਹਾਂ ਕੁਝ ਨਹੀਂ ਆਖਿਆ, ਜਿਨ੍ਹਾਂ ਸਿੱਖ ਆਗੂਆਂ ਨੂੰ ਸਪਸ਼ਟੀਕਰਨ ਲਈ ਤਲਬ ਕੀਤਾ ਗਿਆ ਹੈ, ਉਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਜੀਤ ਮਹਿੰਦਰ ਸਿੰਘ ਸਿੱਧੂ, ਸਿਕੰਦਰ ਸਿੰਘ ਮਲੂਕਾ, ਜਨਮੇਜਾ ਸਿੰਘ ਸੇਖੋਂ, ਹਰਪ੍ਰੀਤ ਸਿੰਘ ਕੋਟ ਭਾਈ, ਹਰਦੀਪ ਸਿੰਘ ਢਿੱਲੋਂ, ਦਿਲਰਾਜ ਸਿੰਘ ਭੂੰਦੜ, ਵਰਿੰਦਰ ਕੌਰ, ਪ੍ਰਕਾਸ਼ ਸਿੰਘ ਭੱਟੀ, ਕੰਵਲਜੀਤ ਸਿੰਘ ਰੋਜ਼ੀ ਬਰਕੰਦੀ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਨਿਸ਼ਾਨ ਸਿੰਘ ਬੁਢਲਾਡਾ, ਮਨਤਾਰ ਸਿੰਘ ਬਰਾੜ ਸ਼ਾਮਲ ਹਨ; ਕਾਂਗਰਸ ਦੇ ਆਗੂਆਂ ਵਿਚ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਮਨਪ੍ਰੀਤ ਸਿੰਘ ਬਾਦਲ ਦਾ ਪੁੱਤਰ ਅਰਜੁਨ ਸਿੰਘ, ਅਮਰਿੰਦਰ ਸਿੰਘ ਰਾਜਾ ਵੜਿੰਗ, ਅਜੀਤਇੰਦਰ ਸਿੰਘ ਮੋਫਰ, ਕੇਵਲ ਸਿੰਘ ਢਿੱਲੋਂ, ਰਣਦੀਪ ਸਿੰਘ ਨਾਭਾ, ਅਜੈਬ

(ਬਾਕੀ ਸਫਾ 6 ’ਤੇ)



### ਜਗਦੀਸ਼ ਸਿੰਘ ਝੀਂਡਾ ਤਨਖਾਹੀਆ ਕਰਾਰ

**ਅੰਮ੍ਰਿਤਸਰ:** ਜੁਲਾਈ 2014 ਵਿਚ ਹਰਿਆਣਾ ਵਿਖੇ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਐਲਾਨ ਕਰ ਕੇ ਸਿੱਖ ਪੰਥ ਵਿਚ ਦੁਫੇੜ ਪਾਉਣ ਅਤੇ ਗੁਰੂ ਘਰਾਂ ਦੀ ਬੇਅਦਬੀ ਦੇ ਦੋਸ਼ ਹੇਠ ਪੰਥ ਵਿਚੋਂ ਛੇਕੇ ਗਏ ਹਰਿਆਣਾ ਦੇ ਸਿੱਖ ਆਗੂ ਜਗਦੀਸ਼ ਸਿੰਘ ਝੀਂਡਾ ਨੇ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਖਿਮਾ ਯਾਚਨਾ ਕੀਤੀ। ਸ੍ਰੀ ਅਕਾਲ ਤਖਤ ਦੀ ਫਸੀਲ ਤੋਂ ਉਨ੍ਹਾਂ ਖਿਲਾਫ ਤਨਖਾਹ ਦਾ ਐਲਾਨ ਕਰਦਿਆਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ 16 ਜੁਲਾਈ 2014 ਨੂੰ ਸ੍ਰੀ ਅਕਾਲ ਤਖਤ ਤੋਂ ਇਕ ਹੁਕਮਨਾਮਾ ਜਾਰੀ ਕਰ ਕੇ ਜਗਦੀਸ਼ ਸਿੰਘ ਝੀਂਡਾ ਕੋਲੋਂ ਸਿੱਖੀ ਦੇ ਸਾਰੇ ਹੱਕ ਹਕੂਕ ਖੋਹ ਲਏ ਗਏ ਸਨ। ਹੁਣ ਉਨ੍ਹਾਂ ਨੇ ਲਿਖਤੀ ਰੂਪ ਵਿਚ ਆਪਣਾ ਸਪਸ਼ਟੀਕਰਨ ਦਿੱਤਾ ਹੈ ਜੋ ਅਕਾਲ ਤਖਤ ਨੂੰ ਸਮਰਪਤ ਹੋਣ ਦੀ ਭਾਵਨਾ ਹੈ।

## ਝੂਠੇ ਪੁਲਿਸ ਮੁਕਾਬਲੇ
## ਨਿਆਂ ਲਈ ਮੁੜ ਚਾਰਾਜੋਈ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ 80ਵੇਂ ਅਤੇ 90ਵੇਂ ਦਹਾਕੇ ਵਿਚ ਖਾੜਕੂਵਾਦ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਅਤੇ ਲਾਵਾਰਿਸ ਕਰਾਰ ਦੇ ਕੇ ਸਾੜੇ ਗਏ ਸਿੱਖ ਨੌਜਵਾਨਾਂ ਦਾ ਮਾਮਲਾ ਇਕ ਵਾਰ ਉਠਿਆ ਹੈ। ਮਨੁੱਖੀ ਅਧਿਕਾਰਾਂ ਬਾਰੇ ਜਥੇਬੰਦੀ ‘ਇੰਡੀਪੈਂਡੈਂਟ ਪੀਪਲਜ਼ ਟ੍ਰਿਬਿਊਨਲ’ ਨੇ ਇਸ ਮਾਮਲੇ ਨੂੰ ਸੁਪਰੀਮ ਕੋਰਟ ਲਿਜਾਣ ਦੀ ਤਿਆਰੀ ਕਰ ਲਈ ਹੈ।

ਟ੍ਰਿਬਿਊਨਲ ਨੇ ਸਿਫਾਰਸ਼ ਕੀਤੀ ਹੈ ਕਿ ਇਨ੍ਹਾਂ ਘਟਨਾਵਾਂ ਦਾ ਸੱਚ ਸਾਹਮਣੇ ਲਿਆਉਣ ਲਈ ਆਜ਼ਾਦ ਤੇ ਨਿਰਪੱਖ ਸੱਚਾਈ ਕਮਿਸ਼ਨ ਬਣਨਾ ਚਾਹੀਦਾ ਹੈ। ਟ੍ਰਿਬਿਊਨਲ ਵੱਲੋਂ ਦੋ ਦਿਨਾਂ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੇ ਪੀੜਤਾਂ ਦੇ ਬਿਆਨ ਕਲਮਬੱਧ ਕੀਤੇ ਗਏ। ਦੋ ਦਿਨਾਂ ਵਿਚ ਤਕਰੀਬਨ 700 ਪੀੜਤ ਪਰਿਵਾਰ ਪੁੱਜੇ ਹਨ ਜਿਨ੍ਹਾਂ ਵਿਚੋਂ 100 ਪਰਿਵਾਰਾਂ ਦੇ ਬਿਆਨ ਕਲਮਬੱਧ ਕੀਤੇ ਗਏ ਹਨ। ਪੈਨਲ ਵੱਲੋਂ ਦੋ ਦਿਨਾਂ ਦੀ ਕਾਰਵਾਈ ਮਗਰੋਂ ਮੁਢਲੀ ਸਿਫਾਰਸ਼ ਜਾਰੀ ਕੀਤੀ ਗਈ ਹੈ ਅਤੇ ਕੁਝ ਸਮੇਂ ਬਾਅਦ ਇਸ ਸਬੰਧੀ ਮੁਕੰਮਲ ਰਿਪੋਰਟ ਜਾਰੀ ਕੀਤੀ ਜਾਵੇਗੀ ਤੇ ਕਾਨੂੰਨੀ ਚਾਰਾਜੋਈ ਲਈ ਸੁਪਰੀਮ ਕੋਰਟ ਵਿਚ ਵਰਤੀ ਜਾਵੇਗੀ। ਟ੍ਰਿਬਿਊਨਲ ਦੀਆਂ ਸਿਫਾਰਸ਼ਾਂ ਵਿਚ ਦੱਸਿਆ ਗਿਆ ਹੈ ਕਿ ਲੋਕਾਂ ਦੀ ਵੱਡੀ ਵਿਚ ਹੋਈ ਆਮਦ ਤੋਂ ਸਪਸ਼ਟ ਹੈ ਕਿ ਇਹ ਮਾਮਲਾ ਕਿੰਨਾ ਅਹਿਮ ਹੈ।

ਪੈਨਲ ਦਾ ਮੰਨਣਾ ਹੈ ਕਿ ਜੇ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੇ ਘਾਣ ਖਿਲਾਫ਼ ਉਸ ਵੇਲੇ ਕਾਨੂੰਨ ਅਨੁਸਾਰ ਕਾਰਵਾਈ ਹੁੰਦੀ ਤਾਂ ਦੇਸ਼ ਦੇ ਹੋਰ ਸੂਬਿਆਂ ਵਿਚ ਅਜਿਹੀਆਂ ਘਟਨਾਵਾਂ ਨਾ ਵਾਪਰਦੀਆਂ, ਪਰ ਪੰਜਾਬ ਦੀਆਂ ਘਟਨਾਵਾਂ ਤੋਂ ਕੋਈ ਸਬਕ ਨਹੀਂ ਲਿਆ ਗਿਆ ਜਿਸ ਦਾ ਸਿੱਟਾ ਹੈ ਕਿ ਛੱਤੀਸਗੜ੍ਹ, ਮਨੀਪੁਰ ਅਤੇ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ।

ਪੈਨਲ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੇ

(ਬਾਕੀ ਸਫਾ 6 ’ਤੇ)




### ਸੱਚ ਸਾਹਮਣੇ ਲਿਆਉਣ ਤੋਂ ਟਲਦੀਆਂ ਰਹੀਆਂ ਸਰਕਾਰਾਂ


**ਚੰਡੀਗੜ੍ਹ:** ਸਰਕਾਰਾਂ ਦੀ ਨੀਅਤ ‘ਚ ਖੋਟ ਕਾਰਨ ਹੀ ਪੀੜਤ ਇਨਸਾਫ ਲਈ ਭਟਕ ਰਹੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2007 ਵਿਚ ਕੁਝ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਦੇ ਹੁਕਮ ਦਿੱਤੇ ਸਨ। ਪੰਜਾਬ ਪੁਲਿਸ ਦੇ ਸੇਵਾ ਮੁਕਤ ਡੀ.ਜੀ.ਪੀ. ਜੇ.ਪੀ. ਬਿਰਦੀ ਵੱਲੋਂ ਇਸ ਸਬੰਧੀ ਜਾਂਚ ਕੀਤੀ ਗਈ ਸੀ, ਪਰ ਸਰਕਾਰ ਨੇ ਇਹ ਰਿਪੋਰਟ ਹੀ ਦੱਬ ਲਈ ਹੈ। ਇਨ੍ਹਾਂ ਮੁਕਾਬਲਿਆਂ ਵਿਚ ਵੀ ਇਕ ਆਈ.ਜੀ. ਉਤੇ ਕਈ ਵਿਅਕਤੀਆਂ ਨੂੰ ਮਾਰ ਮੁਕਾਉਣ ਦੇ ਦੋਸ਼ ਲੱਗੇ ਸਨ। ਇਹ ਆਈ.ਜੀ. ਅਕਾਲੀ-ਭਾਜਪਾ ਸਰਕਾਰ ਦਾ ਚਹੇਤਾ ਅਫਸਰ ਰਿਹਾ ਹੈ।

Best Fare Guarantee



Harpreet Singh
AMRITSAR $915
DELHI $875
Mumbai $865





WorldWide Travel
www.fly2world.com
866 66 INDIA
4 6 3 4 2
Detroit 734 838 9998
Chicago 312 224 8800
Fares shown above are from Chicago and may change without notice, please call our office for more details. Other conditions apply.

Ad space available
Please call
Ph: 847-359-0756

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥

# ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ



# ਖਾਲਸਾ ਸਾਜਨਾ ਦਿਵਸ ਦੀ ਲੱਖ ਲੱਖ ਵਧਾਈ

## 14 ਅਪਰੈਲ 2017 (ਸ਼ੁੱਕਰਵਾਰ)

ਅਰੰਭ ਸ੍ਰੀ ਅਖੰਡ ਪਾਠ ਸਵੇਰੇ 9 ਵਜੇ
ਵਿਸਾਖੀ ਸਬੰਧੀ ਵਿਸ਼ੇਸ਼ ਦੀਵਾਨ
ਸ਼ਾਮ 6 ਤੋਂ ਰਾਤ 8:30 ਵਜੇ ਤੱਕ



ਐਤਵਾਰ ਨੂੰ ਅੰਮ੍ਰਿਤ ਸੰਚਾਰ ਹੋਵੇਗਾ

## 16 ਅਪਰੈਲ 2017 (ਐਤਵਾਰ)

- ਕੀਰਤਨ ਆਸਾ ਦੀ ਵਾਰ
  ਸਵੇਰੇ 7:30 ਤੋਂ 9:20 ਵਜੇ ਤੱਕ
  ਉਪਰੰਤ ਭੋਗ ਸ੍ਰੀ ਅਖੰਡ ਪਾਠ
- ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ
  ਸਵੇਰੇ 10 ਵਜੇ
- ਗੁਰਬਾਣੀ ਵਿਚਾਰ ਭਾਈ ਪਰਮਿੰਦਰਜੀਤ ਸਿੰਘ ਵਲੋਂ
  ਸਵੇਰੇ 10:15 ਤੋਂ 10:45 ਤੱਕ
- ਗੁਰਮਤਿ ਸਕੂਲ ਦੇ ਬੱਚਿਆਂ ਵਲੋਂ ਕੀਰਤਨ
  ਸਵੇਰੇ 10:45 ਤੋਂ 11:15 ਤੱਕ
- ਢਾਡੀ ਵਾਰਾਂ ਭਾਈ ਸੁਖਵਿੰਦਰ ਸਿੰਘ ਦੇ ਜਥੇ ਵਲੋਂ
  ਸਵੇਰੇ 11:15 ਤੋਂ 12:30 ਤੱਕ
- ਗੁਰਬਾਣੀ ਕੀਰਤਨ ਭਾਈ ਰਾਜਿੰਦਰ ਸਿੰਘ ਦੇ ਜਥੇ ਵਲੋਂ
  ਸਵੇਰੇ 12:30 ਤੋਂ 1:15 ਤੱਕ

ਅਖੰਡ ਪਾਠ ਤੇ ਲੰਗਰ ਦੀ ਸੇਵਾ ਸ਼ਿਕਾਗੋ ਦੇ ਟਰੱਕਰ ਪਰਿਵਾਰਾਂ ਵਲੋਂ

ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਵਧ ਚੜ੍ਹ ਕੇ ਹਾਜ਼ਰੀ ਭਰੋ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਦਾਸਰੇ: ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਪੈਲਾਟਾਈਨ

SIKH Religious Society
PALATINE GURDWARA

**Sikh Religious Society**
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org

ੴ ਸਤਿਗੁਰ ਪ੍ਰਸਾਦਿ॥

# ਖਾਲਸਾ ਸਿਰਜਣਾ ਦਿਵਸ ਵਿਸਾਖੀ ਦੀ

# ਲੱਖ-ਲੱਖ ਵਧਾਈ




## ਵਿਸਾਖੀ ਸਬੰਧੀ ਪ੍ਰੋਗਰਾਮ

### 14 ਅਪਰੈਲ 2017 (ਸ਼ੁੱਕਰਵਾਰ)

ਅਰੰਭ ਸ੍ਰੀ ਅਖੰਡ ਪਾਠ ਸਵੇਰੇ 11 ਵਜੇ

### 15 ਅਪਰੈਲ 2017 (ਸਨਿਚਰਵਾਰ)

ਪਾਠ ਰਹਿਰਾਸ ਸ਼ਾਮ 6 ਤੋਂ 6:30 ਵਜੇ ਤੱਕ
ਸ਼ਬਦ ਕੀਰਤਨ ਸ਼ਾਮ 6:30 ਤੋਂ 7 ਵਜੇ ਤੱਕ
ਭਾਈ ਗੁਰਚਰਨ ਸਿੰਘ ਅਤੇ ਜਥਾ
ਸ਼ਾਮ 7 ਤੋਂ 8 ਵਜੇ ਤੱਕ
ਜਥਾ ਭਾਈ ਹਰਪ੍ਰੀਤ ਸਿੰਘ
*(ਸਾਬਕਾ ਹਜ਼ੂਰੀ ਰਾਗੀ, ਦਰਬਾਰ ਸਾਹਿਬ)*

### 16 ਅਪਰੈਲ 2017 (ਐਤਵਾਰ)

ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 11 ਵਜੇ
ਸ਼ਬਦ ਕੀਰਤਨ 11:30 ਤੋਂ 12:30 ਵਜੇ ਤੱਕ
ਭਾਈ ਗੁਰਚਰਨ ਸਿੰਘ ਅਤੇ ਜਥਾ
12:30 ਤੋਂ 2 ਵਜੇ ਤੱਕ
ਜਥਾ ਭਾਈ ਹਰਪ੍ਰੀਤ ਸਿੰਘ
*(ਸਾਬਕਾ ਹਜ਼ੂਰੀ ਰਾਗੀ, ਦਰਬਾਰ ਸਾਹਿਬ)*

*ਗੁਰੂ ਕਾ ਲੰਗਰ ਅਤੁੱਟ ਵਰਤੇਗਾ*

*ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰੋ ਜੀ*

ਗੁਰੂ ਪੰਥ ਦੇ ਦਾਸ: ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਗੁਰਦਵਾਰਾ ਕਰਾਊਨ ਪੁਆਇੰਟ

**Sikh Religious Society of North West Indiana**

10005 Colorado St, Crown Point, IN 46307, Ph: 219-793-9446

# ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਖੇਡ ਤੇ ਸਭਿਆਚਾਰਕ ਮੇਲਾ 2 ਜੁਲਾਈ ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਖੇਡ ਸੰਸਥਾ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ ਖੇਡ ਤੇ ਸਭਿਆਚਾਰਕ ਮੇਲਾ 2 ਜੁਲਾਈ 2017 ਨੂੰ ਲੋਂਗ ਵੀਕਐਂਡ 'ਤੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਕਬੱਡੀ ਦੇ ਚੋਟੀ ਦੇ ਖਿਡਾਰੀ ਕਬੱਡੀ ਦੇ ਜੌਹਰ ਵਿਖਾਉਣਗੇ ਅਤੇ ਤਿੰਨ ਵੱਡੇ ਗਾਇਕ ਸਰੋਤਿਆਂ ਦਾ ਮਨੋਰੰਜਨ ਕਰਨਗੇ। ਇਸ ਸਬੰਧੀ ਐਲਾਨ ਕਲੱਬ ਦੇ ਪ੍ਰਧਾਨ ਅਮਰੀਕ ਸਿੰਘ (ਅਮਰ ਕਾਰਪੈਟਸ) ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਕੀਤਾ ਗਿਆ।

ਸ. ਅਮਰੀਕ ਸਿੰਘ ਨੇ ਦੱਸਿਆ ਕਿ ਟੂਰਨਾਮੈਂਟ ਵਿਚ ਇਸ ਵਾਰ ਬੀਬੀਆਂ ਤੇ ਬਜ਼ੁਰਗਾਂ ਦੇ ਰੱਸੀਕਸ਼ੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਮੁਫਤ ਪਾਰਕਿੰਗ ਹੋਵੇਗੀ ਅਤੇ ਚਾਹ-ਪਕੌੜਿਆਂ, ਗਰਮਾ ਗਰਮ ਜਲੇਬੀਆਂ ਤੇ ਅਤੁੱਟ ਲੰਗਰ ਵਰਤਾਇਆ ਜਾਏਗਾ। ਉਨ੍ਹਾਂ ਦੱਸਿਆ ਕਿ ਕਲੱਬ ਦੀ ਅਗਲੀ ਮੀਟਿੰਗ ਵਿਚ ਸਾਰੇ ਮੈਂਬਰ ਆਪੋ ਆਪਣੀਆਂ ਡਿਊਟੀਆਂ ਸੰਭਾਲ ਕੇ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਜੁਟ ਜਾਣਗੇ।

ਮੀਟਿੰਗ ਵਿਚ ਨਰਿੰਦਰ ਸਿੰਘ ਸਰਾਂ, ਹੈਪੀ ਸਿੰਘ ਹੀਰ, ਲਵਦੀਪ ਸਿੰਘ ਦੂੱਲਤ, ਹਰਵਿੰਦਰ ਸਿੰਘ ਬਿੱਲਾ, ਗੁਰਮੀਤ ਸਿੰਘ ਭੋਲਾ, ਅੰਮ੍ਰਿਤਪਾਲ ਸਿੰਘ ਸੰਘਾ, ਹਰਜਿੰਦਰ ਸਿੰਘ ਦਿਆਲ, ਇਕਬਾਲ ਸਿੰਘ ਧਾਮੀ ਅਤੇ ਪੱਤਰਕਾਰ ਜਤਿੰਦਰ ਸਿੰਘ ਬੇਦੀ ਹਾਜ਼ਰ ਸਨ। ਕਲੱਬ ਦੇ ਸਾਬਕਾ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ, ਹਰਦੀਪ ਸਿੰਘ ਗਿੱਲ, ਮਨਮਿੰਦਰ ਸਿੰਘ ਹੀਰ, ਗੁਰਪ੍ਰੀਤ ਸਿੰਘ ਗਿੱਲ, ਲਖਵੀਰ ਸਿੰਘ (ਲੱਕੀ) ਸਹੋਤਾ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ।

ਹੋਰ ਜਾਣਕਾਰੀ ਲਈ ਅਮਰੀਕ ਸਿੰਘ (ਫੋਨ: 773-507-8043), ਹੈਪੀ ਸਿੰਘ ਹੀਰ (630-398-7052), ਨਰਿੰਦਰ ਸਿੰਘ ਸਰਾਂ (630-205-9264), ਲਵਦੀਪ ਦੂੱਲਤ (224-425-0705) ਜਾਂ ਹਰਵਿੰਦਰ ਸਿੰਘ ਬਿੱਲਾ (708-228-8520) ਨਾਲ ਸੰਪਰਕ ਕੀਤਾ ਜਾ ਸਕਦਾ ਹੈ।



*ਮੀਟਿੰਗ ਤੋਂ ਬਾਅਦ ਕਲੱਬ ਦੇ ਅਹੁਦੇਦਾਰ*

# ਪੀ.ਸੀ.ਐਸ. ਮਿਸ਼ੀਗਨ ਦਾ 'ਪੰਜਾਬੀ ਮੇਲਾ' 20 ਮਈ ਨੂੰ

**ਕੈਲਮਜ਼ੂ, ਮਿਸ਼ੀਗਨ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ) ਦਾ ਵਿਸਾਖੀ ਨੂੰ ਸਮਰਪਿਤ 'ਪੰਜਾਬੀ ਮੇਲਾ' 20 ਮਈ 2017 ਨੂੰ ਵਿੰਗ ਇਵੈਂਟ ਸੈਂਟਰ (3600 ਵੈਨ ਰਿਕ ਡਰਾਈਵ, ਕੈਲਮਜ਼ੂ) ਵਿਚ ਹੋਵੇਗਾ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਪ੍ਰੋਗਰਾਮ ਸ਼ਾਮ ਠੀਕ 7 ਵਜੇ ਸ਼ੁਰੂ ਹੋ ਕੇ ਦੇਰ ਰਾਤ ਤੱਕ ਚੱਲੇਗਾ ਜਿਸ ਦੌਰਾਨ ਗਿੱਧਾ, ਭੰਗੜਾ, ਡਾਂਸ, ਗੀਤ, ਸਕਿੱਟ, ਬੋਲੀਆਂ ਅਤੇ ਓਪਨ ਡੀ.ਜੇ. ਹੋਵੇਗਾ। ਆਏ ਮਹਿਮਾਨਾਂ ਲਈ ਸਨੈਕਸ ਅਤੇ ਰਾਤ ਦੇ ਖਾਣੇ ਦਾ ਪ੍ਰਬੰਧ ਹੋਵੇਗਾ। ਸ. ਦਰਸ਼ਨ ਸਿੰਘ ਗਰੇਵਾਲ ਮੁੱਖ ਮਹਿਮਾਨ ਅਤੇ ਇਸ਼ਟਦੇਵ ਰਾਠੌਰ ਕੀ-ਨੋਟ ਸਪੀਕਰ ਹੋਣਗੇ।

ਹੋਰ ਜਾਣਕਾਰੀ ਲਈ ਸੰਸਥਾ ਦੇ ਚੇਅਰਮੈਨ ਸੁਖਵਿੰਦਰ ਸਿੰਘ ਨਰਵਾਲ (ਫੋਨ: 734-564-1469), ਪ੍ਰਧਾਨ ਰਾਜਵਿੰਦਰ ਸਿੰਘ ਗਰੇਵਾਲ (231-343-6481), ਸਕੱਤਰ ਮਨਰਾਜ ਸਿੰਘ ਗਰੇਵਾਲ (616-755-5016) ਜਾਂ ਖਜ਼ਾਨਚੀ ਮੁਖਤਾਰ ਸਿੰਘ ਖਹਿਰਾ (269-584-1060) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਕੇਜਰੀਵਾਲ ਤੋਂ 97 ਕਰੋੜ ਵਸੂਲਣ ਦੇ ਹੁਕਮ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੱਡਾ ਝਟਕਾ ਲੱਗਾ ਹੈ ਕਿਉਂਕਿ ਦਿੱਲੀ ਦੇ ਉਪ ਰਾਜਪਾਲ ਅਨਿਲ ਬੈਜਲ ਨੇ ਸਰਕਾਰੀ ਇਸ਼ਤਿਹਾਰਾਂ ਦੀ ਪਾਰਟੀ ਹਿੱਤ 'ਚ ਦੁਰਵਰਤੋਂ ਕਰਨ ਲਈ ਆਮ ਆਦਮੀ ਪਾਰਟੀ ਤੋਂ 97 ਕਰੋੜ ਰੁਪਏ ਵਸੂਲਣ ਦੀ ਪ੍ਰਕ੍ਰਿਆ ਅਰੰਭਣ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਮੁੱਖ ਸਕੱਤਰ ਨੂੰ ਇਹ ਰਕਮ 30 ਦਿਨਾਂ 'ਚ ਵਸੂਲਣ ਲਈ ਕਿਹਾ ਹੈ। ਇਹ ਆਦੇਸ਼ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੀ ਜਾਂਚ ਤੋਂ ਬਾਅਦ ਦਿੱਤਾ ਗਿਆ।

# ਕਾਂਗਰਸ ਆਗੂ ਬਾਬ ਹੁੰਦਲ ਵੱਲੋਂ ਕੈਪਟਨ ਨਾਲ ਮੁਲਾਕਾਤ

**ਸ਼ਿਕਾਗੋ (ਬਿਊਰੋ):** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਮਿਡਵੈਸਟ ਕੋਰ ਟੀਮ ਦੇ ਕੋਆਰਡੀਨੇਟਰ ਸ. ਭੁਪਿੰਦਰ ਸਿੰਘ (ਬਾਬ) ਹੁੰਦਲ ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਉਨ੍ਹਾਂ ਦੀ ਚੰਡੀਗੜ੍ਹ ਵਿਚ ਰਿਹਾਇਸ਼ ਵਿਖੇ ਮਿਲੇ ਅਤੇ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਜਿੱਤ ਤੇ ਉਨ੍ਹਾਂ ਦੇ ਮੁੱਖ ਮੰਤਰੀ ਬਣਨ ਉਤੇ ਵਧਾਈ ਦਿੱਤੀ।


ਇਥੇ ਜਾਰੀ ਬਿਆਨ ਵਿਚ ਸ. ਹੁੰਦਲ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਨਾਲ ਨਸ਼ਿਆਂ ਤੇ ਵੀ.ਆਈ.ਪੀ. ਕਲਚਰ ਖਿਲਾਫ ਮੁਹਿੰਮ ਛੇੜਨ ਅਤੇ ਇਮਾਨਦਾਰ ਅਫਸਰਾਂ ਨੂੰ ਤਰਜੀਹ ਦੇਣ ਤੋਂ ਇਲਾਵਾ ਕਈ ਹੋਰ ਮਸਲਿਆਂ ਬਾਰੇ ਵਿਚਾਰ-ਵਟਾਂਦਰਾ ਹੋਇਆ। ਉਨ੍ਹਾਂ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ (ਹੁੰਦਲ) ਅਤੇ ਸਾਥੀਆਂ ਵੱਲੋਂ ਪੰਜਾਬ ਵਿਚ ਕੀਤੇ ਗਏ ਚੈਰੀਟੇਬਲ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਪੰਜਾਬ ਵਿਚ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਮਸਲਾ ਵੀ ਧਿਆਨ ਵਿਚ ਲਿਆਂਦਾ ਗਿਆ। ਮੁੱਖ ਮੰਤਰੀ ਨੇ ਦੱਸਿਆ ਕਿ ਰਿਲਾਇੰਸ ਜਿਹੀਆਂ ਵੱਡੀਆਂ ਕਾਰਪੋਰੇਸ਼ਨਾਂ ਪੰਜਾਬ ਵਿਚ ਵੱਡੇ ਪ੍ਰਾਜੈਕਟ ਲਾਉਣ ਲਈ ਤਿਆਰ ਹਨ। ਉਨ੍ਹਾਂ (ਬਾਬ ਹੁੰਦਲ) ਨੇ ਇਸ ਦੇ ਨਾਲ ਹੀ ਪੇਂਡੂ ਇਲਾਕਿਆਂ ਵਿਚ ਛੋਟੀਆਂ ਤੇ ਦਰਮਿਆਨੀਆਂ ਐਗਰੋ ਤੇ ਫੂਡ ਪ੍ਰਾਸੈਸਿੰਗ ਲਾਉਣ 'ਤੇ ਜ਼ੋਰ ਦਿਤਾ। ਡਾ. ਸਰਦਾਰਾ ਸਿੰਘ ਜੌਹਲ ਨਾਲ ਹੋਈ ਮੁਲਾਕਾਤ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਸਭ ਬਹੁਤ ਜਰੂਰੀ ਹੈ।

ਮੁਲਾਕਾਤ ਦੌਰਾਨ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਭਰੋਸਾ ਦਿਵਾਇਆ ਕਿ ਪਰਵਾਸੀ ਭਾਰਤੀ ਉਨ੍ਹਾਂ ਨਾਲ ਡਟ ਕੇ ਖੜ੍ਹੇ ਹਨ। ਸ. ਹੁੰਦਲ ਨੇ ਬਿਆਨ ਵਿਚ ਦੱਸਿਆ ਕਿ ਉਨ੍ਹਾਂ ਪੰਜਾਬ ਦਾ ਦੌਰਾ ਕੀਤਾ ਜਿਸ ਦੌਰਾਨ ਪਤਾ ਲੱਗਿਆ ਕਿ ਪੰਜਾਬ ਦੇ ਲੋਕ ਕੈਪਟਨ ਅਮਰਿੰਦਰ ਸਿੰਘ ਵੱਲੋਂ ਅਹੁਦਾ ਸੰਭਾਲਣ ਪਿਛੋਂ ਲਏ ਗਏ ਫੈਸਲਿਆਂ ਉਤੇ ਬਹੁਤ ਖੁਸ਼ ਹਨ ਅਤੇ ਇਨ੍ਹਾਂ ਫੈਸਲਿਆਂ 'ਤੇ ਅਮਲ ਲਈ ਪੂਰੇ ਆਸਵੰਦ ਹਨ।



*ਕੈਪਟਨ ਅਮਰਿੰਦਰ ਸਿੰਘ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ ਬਾਬ ਹੁੰਦਲ*


Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

Drivers Wanted
*Dedicated Route *Hook and Drop options
*Local IN - OH work (Within 200 Miles)
*Weekend Home *New Trucks Automatic / 10 Speed
$5K to $6K + a month Guaranteed Income
Clean Operations
PrePass, EzPass, Company Fuel Cards.
(No ComCheck - TCheck)
ਡਰਾਈਵਰਾਂ ਦੀ ਲੋੜ ਹੈ
*ਡੈਡੀਕੇਟਿਡ ਰੂਟ
*ਇਕੋ ਥਾਂ ਤੋਂ ਲੋਡਿੰਗ/ਅਨਲੋਡਿੰਗ
*5 ਦਿਨ ਕੰਮ
*ਨਵੇਂ ਟਰੱਕ, ਨਵੇਂ ਟਰੇਲਰ
*ਲੋਕਲ ਕੰਮ (ਇੰਡੀਆਨਾ-ਓਹਾਇਓ)
(200+ ਮੀਲ ਦੇ ਦਾਇਰੇ ਵਿਚ)



*ਤਨਖਾਹ 5 ਤੋਂ 6,000+ ਡਾਲਰ ਪ੍ਰਤੀ ਮਹੀਨਾ
ਘੱਟੋ ਘੱਟ ਤਜਰਬਾ 2 ਸਾਲ, ਉਮਰ 23 ਸਾਲ
Clean CDL ਰਿਕਾਰਡ
ਸੰਪਰਕ ਕਰੋ (614) 641-0000
13-14

# ਕੈਗ ਨੇ ਚੁੱਕਿਆ ਬਾਦਲ ਸਰਕਾਰ ਦੇ 'ਕਾਰਨਾਮਿਆਂ' ਤੋਂ ਪਰਦਾ

**ਚੰਡੀਗੜ੍ਹ:** ਬਾਦਲ ਸਰਕਾਰ ਸਮੇਂ ਹਰ ਵਿਭਾਗ ਵਿਚ ਵੱਡੇ ਪੱਧਰ 'ਤੇ ਬੇਨੇਮੀਆਂ ਹੋਈਆਂ। ਪੰਜਾਬ ਦੇ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵੱਲੋਂ ਦਵਾਈ ਕੰਪਨੀਆਂ ਤੋਂ ਬਹੁਤ ਹੀ ਮਹਿੰਗੇ ਭਾਅ ਦਵਾਈਆਂ ਖਰੀਦੀਆਂ, ਜਿਸ ਕਾਰਨ ਦਵਾਈ ਕੰਪਨੀਆਂ ਨੂੰ 2.40 ਕਰੋੜ ਰੁਪਏ ਵਾਧੂ ਅਦਾ ਕਰ ਦਿੱਤੇ ਗਏ। ਇਹ ਮਾਮਲਾ ਆਦਰਸ਼ ਨਸ਼ਾ ਛੁਡਾਊ ਕੇਂਦਰ ਅੰਮ੍ਰਿਤਸਰ ਤੇ ਨਸ਼ਾ ਛੁਡਾਊ ਕੇਂਦਰ ਬਟਾਲਾ ਨਾਲ ਸਬੰਧਤ ਹੈ। ਪੰਜਾਬ ਲੇਖਾਕਾਰ ਵੱਲੋਂ ਜਾਰੀ 'ਕੈਗ ਰਿਪੋਰਟ' ਵਿਚ ਦੱਸਿਆ ਗਿਆ ਹੈ ਕਿ ਅੰਮ੍ਰਿਤਸਰ ਵਾਲੇ ਨਸ਼ਾ ਛੁਡਾਊ ਕੇਂਦਰ ਨੇ ਸਾਲ 2014 ਤੋਂ 2016 ਤੱਕ ਇਕ ਕੰਪਨੀ ਤੋਂ ਦਵਾਈਆਂ ਦੇ 50 ਹਜ਼ਾਰ 900 ਪੱਤੇ ਖਰੀਦੇ। ਹਰ ਪੱਤੇ ਵਿਚ 10 ਗੋਲੀਆਂ ਸਨ।

ਸਰਕਾਰ ਵੱਲੋਂ ਤੈਅ ਕੰਟਰੈਕਟ ਅਨੁਸਾਰ ਇਕ ਪੱਤੇ ਦੀ ਕੀਮਤ 73.40 ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ ਸੀ, ਪਰ ਇਸ ਕੇਂਦਰ ਨੇ ਦਵਾਈ ਕੰਪਨੀ ਨੂੰ ਹਰ ਪੱਤੇ ਲਈ 190 ਰੁਪਏ ਅਦਾ ਕੀਤੇ, ਭਾਵ 116.60 ਰੁਪਏ ਵੱਧ ਅਦਾ ਕਰ ਦਿੱਤੇ। ਇਸ ਤਰ੍ਹਾਂ ਕੇਂਦਰ ਨੇ ਉਸ ਕੰਪਨੀ ਨੂੰ 59 ਲੱਖ 34 ਹਜ਼ਾਰ 940 ਰੁਪਏ ਵੱਧ ਅਦਾ ਕਰ ਦਿੱਤੇ। ਇਸ ਕੇਂਦਰ ਨੇ ਦੋ ਹੋਰ ਦਵਾਈ ਕੰਪਨੀਆਂ ਤੋਂ ਇਸੇ ਤਰ੍ਹਾਂ ਤਕਰੀਬਨ 15 ਲੱਖ ਰੁਪਏ ਵੱਧ ਭਾਅ ਦੇ ਕੇ ਭਾਰੀ ਮਾਤਰਾ 'ਚ ਦਵਾਈਆਂ ਦੀ ਖਰੀਦ ਕੀਤੀ। ਰਿਪੋਰਟ ਅਨੁਸਾਰ ਨਸ਼ਾ ਛੁਡਾਊ ਕੇਂਦਰ ਬਟਾਲਾ ਨੇ ਸਾਲ 2014 ਤੋਂ 2016 ਤੱਕ ਇਕ ਦਵਾਈ ਕੰਪਨੀ ਤੋਂ ਦਵਾਈਆਂ ਦੇ 75,480 ਪੱਤੇ ਖਰੀਦੇ। ਕੇਂਦਰ ਨੇ ਸਰਕਾਰ ਵੱਲੋਂ ਤੈਅ ਰੇਟ 73.40 ਰੁਪਏ ਤੋਂ ਉਲਟ ਦਵਾਈ ਕੰਪਨੀ ਨੂੰ ਹਰ ਪੱਤੇ ਲਈ ਪਹਿਲਾਂ 151.90 ਰੁਪਏ ਅਤੇ ਬਾਅਦ ਵਿਚ 210.60 ਰੁਪਏ ਅਦਾ ਕਰ ਦਿੱਤੇ। ਇਸ ਹਿਸਾਬ ਨਾਲ ਕੇਂਦਰ ਨੇ ਦਵਾਈ ਕੰਪਨੀ ਨੂੰ 1 ਕਰੋੜ 38 ਲੱਖ 41 ਹਜ਼ਾਰ 588 ਰੁਪਏ ਵੱਧ ਅਦਾ ਕਰ ਦਿੱਤੇ।

**ਵਿਸ਼ਵ ਕੱਪ ਕਬੱਡੀ ਕੱਪ 'ਚ ਬੋਗਸ ਬਿੱਲ:** ਪੰਜਾਬ ਵਿਚ ਪਿਛਲੀ ਬਾਦਲ ਸਰਕਾਰ ਨੇ ਵਿਸ਼ਵ ਕਬੱਡੀ ਕੱਪ ਕਰਵਾਇਆ, ਜਿਸ ਵਿਚ ਬੋਗਸ ਬਿੱਲਾਂ 'ਤੇ ਵੀ ਅਦਾਇਗੀ ਕਰ ਦਿੱਤੀ ਗਈ। ਇਹ ਵੱਡਾ ਖੁਲਾਸਾ ਕੈਗ ਦੀ ਰਿਪੋਰਟ ਵਿਚ ਹੋਇਆ ਹੈ। ਰਿਪੋਰਟ ਵਿਚ ਇਹ ਵੀ ਸਾਹਮਣੇ ਆਇਆ ਕਿ ਜਿਹੜੇ ਬੱਸਾਂ ਦੇ ਨੰਬਰ ਦਿੱਤੇ ਗਏ ਹਨ, ਉਹ ਸਕੂਟਰ, ਮੋਟਰਸਾਈਕਲ ਤੇ ਟਰੱਕ ਦੇ ਨਿਕਲੇ।

ਕੈਗ ਦੀ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ 2011 ਦੇ ਵਿਸ਼ਵ ਕਬੱਡੀ ਕੱਪ ਵਿਚ 1.68 ਲੱਖ ਦੀ ਅਦਾਇਗੀ ਬੋਗਸ ਬਿੱਲਾਂ ਉਤੇ ਕੀਤੀ ਗਈ। ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀ ਬਠਿੰਡਾ ਦੇ ਰਿਕਾਰਡ ਦੀ ਜਾਂਚ ਵਿਚ ਸਾਹਮਣੇ ਆਇਆ ਕਿ 227 ਵਿਚੋਂ 47 ਬੱਸਾਂ ਦੇ ਬਿੱਲ ਬੋਗਸ ਸੀ, ਕਿਉਂਕਿ ਬਿੱਲਾਂ ਵਿਚ ਦਿਖਾਏ ਗਏ ਰਜਿਸਟਰ ਨੰਬਰ ਸਕੂਟਰਾਂ, ਮੋਟਰਸਾਈਕਲਾਂ, ਕਾਰਾਂ ਤੇ ਟਰੱਕਾਂ ਦੇ ਸਨ। ਕਬੱਡੀ ਕੱਪ ਦੌਰਾਨ 6 ਟਰਾਂਸਪੋਰਟਰਾਂ ਤੋਂ 227 ਬੱਸਾਂ ਦੇ ਇਸਤੇਮਾਲ ਲਈ ਪ੍ਰਤੀ ਬੱਸ 3500 ਰੁਪਏ ਦੀ ਅਦਾਇਗੀ ਕੀਤੀ ਗਈ। ਇਕ ਟਰਾਂਸਪੋਰਟ ਤੋਂ 7 ਇਨੋਵਾ ਕਾਰਾਂ ਦੀ ਸਵਾਵਾਂ ਲਈ 1500 ਰੁਪਏ ਪ੍ਰਤੀ ਕਾਰ ਅਦਾਇਗੀ ਕੀਤੀ ਗਈ। ਇਸ ਵਿਚ 2 ਰਜਿਸਟਰ ਨੰਬਰਾਂ ਵਿਚ ਇਕ ਇਨੋਵਾ ਕਾਰ ਤੇ ਇਕ ਸਕੂਟਰ ਦਾ ਸੀ।

ਇਸੇ ਤਰ੍ਹਾਂ ਹੀ ਡੀ.ਐਸ.ਪੀ. ਮੁਕਤਸਰ ਨੇ 58 ਬੱਸਾਂ, 25 ਇਨੋਵਾ ਕਾਰਾਂ, 15 ਟਵੇਰਾ ਕਾਰਾਂ ਨੂੰ 5ਵੇਂ ਵਿਸ਼ਵ ਕਬੱਡੀ ਕੱਪ ਦੀ 20 ਦਸੰਬਰ, 2014 ਨੂੰ ਪਿੰਡ ਬਾਦਲ ਵਿਚ ਹੋਏ ਪ੍ਰੋਗਰਾਮ ਲਈ ਪ੍ਰਾਈਵੇਟ ਟਰਾਂਸਪੋਰਟ ਨੂੰ ਅਦਾਇਗੀ ਕਰਨ ਲਈ 1.50 ਲੱਖ ਅਦਾ ਕੀਤੇ। ਡੀ.ਟੀ.ਓ. ਦਫਤਰ ਨੇ 2000, 750 ਤੇ 600 ਰੁਪਏ ਦੀ ਦਰ ਨਾਲ ਪ੍ਰਤੀ ਬੱਸ, ਇਨੋਵਾ ਕਾਰ, ਟਵੇਰਾ ਕਾਰਾਂ ਲਈ 1.50 ਲੱਖ ਅਦਾ ਕੀਤੇ। ਡੀ.ਟੀ.ਓ. ਮੁਕਤਸਰ ਦਫਤਰ ਦੇ 40 ਵਾਹਨਾਂ ਦੇ ਰਿਕਾਰਡ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ 22 ਵਾਹਨਾਂ ਵਿਚ 7 ਸਕੂਟਰ, 2 ਟਰੈਕਟਰ, 3 ਟਰੱਕ ਤੇ 10 ਛੋਟੀਆਂ ਕਾਰਾਂ ਸਨ।

**ਪਾਵਰਕਾਮ ਦਾ ਆਮ ਲੋਕਾਂ ਨੂੰ ਰਗੜਾ:** ਪੰਜਾਬ 'ਚ ਅਕਾਲੀ-ਭਾਜਪਾ ਸਰਕਾਰ ਸਮੇਂ ਬਿਜਲੀ ਬੋਰਡ ਦੀਆਂ ਗਲਤੀਆਂ ਦਾ ਖਮਿਆਜ਼ਾ ਜਨਤਾ ਨੂੰ ਭੁਗਤਣਾ ਪਿਆ ਹੈ। ਇਹ ਖੁਲਾਸਾ ਪੰਜਾਬ ਲੇਖਾਕਾਰ ਵੱਲੋਂ ਜਾਰੀ ਕੈਗ ਰਿਪੋਰਟ ਤੋਂ ਹੋਇਆ ਹੈ। ਰਿਪੋਰਟ ਮੁਤਾਬਕ ਸਾਲ 2013 ਤੋਂ 2016 ਦੌਰਾਨ ਪੰਜਾਬ ਬਿਜਲੀ ਨਿਗਮ ਨੇ ਬਿਜਲੀ ਖਰੀਦ ਤੇ ਹੋਰ ਸਬੰਧਤ ਕਾਰਜਾਂ ਲਈ 2249.61 ਕਰੋੜ ਰੁਪਏ ਵਾਧੂ ਅਦਾ ਕਰ ਦਿੱਤੇ। ਇਸ ਵਿਚੋਂ 1427.84 ਕਰੋੜ ਰੁਪਏ ਦਾ ਬੋਝ ਪੰਜਾਬ ਦੇ ਲੋਕਾਂ 'ਤੇ ਪਾ ਦਿੱਤਾ ਗਿਆ।

ਖੁਲਾਸੇ ਮੁਤਾਬਕ ਪੰਜਾਬ ਵਿਚ ਬਠਿੰਡਾ, ਰੋਪੜ ਤੇ ਲਹਿਰਾ ਮੁਹੱਬਤ ਸਥਿਤ ਥਰਮਲ ਸਟੇਸ਼ਨ ਬੰਦ ਕਰ ਦਿੱਤੇ ਗਏ ਤੇ ਵਪਾਰੀਆਂ ਕੋਲੋਂ ਬਿਜਲੀ ਦੀ ਖਰੀਦੀ ਗਈ। ਪਾਵਰ ਕਾਰਪੋਰੇਸ਼ਨ ਨੇ ਜਿਨ੍ਹਾਂ ਤੋਂ ਬਿਜਲੀ ਖਰੀਦੀ, ਉਨ੍ਹਾਂ ਨੂੰ ਸਮੇਂ ਸਿਰ ਭੁਗਤਾਨ ਨਹੀਂ ਕੀਤਾ। ਜੇ ਪਾਵਰ ਕਾਰਪੋਰੇਸ਼ਨ ਨੇ ਵਪਾਰੀਆਂ ਨੂੰ ਸਮੇਂ ਸਿਰ ਭੁਗਤਾਨ ਕੀਤਾ ਹੁੰਦਾ ਤਾਂ ਉਸ ਨੂੰ ਅਦਾਇਗੀ 'ਚ ਛੋਟ (ਰਿਬੇਟ) ਮਿਲਣੀ ਸੀ।

ਰਿਪੋਰਟ ਅਨੁਸਾਰ ਕਈ ਕੰਮਾਂ ਤੇ ਪ੍ਰਾਜੈਕਟਾਂ ਨੂੰ ਸਿਰੇ ਚਾੜ੍ਹਨ ਵਿਚ ਫੇਲ੍ਹ ਹੋ ਜਾਣ ਕਾਰਨ ਪਾਵਰ ਕਾਰਪੋਰੇਸ਼ਨ ਨੇ 2,249.61 ਕਰੋੜ ਰੁਪਏ ਵਾਧੂ ਅਦਾ ਕੀਤੇ। ਇਸ 'ਚੋਂ 821.77 ਕਰੋੜ ਤਾਂ ਕਾਰਪੋਰੇਸ਼ਨ ਨੂੰ ਆਪ ਸਹਿਣੇ ਪਏ ਤੇ ਬਾਕੀ ਬਚਦੇ 1427.84 ਕਰੋੜ ਰੁਪਏ ਦਾ ਬੋਝ ਉਸ ਨੇ ਲੋਕਾਂ ਭਾਵ ਖਪਤਕਾਰਾਂ 'ਤੇ ਪਾ ਦਿੱਤਾ। ਰਿਪੋਰਟ ਵਿਚ ਦੱਸਿਆ ਗਿਆ ਕਿ ਪਾਵਰ ਕਾਰਪੋਰੇਸ਼ਨ 391.46 ਕਰੋੜ ਦੀ ਅਜਿਹੀ ਰਾਸ਼ੀ ਵੀ ਅਦਾ ਕਰ ਦਿੱਤੀ, ਜੋ ਉਸ ਨੂੰ ਅਦਾ ਨਹੀਂ ਕਰਨੀ ਚਾਹੀਦੀ ਸੀ।

## ਦਸ ਸਾਲਾਂ ਵਿਚ ਹਰ ਵਿਭਾਗ ਵਿਚ ਹੋਈਆਂ ਬੇਨੇਮੀਆਂ



## ਬਾਦਲਾਂ ਦੇ ਲੇਖੇ-ਜੋਖੇ ਬਾਰੇ ਕੈਪਟਨ ਦੇ ਹੱਕ ਵਿਚ ਡਟੀ 'ਆਪ'

**ਚੰਡੀਗੜ੍ਹ:** ਪਿਛਲੀ ਸਰਕਾਰ ਦੇ ਵਿੱਤੀ ਲੇਖੇ-ਜੋਖੇ ਬਾਰੇ ਵਾਈਟ ਪੇਪਰ ਲਿਆਉਣ ਦੇ ਮਾਮਲੇ ਵਿਚ ਆਮ ਆਦਮੀ ਪਾਰਟੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਹੱਕ ਵਿਚ ਡਟੀ ਹੈ। ਪੰਜਾਬ ਵਿਧਾਨ ਸਭਾ ਵਿਚ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਤੇ ਲੋਕ ਇਨਸਾਫ ਪਾਰਟੀ ਗੱਠਜੋੜ ਨੇ ਕੈਪਟਨ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਪਿਛਲੇ 10 ਸਾਲ ਪੰਜਾਬ ਨੂੰ ਲੁੱਟ ਕੇ ਬਰਬਾਦ ਕਰਨ ਲਈ ਜ਼ਿੰਮੇਵਾਰ ਲੋਕਾਂ ਦਾ ਪਰਦਾਫਾਸ਼ ਕਰਨ ਲਈ ਜਾਂਚ ਕਮਿਸ਼ਨ ਗਠਿਤ ਹੋਵੇ, ਜਿਸ ਦੀ ਨਿਗਰਾਨੀ ਹਾਈ ਕੋਰਟ ਦਾ ਜੱਜ ਕਰੇ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਨੇ ਮੰਗ ਕੀਤੀ ਕਿ ਪੰਜਾਬ ਦੇ ਵਿੱਤੀ ਹਾਲਾਤ ਉਪਰ ਜੋ ਵਾਈਟ ਪੇਪਰ ਪੰਜਾਬ ਸਰਕਾਰ ਲਿਆ ਰਹੀ ਹੈ, ਉਸ ਦੀ ਸਮਾਂ ਸੀਮਾ ਤੈਅ ਹੋਵੇ। ਉਸ ਦਾ ਦਾਇਰਾ ਪਿਛਲੇ 20 ਸਾਲ ਤੱਕ ਵਧਾਇਆ ਜਾਵੇ ਤਾਂ ਕਿ ਇਸ ਦੌਰਾਨ ਰਾਜ ਕਰਨ ਵਾਲੀਆਂ ਸਾਰੀਆਂ ਧਿਰਾਂ ਦੀ ਭੂਮਿਕਾ ਪੰਜਾਬ ਦੇ ਲੋਕ ਜਾਣ ਸਕਣ।

## ਕੈਪਟਨ ਸਰਕਾਰ ਵੱਲੋਂ ਗਰਾਂਟਾਂ ਬਾਰੇ ਰਿਪੋਰਟ ਤਲਬ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਦੋ ਅਹਿਮ ਫੈਸਲੇ ਕਰਦਿਆਂ ਪਿੰਡਾਂ ਨੂੰ ਪਿਛਲੇ ਦਸ ਸਾਲਾਂ ਵਿਚ ਵਿਕਾਸ ਲਈ ਭੇਜੇ ਪੈਸੇ ਦੀ ਵਰਤੋਂ ਸਬੰਧੀ ਰਿਪੋਰਟ ਤਲਬ ਕੀਤੀ ਹੈ। ਇਸੇ ਤਰ੍ਹਾਂ ਲੱਕੜ ਚੋਰੀ ਅਤੇ ਜੰਗਲਾਤ ਵਿਭਾਗ ਦੇ ਹੋਰ ਮਾਮਲਿਆਂ ਦੀ ਰਿਪੋਰਟ ਮੰਗ ਲਈ ਹੈ। ਜਾਣਕਾਰੀ ਅਨੁਸਾਰ ਕਾਂਗਰਸ ਦੇ ਵਿਧਾਇਕਾਂ ਨੇ ਨਵੀਂ ਸਰਕਾਰ ਬਣਦਿਆਂ ਹੀ ਵਿਭਾਗ ਦੇ ਮੰਤਰੀ, ਸੀਨੀਅਰ ਅਧਿਕਾਰੀਆਂ ਤੇ ਮੁੱਖ ਮੰਤਰੀ ਦੇ ਦਫਤਰ ਪਹੁੰਚ ਕਰ ਕੇ ਮੰਗ ਕੀਤੀ ਹੈ ਕਿ ਪਿੰਡਾਂ ਨੂੰ ਵਿਕਾਸ ਕੰਮਾਂ ਲਈ ਜਾਰੀ ਕੀਤੇ ਪੈਸੇ ਦੀ ਜਾਂਚ ਕੀਤੀ ਜਾਵੇ, ਕਿਉਂਕਿ ਵਿਕਾਸ ਦੇ ਨਾਂ 'ਤੇ ਭੇਜਿਆ ਪੈਸਾ ਪਿੰਡਾਂ ਵਿਚ ਲੱਗਿਆ ਨਹੀਂ ਹੈ। ਪੰਚਾਇਤ ਤੇ ਪੇਂਡੂ ਵਿਕਾਸ ਵਿਭਾਗ ਨੇ ਜਿਹੜੇ ਪਿੰਡਾਂ ਨੂੰ ਪਿਛਲੇ ਦਸ ਸਾਲਾਂ ਵਿਚ ਇਕ ਕਰੋੜ ਰੁਪਏ ਤੋਂ ਵੱਧ ਪੈਸੇ ਵਿਕਾਸ ਕੰਮਾਂ ਲਈ ਭੇਜੇ ਗਏ ਹਨ, ਉਨ੍ਹਾਂ ਬਾਰੇ ਵਿਸਥਾਰਤ ਰਿਪੋਰਟ ਮੰਗ ਲਈ ਹੈ। ਪੰਚਾਇਤ ਤੇ ਪੇਂਡੂ ਵਿਕਾਸ ਵਿਭਾਗ ਦੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਉਹ ਇਸ ਮਾਮਲੇ ਦੀ ਡੂੰਘਾਈ ਤੱਕ ਛਾਣਬੀਣ ਕਰਨਗੇ। ਇਸ ਦੌਰਾਨ ਜੰਗਲਾਤ ਵਿਭਾਗ ਦੇ ਪੱਲਨਪੁਰ ਪਿੰਡ ਵਿਚਲੇ ਖੰਡਰ ਬਣ ਚੁੱਕੇ ਕਿਸਾਨ ਸਿਖਲਾਈ ਕੇਂਦਰ, ਲੱਕੜ ਚੋਰੀ ਤੇ ਹੋਰ ਮਾਮਲਿਆਂ ਦੀ ਰਿਪੋਰਟ ਮੰਗੀ ਗਈ ਹੈ। ਜੰਗਲਾਤ ਵਿਭਾਗ ਦੇ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਅਗਲੇ ਪੰਦਰਾਂ ਦਿਨਾਂ ਵਿਚ ਰਿਪੋਰਟ ਦਿੱਤੀ ਜਾਵੇ।

## ਪੰਜ ਸਾਲਾਂ ਦੌਰਾਨ ਸਿੱਖਿਆ ਖੇਤਰ ਨਜ਼ਰਅੰਦਾਜ਼

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਨੇ ਸਿੱਖਿਆ ਦੇ ਮਾਮਲੇ ਵਿਚ ਪੰਜਾਬ ਨੂੰ ਤੀਜੇ ਨੰਬਰ 'ਤੇ ਆਉਣ ਦੇ ਵੱਡੇ ਦਾਅਵੇ ਕੀਤੇ ਸੀ, ਪਰ ਪਿਛਲੇ ਪੰਜ ਸਾਲਾਂ ਦੌਰਾਨ ਸਿੱਖਿਆ ਖੇਤਰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਰਿਹਾ। ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਵਿਚ ਖੁਲਾਸਾ ਕੀਤਾ ਕਿ ਸਮੇਂ ਸਿਰ ਫੰਡ ਜਾਰੀ ਨਾ ਹੋਣ ਕਰ ਕੇ ਵਿਦਿਆਰਥੀ ਸਹੂਲਤਾਂ ਤੋਂ ਵਾਂਝੇ ਰਹੇ ਹਨ। ਰਿਪੋਰਟ ਅਨੁਸਾਰ ਸਾਲ 2011 ਤੋਂ 16 ਦੌਰਾਨ ਸਰਵ ਸਿੱਖਿਆ ਅਭਿਆਨ ਦੇ 1362.76 ਕਰੋੜ ਰੁਪਏ ਘੱਟ ਜਾਰੀ ਕੀਤੇ ਗਏ। ਇਸ ਦੌਰਾਨ ਵਿਦਿਆਰਥੀਆਂ ਨੂੰ ਵਰਦੀ ਦੇ ਦੋ ਸੈਟ ਦਿੱਤੇ ਜਾਣੇ ਸਨ, ਪਰ ਸਰਕਾਰ ਨੇ ਇਕ ਸੈਟ ਦੇ ਕੇ ਹੀ ਕੰਮ ਚਲਾ ਦਿੱਤਾ। 2013-14 ਵਿਚ 16,46,949 ਵਿਦਿਆਰਥੀਆਂ ਦੀਆਂ ਵਰਦੀਆਂ ਵਾਸਤੇ 65.88 ਕਰੋੜ ਰੁਪਏ ਦਾ ਖਰਚਾ ਮੰਗਿਆ ਗਿਆ ਸੀ, ਜਦਕਿ ਡੀ.ਪੀ.ਓਜ਼. ਅਤੇ ਐਸ.ਪੀ.ਡੀ. ਵੱਲੋਂ ਭੇਜੀ ਰਿਪੋਰਟ ਅਨੁਸਾਰ 15,63,588 ਵਿਦਿਆਰਥੀਆਂ ਨੂੰ ਹੀ ਵਰਦੀ ਦਿੱਤੀ ਗਈ ਸੀ।

ਬੱਚਿਆਂ ਦੀ ਮੁਫਤ ਅਤੇ ਲਾਜ਼ਮੀ ਸਿੱਖਿਆ ਅਧਿਕਾਰ ਕਾਨੂੰਨ, 2009 ਦੇ ਉਪਬੰਧਾਂ ਨੂੰ ਲਾਗੂ ਕਰਨ ਵਿਚ ਦੇਰੀ ਕੀਤੀ ਗਈ। ਪਹਿਲੀ ਅਪਰੈਲ 2010 ਤੋਂ ਇਹ ਕਾਨੂੰਨ ਲਾਗੂ ਹੋਣਾ ਸੀ, ਪਰ ਪੰਜਾਬ ਸਰਕਾਰ ਨੇ ਨਿਯਮ ਹੀ ਅਕਤੂਬਰ 2011 ਵਿਚ ਨੋਟੀਫਾਈ ਕੀਤੇ। ਇਸ ਨਾਲ ਕੇਂਦਰ ਨੇ 114.36 ਕਰੋੜ ਰੁਪਏ ਦੇ ਫੰਡ ਜਾਰੀ ਨਹੀਂ ਕੀਤੇ। ਸਿੱਖਿਆ ਦਾ ਅਧਿਕਾਰ ਕਾਨੂੰਨ ਪਹਿਲੀ ਤੋਂ ਪੰਜਵੀਂ ਕਲਾਸ ਲਈ ਸਕੂਲ ਇਕ ਕਿਲੋਮੀਟਰ ਅਤੇ 6 ਤੋਂ 8ਵੀਂ ਕਲਾਸ ਤੱਕ ਦੇ ਸਕੂਲ ਤਿੰਨ ਕਿਲੋਮੀਟਰ ਤੋਂ ਦੂਰ ਨਹੀਂ ਹੋਣੇ ਚਾਹੀਦੇ, ਪਰ ਪੰਜਾਬ 'ਚ 2011-14 ਤੱਕ ਕੋਈ ਸਕੂਲ ਮੈਪਿੰਗ ਨਹੀਂ ਕੀਤੀ ਗਈ, ਜਿਸ ਕਾਰਨ ਸੈਂਕੜੇ ਬੱਚੇ ਨੇੜਲੇ ਸਕੂਲਾਂ 'ਚ ਦਾਖਲਿਆਂ ਤੋਂ ਵਾਂਝੇ ਰਹਿ ਗਏ। ਸਿੱਖਿਆ ਦਾ ਅਧਿਕਾਰ ਕਾਨੂੰਨ ਤਹਿਤ ਜ਼ਰੂਰੀ ਕਰਾਰ ਦਿੱਤੇ ਗਏ ਕਮਜ਼ੋਰ ਵਰਗ ਦੇ ਬੱਚਿਆਂ ਤੇ ਮਾੜੇ ਹਾਲਾਤ ਵਿਚ ਪਲਣ ਵਾਲੇ ਬੱਚਿਆਂ ਦੀ ਨਿਸ਼ਾਨਦੇਹੀ ਕਰ ਕੇ ਅੰਕੜੇ ਹੀ ਇਕੱਠੇ ਨਹੀਂ ਕੀਤੇ, ਜਿਸ ਕਾਰਨ 2012-16 ਦੌਰਾਨ 12,30,940 ਬੱਚਿਆਂ ਦੇ ਪਹਿਲੀ ਕਲਾਸ ਵਿਚ ਦਾਖਲੇ ਸਮੇਂ ਉਕਤ ਬੱਚਿਆਂ ਨੂੰ ਵਿਚਾਰਿਆ ਨਹੀਂ ਜਾ ਸਕਿਆ। ਸੂਬੇ ਵਿਚ ਮਾਰਚ 2016 'ਚ 3 ਤੋਂ 6 ਸਾਲ ਦੇ ਬੱਚਿਆਂ ਦੀ ਗਿਣਤੀ 3,76,458 ਸੀ। ਵਿਭਾਗ ਇਨ੍ਹਾਂ ਬੱਚਿਆਂ ਲਈ ਸ਼ੁਰੂਆਤੀ ਬਚਪਨ ਸੰਭਾਲ ਅਤੇ ਮੁਫਤ ਪ੍ਰੀ-ਸਕੂਲਾਂ ਦੀ ਸਥਾਪਨਾ ਕਰਨ ਵਿਚ ਨਾਕਾਮ ਰਿਹਾ ਹੈ। ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਵੀ ਕੋਈ ਸਕੂਲ ਨਹੀਂ ਖੋਲ੍ਹਿਆ ਗਿਆ। 2014-15 ਦੌਰਾਨ ਰਾਜ ਦੇ ਕੁੱਲ 13251 ਪ੍ਰਾਇਮਰੀ ਸਕੂਲਾਂ ਵਿਚੋਂ 1170 ਪ੍ਰਾਇਮਰੀ ਸਕੂਲ ਇਕੱਲੇ ਅਤੇ 6711 ਅੱਪਰ ਪ੍ਰਾਇਮਰੀ ਸਕੂਲਾਂ ਵਿਚੋਂ 572 ਤਿੰਨ ਅਧਿਆਪਕਾਂ ਤੋਂ ਘੱਟ ਨਾਲ ਚੱਲ ਰਹੇ ਸਨ।

# ਆਰਥਿਕ ਤੰਗੀ ਨੇ ਕੈਪਟਨ ਸਰਕਾਰ ਨੂੰ ਚੁਫੇਰਿਓਂ ਘੇਰਿਆ

**ਚੰਡੀਗੜ੍ਹ:** ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ 29 ਮਾਰਚ ਤੋਂ ਪੰਜਾਬ ਸਰਕਾਰ ਨੂੰ ਵੱਖ-ਵੱਖ ਬੈਂਕਾਂ ਤੋਂ ਸਾਰੀਆਂ ਅਦਾਇਗੀਆਂ ਰੋਕ ਦਿੱਤੀਆਂ। ਅਜਿਹਾ ਰਾਜ ਸਰਕਾਰ ਵੱਲੋਂ ਓਵਰਡ੍ਰਾਫਟ ਦੀ ਸੀਮਾ ਉਲੰਘਣ ਮਗਰੋਂ ਅਗਲੇਰੀ ਰਿਆਇਤੀ ਸੀਮਾ ਵੀ ਪਾਰ ਕਰ ਲੈਣ ਕਾਰਨ ਹੋਇਆ।

ਰਿਜ਼ਰਵ ਬੈਂਕ ਵੱਲੋਂ ਜਾਰੀ ਪੱਤਰ ਅਨੁਸਾਰ ਸਰਕਾਰ ਨੇ ਪਹਿਲਾਂ 925 ਕਰੋੜ ਰੁਪਏ ਦੀਆਂ ਪੇਸ਼ਗੀਆਂ (ਵੇਅਜ਼ ਐਂਡ ਮੀਨਜ਼ ਐਡਵਾਂਸਿਜ਼) ਮੁਕਾ ਲਈਆਂ ਅਤੇ ਫਿਰ 760 ਕਰੋੜ ਰੁਪਏ ਹੋਰ ਬੈਂਕਾਂ ਤੋਂ ਕਢਾ ਲਏ। ਇਸ ਤਰ੍ਹਾਂ ਰਾਜ ਸਰਕਾਰ ਦੇ ਓਵਰਡ੍ਰਾਫਟ ਦੀ ਕੁੱਲ ਰਕਮ 1680 ਕਰੋੜ ਰੁਪਏ ਤੋਂ ਵੀ ਜ਼ਿਆਦਾ ਵਧ ਗਈ। ਅਜਿਹੀ ਸੂਰਤ ਵਿਚ ਰਿਜ਼ਰਵ ਬੈਂਕ ਕੋਲ ਸਖਤ ਕਾਰਵਾਈ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਿਹਾ।

ਪੰਜਾਬ ਸਰਕਾਰ ਦੇ ਮੰਤਰੀ ਤੇ ਉਚ ਅਫਸਰ ਇਸ ਸਥਿਤੀ ਨੂੰ ਇਕ ਰੁਟੀਨ ਮਾਮਲਾ ਦੱਸਦੇ ਹਨ, ਪਰ ਅਸਲ ਮਾਅਨਿਆਂ ਵਿਚ ਇਹ ਰਾਜ ਸਰਕਾਰ ਲਈ ਨਮੋਸ਼ੀ ਵਾਲਾ ਘਟਨਾਕ੍ਰਮ ਹੈ। ਬਾਦਲਾਂ ਵੇਲੇ ਕਦੇ ਪੀ.ਆਈ.ਡੀ.ਬੀ., ਕਦੇ ਪੰਜਾਬ ਮੰਡੀ ਬੋਰਡ ਤੇ ਸ਼ਾਇਦ ਇਕ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕਰਜ਼ਾ ਲੈ ਕੇ ਅਤੇ ਰਕਮ ਰਾਜ ਸਰਕਾਰ ਦੇ ਖਾਤਿਆਂ ਵਿਚ ਪਾ ਕੇ ਓਵਰਡ੍ਰਾਫਟ ਸਬੰਧੀ ਰਿਜ਼ਰਵ ਬੈਂਕ ਦੀਆਂ ਸ਼ਰਤਾਂ ਪੂਰੀਆਂ ਕਰ ਦਿੱਤੀਆਂ ਗਈਆਂ ਸਨ, ਪਰ ਇਸ ਵਾਰ ਅਜਿਹਾ ਕੋਈ ਉਪਾਅ ਨਜ਼ਰ ਨਹੀਂ ਆਇਆ। ਦੂਜੇ ਪਾਸੇ ਇਹ ਦਾਅਵਾ ਵੀ ਕੀਤਾ ਜਾ ਰਿਹਾ ਹੈ ਕਿ ਕੇਂਦਰ ਪਾਸੋਂ 1230 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਮਿਲਣੇ ਸਨ, ਪਰ ਇਨ੍ਹਾਂ ਦੀ ਆਮਦ ਵਿਚ ਦੇਰੀ ਨੇ ਮੌਜੂਦਾ ਸਥਿਤੀ ਪੈਦਾ ਕੀਤੀ। ਆਰ.ਬੀ.ਆਈ. ਪਹਿਲਾਂ ਵੀ ਪਿਛਲੀ ਪੰਜਾਬ ਸਰਕਾਰ ਦੇ ਕਾਰਜਕਾਲ ਵਿਚ ਬੈਂਕਾਂ ਤੋਂ ਓਵਰਡਰਾਫਟ ਦੀ ਲਿਮਟ ਤੋਂ ਜ਼ਿਆਦਾ ਅਦਾਇਗੀ ਲੈਣ ਕਰ ਕੇ ਰੋਕ ਲਾਉਂਦੀ ਰਹੀ।

ਗੌਰਤਲਬ ਹੈ ਕਿ ਆਰ.ਬੀ.ਆਈ. ਦਾ ਕਹਿਣਾ ਹੈ ਕਿ ਪਿਛਲੀ ਸਰਕਾਰ ਆਪਣੀ ਬਣਦੀ ਰਕਮ ਬੈਂਕਾਂ ਤੋਂ ਲੈ ਚੁੱਕੀ ਹੈ, ਜਿਸ ਦੇ ਚੱਲਦਿਆਂ ਇਸ ਮਾਮਲੇ ਵਿਚ ਆਰ.ਬੀ.ਆਈ. ਨੇ ਸਬੰਧਤ ਬੈਂਕਾਂ ਨੂੰ ਹਦਾਇਤ ਜਾਰੀ ਕੀਤੀ ਹੈ।



## ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਥੋੜ੍ਹੀ ਰਾਹਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਉਦੋਂ ਵੱਡੀ ਰਾਹਤ ਮਿਲੀ ਜਦੋਂ ਕੇਂਦਰ ਨੇ ਕੇਂਦਰੀ ਫੰਡਾਂ ਵਿਚੋਂ ਪੰਜਾਬ ਨੂੰ 800 ਕਰੋੜ ਰੁਪਏ ਜਾਰੀ ਕਰ ਦਿੱਤੇ। ਇਸ ਨਾਲ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਵੱਲੋਂ ਸੀਲ ਕੀਤੇ ਗਏ ਪੰਜਾਬ ਸਰਕਾਰ ਦੇ ਖਾਤਿਆਂ ਨੂੰ ਖੋਲ੍ਹਿਆ ਜਾ ਸਕੇਗਾ, ਜਿਸ ਨਾਲ ਸਰਕਾਰ ਆਪਦਾ ਬੰਦ ਹੋਇਆ ਲੈਣ-ਦੇਣ ਤੇ ਅਦਾਇਗੀਆਂ ਸ਼ੁਰੂ ਕਰ ਸਕੇਗੀ। ਦੱਸਣਯੋਗ ਹੈ ਕਿ ਪੰਜਾਬ ਦੇ ਕੇਂਦਰੀ ਫੰਡਾਂ ਵਿਚੋਂ 1200 ਕਰੋੜ ਰੁਪਏ ਬਣਦੇ ਸਨ, ਪਰ ਕੇਂਦਰ ਨੇ ਹਾਲੇ 800 ਕਰੋੜ ਰੁਪਏ ਹੀ ਜਾਰੀ ਕੀਤੇ ਹਨ ਤੇ ਇਸ ਨਾਲ ਰਾਜ ਸਰਕਾਰ ਨੂੰ ਵੱਡੀ ਰਾਹਤ ਮਿਲੀ ਹੈ। ਇਸ ਨਾਲ ਰਾਜ ਸਰਕਾਰ ਦਾ ਰੁਕਿਆ ਲੈਣ-ਦੇਣ ਸ਼ੁਰੂ ਹੋ ਜਾਵੇਗਾ। ਆਰ.ਬੀ.ਆਈ. ਨੇ ਖਾਤੇ ਸੀਲ ਕਰਨ ਦਾ ਕਦਮ ਪਿਛਲੇ 15 ਦਿਨਾਂ ਤੋਂ ਪੰਜਾਬ ਸਰਕਾਰ ਦਾ ਓਵਰਡਰਾਫਟ ਬਹੁਤ ਵਧ ਜਾਣ ਕਾਰਨ ਚੁੱਕਿਆ ਸੀ ਤੇ ਸਰਕਾਰ ਓਵਰਡਰਾਫਟ ਦੀ ਮਿਥੀ 925 ਕਰੋੜ ਰੁਪਏ ਦੀ ਹੱਦ ਨਾਲੋਂ ਵੀ 750 ਕਰੋੜ ਰੁਪਏ ਵੱਧ ਖਰਚ ਕਰ ਚੁੱਕੀ ਸੀ।

## ਲਾਲ ਬੱਤੀ ਬਾਰੇ ਸੁਖਬੀਰ ਬਾਦਲ ਦਾ ਤਰਕ



**ਫਤਿਹਗੜ੍ਹ ਸਾਹਿਬ:** ਪੰਜਾਬ ਸਰਕਾਰ ਵੱਲੋਂ ਵੀ.ਆਈ.ਪੀ. ਕਲਚਰ ਨੂੰ ਖਤਮ ਕਰਨ ਦੇ ਕਦਮਾਂ ਉਤੇ ਸੂਬੇ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਸਵਾਲ ਚੁੱਕੇ ਹਨ। ਸੁਖਬੀਰ ਬਾਦਲ ਨੇ ਆਖਿਆ ਕਿ ਲਾਲ ਬੱਤੀਆਂ ਤਾਂ ਉਤਰ ਗਈਆਂ, ਪਰ ਸਰਕਾਰ ਨੇ ਵੀ.ਆਈ.ਪੀ. ਵਿਅਕਤੀਆਂ ਦੀਆਂ ਗੱਡੀਆਂ ਅੱਗੇ ਪੁਲਿਸ ਦੀਆਂ ਜਿਪਸੀਆਂ ਦੀ ਗਿਣਤੀ ਵਿਚ ਪਹਿਲਾਂ ਨਾਲੋਂ ਵਾਧਾ ਕਰ ਦਿੱਤਾ ਹੈ।

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੇਅਦਬੀ ਦੇ ਦੋਸ਼ੀਆਂ ਤੱਕ ਪੁੱਜਣ ਤੋਂ ਝਿਜਕਦੀ ਰਹੀ ਪੁਲਿਸ

**ਚੰਡੀਗੜ੍ਹ:** ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਤੱਕ ਪੁੱਜਣ ਲਈ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਦਿਲਚਸਪੀ ਹੀ ਨਹੀਂ ਦਿਖਾਈ। ਜਸਟਿਸ ਜ਼ੋਰਾ ਸਿੰਘ 'ਤੇ ਆਧਾਰਿਤ ਜਾਂਚ ਕਮਿਸ਼ਨ ਵੱਲੋਂ ਰਿਪੋਰਟ 'ਚ ਕਿਹਾ ਹੈ ਕਿ ਪੁਲਿਸ ਨੇ ਦੋਸ਼ੀਆਂ ਤੱਕ ਪੁੱਜਣ ਦਾ ਉਪਰਾਲਾ ਹੀ ਨਹੀਂ ਕੀਤਾ। ਸ਼ੱਕੀ ਵਿਅਕਤੀ ਦਾ ਸਕੈਚ ਤਿਆਰ ਕੀਤਾ ਗਿਆ, ਪਰ ਇਸ ਦੀ ਸ਼ਨਾਖਤ ਲਈ ਅਖਬਾਰਾਂ ਵਿਚ ਜਨਤਕ ਹੀ ਨਹੀਂ ਕੀਤਾ ਗਿਆ।

ਬਹਿਬਲ ਕਲਾਂ ਵਿਚ ਪੁਲਿਸ ਗੋਲੀ ਦਾ ਸ਼ਿਕਾਰ ਹੋਏ ਗੁਰਜੀਤ ਸਿੰਘ ਤੇ ਕ੍ਰਿਸ਼ਨ ਭਗਵਾਨ ਸਿੰਘ ਦੇ ਵਾਰਸਾਂ ਵੱਲੋਂ ਦਾਖਲ ਪਟੀਸ਼ਨ ਦੇ ਨਾਲ ਲਾਈ ਇਸ ਰਿਪੋਰਟ ਵਿਚ ਸਾਫ ਕੀਤਾ ਗਿਆ ਹੈ ਕਿ ਪੁਲਿਸ ਨੇ ਨਿਹੱਥੀ ਸਿੱਖ ਸੰਗਤ 'ਤੇ ਬੇਵਜ੍ਹਾ ਗੋਲੀ ਚਲਾਈ ਤੇ ਉਨ੍ਹਾਂ ਦੀਆਂ ਭਾਵਨਾਵਾਂ ਨਹੀਂ ਸਮਝੀਆਂ। ਕੋਟਕਪੂਰਾ ਚੌਕ 'ਤੇ ਐਸ.ਡੀ.ਐਮ. ਜੈਤੋਂ ਹਰਜੀਤ ਸਿੰਘ ਸੰਧੂ ਨੇ ਹਵਾ ਵਿਚ ਫਾਇਰਿੰਗ ਦਾ ਹੁਕਮ ਦਿੱਤਾ ਸੀ, ਪਰ ਪੁਲਿਸ ਪਾਰਟੀ ਨੇ ਇਥੋਂ 70 ਗਜ਼ ਦੂਰ ਸਥਿਤ ਥਾਣੇ 'ਚੋਂ ਗੋਲੀਆਂ ਚਲਾਈਆਂ ਤੇ ਅਜੀਤ ਸਿੰਘ ਨਾਂ ਦਾ ਇਕ ਵਿਅਕਤੀ ਫੱਟੜ ਹੋਇਆ। ਡੀ.ਸੀ. ਨੇ 12 ਤਰੀਕ ਨੂੰ ਹੀ ਚੌਕ 'ਤੇ ਕੈਮਰੇ ਲਗਾ ਦਿੱਤੇ ਸਨ, ਪਰ ਪੁਲਿਸ ਕਹਿੰਦੀ ਰਹੀ ਕਿ ਕੈਮਰੇ ਕੰਮ ਨਹੀਂ ਕਰਦੇ, ਜਦੋਂ ਕਿ ਡੀ.ਸੀ. ਦਾ ਕਹਿਣਾ ਹੈ ਕਿ ਫੁਟੇਜ ਐਸ.ਐਸ.ਪੀ. ਦਫਤਰ ਭੇਜੀ ਗਈ, ਜਿਹੜੀ ਫੋਰੈਂਸਿਕ ਜਾਂਚ ਲਈ ਭੇਜੇ ਜਾਣ ਕਾਰਨ ਉਪਲਬਧ ਨਹੀਂ ਹੈ। ਰਿਪੋਰਟ ਵਿਚ ਕਿਹਾ ਗਿਆ ਕਿ ਇਥੇ ਪੁਲਿਸ ਦੀ ਅਣਗਹਿਲੀ ਕਾਰਨ ਹਾਲਾਤ ਵਿਗੜੇ। ਇਕ ਪੁਲਿਸ ਅਫਸਰ ਨੇ ਕਮਿਸ਼ਨ ਕੋਲ ਬਿਆਨ ਵੀ ਦਿੱਤਾ ਕਿ ਜੇ ਸਿੱਖ ਸੰਗਤ ਦੀਆਂ ਭਾਵਨਾਵਾਂ ਸਮਝੀਆਂ ਜਾਂਦੀਆਂ ਤਾਂ ਸਾਰਾ ਕੁਝ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹ ਜਾਣਾ ਸੀ।

ਕਮਿਸ਼ਨ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਪੁਲਿਸ ਕਹਿੰਦੀ ਹੈ ਕਿ ਉਸ ਨੇ ਆਪਣੀ ਰਾਖੀ ਲਈ ਗੋਲੀ ਚਲਾਈ, ਪਰ ਗੁਰਪ੍ਰੀਤ ਸਿੰਘ ਤੇ ਕ੍ਰਿਸ਼ਨ ਭਗਵਾਨ ਸਿੰਘ ਦੀਆਂ ਪੋਸਟਮਾਰਟਮ ਰਿਪੋਰਟਾਂ ਤੋਂ ਸਾਫ ਹੁੰਦਾ ਹੈ ਕਿ ਪ੍ਰਦਰਸ਼ਨਕਾਰੀ ਬੈਠੇ ਸਨ ਤੇ ਪੁਲਿਸ ਕਹਿ ਰਹੀ ਹੈ ਕਿ ਪ੍ਰਦਰਸ਼ਨਕਾਰੀਆਂ ਕੋਲ 12 ਬੋਰ ਦੀਆਂ ਰਾਈਫਲਾਂ ਸੀ। ਜੇ ਅਜਿਹਾ ਹੁੰਦਾ ਤਾਂ ਉਹ ਬੈਠੇ ਨਾ ਹੁੰਦੇ।

**ਜਸਟਿਸ ਜੋਰਾ ਸਿੰਘ ਕਮਿਸ਼ਨ ਵੱਲੋਂ ਅਹਿਮ ਖੁਲਾਸੇ**



## ਕਿਸਾਨੀ ਕਰਜ਼ਿਆਂ ਦੇ ਮੁਲੰਕਣ ਲਈ ਕਮੇਟੀ ਬਣਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਿਸਾਨਾਂ ਦੇ ਕਰਜ਼ੇ ਬਾਰੇ ਉਚ ਪੱਧਰ ਕਮੇਟੀ ਬਣਾਈ ਹੈ। ਇਸ ਦੇ ਨਾਲ ਹੀ ਰਾਜ ਸਰਕਾਰ ਨੇ ਪੰਜਾਬ ਖੇਤੀਬਾੜੀ ਬੀਮਾ ਨਿਗਮ ਕਾਇਮ ਕਰਨ ਤੇ ਪੰਜਾਬ ਕਿਸਾਨ ਕਮਿਸ਼ਨ ਦੇ ਪੁਨਰਗਠਨ ਲਈ ਵੀ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਉਚ ਪੱਧਰੀ ਕਮੇਟੀ ਨੂੰ ਕਿਹਾ ਗਿਆ ਹੈ ਕਿ ਉਹ ਕਿਸਾਨਾਂ ਸਿਰ ਕਰਜ਼ੇ ਦਾ ਪੂਰਾ ਮੁਲੰਕਣ ਕਰੇ ਤੇ ਸਮਾਂਬੱਧ ਢੰਗ ਨਾਲ ਕਰਜ਼ਾ ਮੁਆਫੀ ਦੇ ਸਾਧਨਾਂ ਦੀ ਵਿਉਂਤ ਬਣਾ ਕੇ ਆਪਣੀ ਰਿਪੋਰਟ ਦੋ ਮਹੀਨੇ ਅੰਦਰ ਦੇਵੇ। ਖੇਤੀਬਾੜੀ ਵਿਭਾਗ ਨੂੰ ਕਿਹਾ ਗਿਆ ਹੈ ਕਿ ਉਹ ਬੀਮਾ ਨਿਗਮ ਬਣਾਉਣ ਲਈ ਮੁਕੰਮਲ ਤਜਵੀਜ਼ ਤਿਆਰ ਕਰ ਕੇ ਵਿਭਾਗ ਦੀ ਅਗਲੀ ਮੀਟਿੰਗ 'ਚ ਵਿਚਾਰ ਵਟਾਂਦਰੇ ਲਈ ਪੇਸ਼ ਕਰੇ।

## ਡੇਰਾ ਸਿਰਸਾ ਆਸ਼ੀਰਵਾਦ ਲੈਣ ਗਏ ਆਗੂ ਤਲਬ

*(ਸਫਾ ਇਕ ਦੀ ਬਾਕੀ)*

ਸਿੰਘ ਭੱਟੀ, ਦਰਸ਼ਨ ਸਿੰਘ ਬਰਾੜ, ਕੁਸ਼ਲਦੀਪ ਸਿੰਘ ਢਿੱਲੋਂ, ਸਾਧੂ ਸਿੰਘ ਧਰਮਸੋਤ, ਕਰਨ ਕੌਰ ਬਰਾੜ, ਖੁਸ਼ਬਾਜ਼ ਸਿੰਘ ਜਟਾਣਾ, ਰਾਜਿੰਦਰ ਸਿੰਘ ਸਮਾਣਾ, ਦਮਨ ਕੌਰ ਬਾਜਵਾ ਸ਼ਾਮਲ ਹਨ। ਆਮ ਆਦਮੀ ਪਾਰਟੀ ਦੇ ਆਗੂ ਨਰਿੰਦਰ ਸਿੰਘ ਸੰਘਾ ਫਿਰੋਜ਼ਪੁਰ ਸ਼ਾਮਲ ਹਨ। ਡੇਰੇ ਦੇ ਸ਼ਰਧਾਲੂਆਂ ਨਾਲ ਬਾਹਰ ਮੀਟਿੰਗਾਂ ਕਰਨ ਵਾਲੇ ਸਿੱਖ ਆਗੂਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਇੰਦਰ ਇਕਬਾਲ ਸਿੰਘ ਅਟਵਾਲ, ਰਣਜੀਤ ਸਿੰਘ ਤਲਵੰਡੀ, ਦੀਦਾਰ ਸਿੰਘ ਭੱਟੀ, ਦਰਬਾਰਾ ਸਿੰਘ ਗੁਰੂ, ਈਸ਼ਰ ਸਿੰਘ ਮਿਹਰਬਾਨ, ਜਗਦੀਪ ਸਿੰਘ ਨਕਈ, ਦਰਸ਼ਨ ਸਿੰਘ ਕੋਟਫੱਤਾ, ਗੁਲਜ਼ਾਰ ਸਿੰਘ ਦਿੜ੍ਹਬਾ, ਇਕਬਾਲ ਸਿੰਘ ਝੂੰਦਾ, ਗੋਬਿੰਦ ਸਿੰਘ ਲੌਂਗੋਵਾਲ, ਹਰੀ ਸਿੰਘ ਨਾਭਾ, ਅਜੀਤ ਸਿੰਘ ਸ਼ਾਂਤ, ਸੁਰਿੰਦਰ ਸਿੰਘ ਸਿਬੀਆ, ਪਰਮਬੰਸ ਸਿੰਘ ਬੰਟੀ ਅਤੇ ਮਨਪ੍ਰੀਤ ਸਿੰਘ ਇਆਲੀ ਸ਼ਾਮਲ ਹਨ।

ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖਤ ਦੇ ਬਰਾਬਰ ਹੀ ਇਸ ਮਾਮਲੇ ਨੂੰ ਵਿਚਾਰ ਰਹੇ ਮੁਤਵਾਜ਼ੀ ਜਥੇਦਾਰਾਂ ਵਲੋਂ ਲਗਭਗ 40 ਸਿੱਖ ਆਗੂਆਂ ਨੂੰ ਇਸੇ ਦੋਸ਼ ਹੇਠ ਅਕਾਲ ਤਖਤ ਦੇ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ। ਇਨ੍ਹਾਂ ਖਿਲਾਫ 20 ਅਪਰੈਲ ਨੂੰ ਅਗਲੀ ਕਾਰਵਾਈ ਦਾ ਐਲਾਨ ਕੀਤਾ ਗਿਆ ਹੈ।

## ਸਾਈਬਾਬਾ ਦੀ ਰਿਹਾਈ ਲਈ ਕੈਨੇਡਾ ਸਰਕਾਰ ਦਾ ਦਖ਼ਲ ਮੰਗਿਆ

**ਵੈਨਕੂਵਰ:** ਕੈਨੇਡਾ ਦੇ ਅਗਾਂਹਵਧੂ ਪਰਚੇ 'ਰੈਡੀਕਲ ਦੇਸੀ' ਦੇ ਨੁਮਾਇੰਦਿਆਂ ਦੇ ਵਫ਼ਦ ਨੇ ਸਮਾਜਿਕ ਕਾਰਕੁਨ ਪ੍ਰੋ. ਜੀ.ਐਨ. ਸਾਈਬਾਬਾ ਦੀ ਰਿਹਾਈ ਲਈ ਕੈਨੇਡਾ ਦੀ ਖੇਡ ਤੇ ਅਪਾਹਜਾਂ ਸਬੰਧੀ ਮੰਤਰੀ ਕਾਰਲਾ ਕੁਆਲਟਰੂ ਤੋਂ ਦਖ਼ਲ ਦੀ ਮੰਗ ਕਰਦਿਆਂ ਉਨ੍ਹਾਂ ਦੇ ਡੈਲਟਾ ਸਥਿਤ ਹਲਕਾ ਦਫ਼ਤਰ ਵਿਖੇ ਮੁਲਾਕਾਤ ਕਰ ਕੇ ਸਮੂਹਿਕ ਚਿੱਠੀ ਸੌਂਪੀ।

ਸੌ ਵਿਅਕਤੀਆਂ ਵਲੋਂ ਦਸਤਖ਼ਤਸ਼ੁਦਾ ਚਿੱਠੀ ਵਿਚ ਕੈਨੇਡਾ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਹ ਭਾਰਤ ਸਰਕਾਰ ਉਪਰ ਪ੍ਰੋ. ਸਾਈਬਾਬਾ ਨੂੰ ਰਿਹਾਅ ਕਰਨ ਲਈ ਦਬਾਅ ਪਾਵੇ ਜੋ 90 ਫ਼ੀਸਦੀ ਅਪਾਹਜ ਅਤੇ ਵੀਲ੍ਹ-ਚੇਅਰ ਉਪਰ ਨਿਰਭਰ ਹੈ। ਚਿੱਠੀ ਵਿਚ ਕਿਹਾ ਗਿਆ ਹੈ ਕਿ ਕੈਨੇਡਾ ਨੂੰ ਦੁਨੀਆ ਵਿਚ ਮਨੁੱਖੀ ਹੱਕਾਂ ਦਾ ਝੰਡਾਬਰਦਾਰ ਹੋਣ ਦੇ ਨਾਤੇ ਇਸ ਕਾਰਜ ਲਈ ਅੱਗੇ ਆਉਣਾ ਚਾਹੀਦਾ ਹੈ।

ਰੈਡੀਕਲ ਦੇਸੀ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਪ੍ਰੋ. ਸਾਈਬਾਬਾ ਨੂੰ ਭਾਰਤ ਦੇ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਸਖ਼ਤ ਕਾਨੂੰਨ ਤਹਿਤ ਆਦਿਵਾਸੀਆਂ, ਘੱਟਗਿਣਤੀਆਂ ਸਮੇਤ ਦੱਬੇ-ਕੁਚਲੇ ਲੋਕਾਂ ਦੇ ਹੱਕਾਂ ਲਈ ਜੱਦੋਜਹਿਦ ਬਦਲੇ ਪੰਜ ਹੋਰ ਸਮਾਜਿਕ ਕਾਰਕੁਨਾਂ ਸਮੇਤ ਉਮਰ ਕੈਦ ਦੀ ਸਜ਼ਾ ਦੇ ਦਿੱਤੀ ਗਈ ਹੈ।

## ਟਰੰਪ ਦੇ ਹੁਕਮਾਂ ਉਤੇ ਅਣਮਿਥੇ ਸਮੇਂ ਦੀ ਰੋਕ

**ਵਾਸ਼ਿੰਗਟਨ:** ਬਹੁਗਿਣਤੀ ਵਾਲੇ ਛੇ ਮੁਲਕਾਂ ਦੇ ਲੋਕਾਂ ਦੀ ਯਾਤਰਾ ਉਤੇ ਪਾਬੰਦੀ ਵਾਲੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਵੇਂ ਹੁਕਮਾਂ ਉਤੇ ਰੋਕ ਨੂੰ ਹਵਾਈ ਦੇ ਫੈਡਰਲ ਜੱਜ ਨੇ ਅਣਮਿੱਥੇ ਸਮੇਂ ਤੱਕ ਵਧਾ ਦਿੱਤਾ।

ਜ਼ਿਲ੍ਹਾ ਜੱਜ ਡੈਰੇਕ ਵਾਟਸਨ ਨੇ ਦੋ ਹਫਤੇ ਪਹਿਲਾਂ ਸੋਧੇ ਕਾਰਜਕਾਰੀ ਹੁਕਮ ਦੀ ਮੁੱਖ ਤਜਵੀਜ਼ ਨੂੰ ਰੋਕਦਿਆਂ ਦਲੀਲ ਦਿੱਤੀ ਕਿ ਇਹ ਮੁਸਲਮਾਨਾਂ ਬਾਰੇ ਨਾਪਸੰਦਗੀ ਰਾਹੀਂ ਸੰਵਿਧਾਨ ਦੇ ਸਥਾਪਤ ਸਿਧਾਂਤਾਂ ਦੀ ਉਲੰਘਣਾ ਹੈ। ਵਾਟਸਨ ਦੇ ਇਸ ਤੋਂ ਪਹਿਲਾਂ 15 ਮਾਰਚ ਨੂੰ ਜਾਰੀ ਹੁਕਮ ਇਸ ਕਾਰਜਕਾਰੀ ਹੁਕਮ ਨੂੰ ਸੀਮਤ ਸਮੇਂ ਤੱਕ ਆਰਜ਼ੀ ਤੌਰ ਉਤੇ ਰੋਕਣ ਵਾਲੇ ਸਨ। ਮੁੱਦਈਆਂ ਨੇ ਜੱਜ ਨੂੰ ਹੁਕਮਾਂ ਉਤੇ ਰੋਕ ਲੰਮੇ ਸਮੇਂ ਤੱਕ ਵਧਾਉਣ ਦੀ ਅਪੀਲ ਕੀਤੀ, ਜਿਸ ਉਤੇ ਜੱਜ ਨੇ ਸਹਿਮਤੀ ਦੇ ਦਿੱਤੀ।

## ਨਵਜੋਤ ਸਿੱਧੂ ਵੱਲੋਂ ਨਗਰ ਸੁਧਾਰ ਟਰੱਸਟਾਂ ਦੇ ਅਹੁਦੇਦਾਰ ਫਾਰਗ

**ਚੰਡੀਗੜ੍ਹ:** ਪੰਜਾਬ ਵਿਚ ਸਮੂਹ ਨਗਰ ਸੁਧਾਰਾਂ ਟਰੱਸਟਾਂ 'ਤੇ ਨਿਯੁਕਤ ਕੀਤੇ ਚੇਅਰਮੈਨ ਤੇ ਟਰੱਸਟੀ ਰਾਜਸੀ ਆਗੂਆਂ ਨੂੰ ਤੁਰਤ ਪ੍ਰਭਾਵ ਨਾਲ ਉਨ੍ਹਾਂ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਹੈ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਇਹ ਫੈਸਲਾ ਨਗਰ ਸੁਧਾਰ ਟਰੱਸਟਾਂ ਦੇ ਕੰਮਕਾਜ ਵਿਚ ਵਧੇਰੇ ਕਾਰਜਕੁਸ਼ਲਤਾ ਅਤੇ ਪਾਰਦਰਸ਼ਤਾ ਲਿਆਉਣ ਦੇ ਮਕਸਦ ਨਾਲ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਗਲੇ ਹੁਕਮਾਂ ਦੇ ਜਾਰੀ ਕਰਨ ਤੱਕ ਸਬੰਧਤ ਡਿਪਟੀ ਕਮਿਸ਼ਨਰ ਜਾਂ ਐਸ.ਡੀ.ਐਮ. ਸਬੰਧਤ ਟਰੱਸਟਾਂ ਦੇ ਪ੍ਰਸ਼ਾਸਕ ਹੋਣਗੇ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਸੂਬੇ ਵਿਚ ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਵਿਕਾਸ ਕੰਮਾਂ ਦੇ ਰੋਕੇ ਜਾਣ ਦਾ ਨੋਟਿਸ ਲੈਂਦਿਆਂ ਵਿਭਾਗ ਦੇ ਅਧਿਕਾਰੀਆਂ ਨਿਰਦੇਸ਼ ਦਿੱਤੇ ਹਨ ਕਿ ਇਸ ਸਬੰਧੀ ਤੁਰਤ ਸਪਸ਼ਟੀਕਰਨ ਦਿੱਤਾ ਜਾਵੇ।

## ਭਾਰਤ ਵੱਲੋਂ 29 ਕਾਮੇ ਬਚਾਉਣ ਦਾ ਦਾਅਵਾ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਦਾਅਵਾ ਕੀਤਾ ਹੈ ਕਿ ਭਾਰਤ ਸਰਕਾਰ ਨੇ 29 ਭਾਰਤੀ ਕਾਮੇ ਸਾਊਦੀ ਅਰਬ ਵਿਚ ਬਚਾ ਲਏ ਹਨ। ਤਿਲੰਗਾਨਾ ਦੇ ਮੰਤਰੀ ਕੇ.ਟੀ. ਰਾਮਾ ਰਾਓ ਨੇ ਸੁਸ਼ਮਾ ਸਵਰਾਜ ਤੱਕ ਪਹੁੰਚ ਕਰ ਕੇ ਸੂਬੇ ਦੇ ਇਨ੍ਹਾਂ ਕਾਮਿਆਂ ਦੇ ਮਾਮਲੇ ਵਿਚ ਦਖਲ ਦੇਣ ਲਈ ਕਿਹਾ ਸੀ।

## ਝੂਠੇ ਪੁਲਿਸ ਮੁਕਾਬਲੇ: ਨਿਆਂ ਲਈ ਮੁੜ ਚਾਰਾਜੋਈ

*(ਸਫਾ ਇਕ ਦੀ ਬਾਕੀ)*

ਪਰਿਵਾਰ ਪਟਿਆਲਾ, ਹੁਸ਼ਿਆਰਪੁਰ, ਫਿਰੋਜ਼ਪੁਰ ਤੇ ਹੋਰ ਜ਼ਿਲ੍ਹਿਆਂ ਵਿਚ ਵੀ ਹਨ। ਅਜਿਹੇ ਪੀੜਤ ਪਰਿਵਾਰਾਂ ਦੀ ਗਿਣਤੀ 2500 ਤੋਂ 3000 ਤੱਕ ਹੈ। ਯਾਦ ਰਹੇ ਕਿ ਮਨੀਪੁਰ ਦਾ ਇਸੇ ਤਰ੍ਹਾਂ ਦਾ ਮਾਮਲਾ ਪਹਿਲਾਂ ਸੁਪਰੀਮ ਕੋਰਟ ਵਿਚ ਵਿਚਾਰਿਆ ਜਾ ਚੁੱਕਾ ਹੈ ਅਤੇ ਅਦਾਲਤ ਵੱਲੋਂ ਜਾਂਚ ਦੇ ਹੁਕਮ ਦਿੱਤੇ ਗਏ ਹਨ।

ਦੱਸਣਯੋਗ ਹੈ ਕਿ ਅਤਿਵਾਦ ਦੇ ਦੌਰ ਦੌਰਾਨ ਪੁਲਿਸ ਨੇ ਝੂਠੇ ਮੁਕਾਬਲੇ ਬਣਾ ਕੇ ਸੈਂਕੜੇ ਸਿੱਖ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸ ਬਾਰੇ ਪੁਖ਼ਤਾ ਸਬੂਤ ਵੀ ਪੇਸ਼ ਕੀਤੇ ਗਏ, ਪਰ ਸਰਕਾਰ ਦੀ ਨੀਅਤ ਸਾਫ ਨਾ ਹੋਣ ਕਰਨ ਪੀੜਤ ਅੱਜ ਤੱਕ ਇਨਸਾਫ ਲਈ ਭਟਕ ਰਹੇ ਹਨ। ਦਸੰਬਰ 2015 ਵਿਚ ਪੰਜਾਬ ਪੁਲਿਸ ਦੇ ਬਰਖਾਸਤ ਇੰਸਪੈਕਟਰ ਅਤੇ 'ਪੁਲਿਸ ਕੈਟ' ਗੁਰਮੀਤ ਸਿੰਘ ਪਿੰਕੀ ਨੇ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਅਹਿਮ ਖੁਲਾਸੇ ਕੀਤੇ ਸਨ। ਉਸ ਨੇ ਚਰਚਿਤ ਤੇ ਵਿਵਾਦਤ ਡੀ.ਜੀ.ਪੀ. ਰੈਂਕ ਦੇ ਸੀਨੀਅਰ ਅਧਿਕਾਰੀ ਸਮੇਤ ਕਈ ਹੋਰਾਂ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਸੀ। ਪਿੰਕੀ ਦਾ ਦਾਅਵਾ ਸੀ ਕਿ ਉਹ ਪੰਜਾਹ ਪੁਲਿਸ ਮੁਕਾਬਲਿਆਂ ਦਾ ਚਸ਼ਮਦੀਦ ਗਵਾਹ ਹੈ। ਇਨ੍ਹਾਂ 50 ਵਾਰਦਾਤਾਂ ਵਿਚ ਤਤਕਾਲੀ ਪੁਲਿਸ ਅਧਿਕਾਰੀਆਂ ਨੇ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਨੂੰ ਕਿਸੇ ਰਿਕਾਰਡ 'ਚ ਲਿਆਉਣ ਦੀ ਥਾਂ ਮੌਤ ਦੇ ਘਾਟ ਉਤਾਰ ਦਿੱਤਾ। ਝੂਠੇ ਮੁਕਾਬਲਿਆਂ ਵਾਲੀ ਸੂਚੀ ਵਿਚ ਬੱਬਰ ਖਾਲਸਾ ਦੇ ਤਤਕਾਲੀ ਮੁਖੀ ਸੁਖਦੇਵ ਸਿੰਘ ਬੱਬਰ ਦਾ ਨਾਂ ਵੀ ਸ਼ਾਮਲ ਹੈ ਜਿਸ ਨੂੰ ਪੰਜਾਬ ਪੁਲਿਸ ਨੇ ਮੁਕਾਬਲੇ 'ਚ ਮਾਰਨ ਦਾ ਦਾਅਵਾ ਕੀਤਾ ਸੀ।

ਗੁਰਮੀਤ ਸਿੰਘ ਪਿੰਕੀ ਜੋ ਲੰਮਾ ਸਮਾਂ ਲੁਧਿਆਣਾ ਜ਼ਿਲ੍ਹੇ ਵਿਚ ਤਾਇਨਾਤ ਰਿਹਾ ਹੈ, ਨੇ ਜ਼ਿਲ੍ਹੇ ਵਿਚ ਸਿੱਖ ਨੌਜਵਾਨਾਂ ਨੂੰ ਸੀ.ਆਈ.ਏ. ਸਟਾਫ ਅੰਦਰ ਕਿਸ ਤਰ੍ਹਾਂ ਤਸੀਹੇ ਦੇ ਕੇ ਮਾਰਿਆ ਗਿਆ, ਬਾਰੇ ਵਿਸਥਾਰਪੂਰਵਕ ਦੱਸਿਆ ਸੀ। ਸੀਨੀਅਰ ਪੁਲਿਸ ਅਧਿਕਾਰੀਆਂ ਵੱਲੋਂ ਕਈ ਵਿਅਕਤੀਆਂ ਦੇ ਮੂੰਹ ਵਿਚ ਪਹਿਲਾਂ ਸਾਈਨਾਈਡ ਦੇ ਕੈਪਸੂਲ ਤੇ ਕੀਟਨਾਸ਼ਕ ਦਵਾਈਆਂ ਤੱਕ ਪਾਈਆਂ ਗਈਆਂ, ਜਦੋਂ ਫਿਰ ਵੀ ਮੌਤ ਨਾ ਆਈ ਤਾਂ ਗੋਲੀ ਮਾਰ ਦਿੱਤੀ ਗਈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਮੌਲਵੀ ਦੀ ਦਰਿੰਦਗੀ, 20 ਬੰਦੇ ਤਸੀਹੇ ਦੇ ਕੇ ਮਾਰੇ

**ਲਾਹੌਰ:** ਪਾਕਿਸਤਾਨੀ ਪੰਜਾਬ ਦੇ ਇਕ ਪਿੰਡ ਵਿਚ ਦਰਗਾਹ ਦੇ 'ਮਾਨਸਿਕ ਤੌਰ ਉਤੇ ਬਿਮਾਰ' ਮੌਲਵੀ ਤੇ ਉਸ ਦੇ ਸਾਥੀਆਂ ਨੇ ਘੱਟੋ ਘੱਟ 20 ਵਿਅਕਤੀਆਂ, ਜਿਨ੍ਹਾਂ ਵਿਚ ਇਕ ਪਰਿਵਾਰ ਦੇ ਛੇ ਜੀਅ ਵੀ ਸ਼ਾਮਲ ਹਨ, ਦੀ ਤਸੀਹੇ ਦੇ ਕੇ ਹੱਤਿਆ ਕੀਤੀ ਹੈ।



ਸਰਗੋਧਾ ਦੇ ਡਿਪਟੀ ਕਮਿਸ਼ਨਰ ਲਿਆਕਤ ਅਲੀ ਚੱਠਾ ਨੇ ਮੁਤਾਬਕ ਲਾਹੌਰ ਤੋਂ ਤਕਰੀਬਨ 200 ਕਿਲੋਮੀਟਰ ਦੂਰ ਜ਼ਿਲ੍ਹੇ ਦੇ ਇਕ ਪਿੰਡ ਵਿਚ ਸਥਿਤ ਮੁਹੰਮਦ ਅਲੀ ਗੁੱਜਰ ਦੀ ਦਰਗਾਹ ਉਤੇ ਇਹ ਘਟਨਾ ਵਾਪਰੀ। ਦਰਗਾਹ ਦੇ ਮੌਲਵੀ ਅਬਦੁਲ ਵਹੀਦ (50), ਜੋ 'ਮਾਨਸਿਕ ਤੌਰ 'ਤੇ ਗੰਭੀਰ ਬਿਮਾਰ' ਹੈ, ਨੇ ਡਾਂਗਾਂ ਅਤੇ ਛੁਰੇ ਨਾਲ ਇਨ੍ਹਾਂ ਲੋਕਾਂ ਦੀ ਹੱਤਿਆ ਕੀਤੀ ਹੈ। ਵਹੀਦ ਨੇ ਫੋਨ ਕਰ ਕੇ ਇਨ੍ਹਾਂ ਨੂੰ ਦਰਗਾਹ ਉਤੇ ਬੁਲਾਇਆ ਸੀ। ਪੀੜਤਾਂ ਵਿਚੋਂ ਦੋ ਔਰਤਾਂ ਅਤੇ ਕੁਝ ਪੁਰਸ਼ ਜ਼ਖ਼ਮੀ ਹਾਲਤ ਵਿਚ ਦਰਗਾਹ ਵਿਚੋਂ ਭੱਜਣ ਵਿੱਚ ਕਾਮਯਾਬ ਹੋ ਗਏ ਅਤੇ ਇਨ੍ਹਾਂ ਵਿਚੋਂ ਇਕ ਨੇ ਸਥਾਨਕ ਲੋਕਾਂ ਨੂੰ ਇਸ ਵਾਰਦਾਤ ਬਾਰੇ ਦੱਸਿਆ। ਲੋਕਾਂ ਨੇ ਪੁਲਿਸ ਨੂੰ ਸੂਚਿਤ ਕੀਤਾ। ਜ਼ਖ਼ਮੀਆਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ ਅਤੇ ਉਨ੍ਹਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁਢਲੀ ਜਾਣਕਾਰੀ ਮੁਤਾਬਕ ਦਰਗਾਹ ਦੀ ਦੇਖ-ਭਾਲ ਕਰਨ ਵਾਲਿਆਂ ਨੇ ਪਹਿਲਾਂ ਤਿੰਨ ਔਰਤਾਂ ਸਮੇਤ 20 ਵਿਅਕਤੀਆਂ ਨੂੰ ਨਸ਼ੀਲਾ ਪਦਾਰਥ ਦਿੱਤਾ ਅਤੇ ਉਨ੍ਹਾਂ ਨੂੰ ਨਿਰਵਸਤਰ ਕਰ ਕੇ ਉਨ੍ਹਾਂ 'ਤੇ ਛੁਰੇ ਅਤੇ ਡਾਂਗਾਂ ਨਾਲ ਹੱਲਾ ਬੋਲ ਕੇ ਹਲਾਕ ਕਰ ਦਿੱਤਾ। ਜੀ.ਓ. ਟੀ.ਵੀ. ਨੇ ਸਰਗੋਧਾ ਹਸਪਤਾਲ ਦੇ ਇਕ ਡਾਕਟਰ ਦੇ ਹਵਾਲੇ ਨਾਲ ਦੱਸਿਆ ਕਿ ਪੀੜਤ ਨਿਰਵਸਤਰ ਸਨ ਅਤੇ ਉਨ੍ਹਾਂ ਦੀਆਂ ਲਾਸ਼ਾਂ ਉਤੇ ਤੇਜ਼ਧਾਰ ਤੇ ਖੁੰਢੇ ਹਥਿਆਰਾਂ ਨਾਲ ਕਈ ਵਾਰ ਕੀਤੇ ਗਏ ਹਨ। ਪੁਲਿਸ ਅਧਿਕਾਰੀ ਮਜ਼ਹਾਰ ਸ਼ਾਹ ਨੇ ਦੱਸਿਆ ਕਿ ਇਸ ਅਪਰਾਧ ਪਿਛਲੇ ਕਾਰਨ ਬਾਰੇ ਹਾਲੇ ਪਤਾ ਨਹੀਂ ਲੱਗਾ ਹੈ, ਪਰ ਸਥਾਨਕ ਲੋਕਾਂ ਮੁਤਾਬਕ ਪਿਛਲੇ ਦੋ ਸਾਲਾਂ ਤੋਂ ਸ਼ੱਕੀ ਆਪਣੇ ਚੇਲਿਆਂ ਨਾਲ ਇਸ ਇਲਾਕੇ ਵਿਚ ਆਉਂਦਾ ਰਹਿੰਦਾ ਸੀ। ਇਹ ਦਰਗਾਹ ਤਕਰੀਬਨ ਦੋ ਸਾਲ ਪਹਿਲਾਂ ਧਾਰਮਿਕ ਆਗੂ ਅਲੀ ਮੁਹੰਮਦ ਗੁੱਜਰ ਦੀ ਕਬਰ ਉਤੇ ਉਸਾਰੀ ਗਈ ਸੀ। ਲੋਕ ਇਸ ਦਰਗਾਹ ਉਤੇ ਆਪਣੇ 'ਪਾਪ' ਬਖ਼ਸ਼ਾਉਣ ਆਉਂਦੇ ਸਨ ਅਤੇ ਦਰਗਾਹ ਦੇ ਪ੍ਰਬੰਧਕਾਂ ਵੱਲੋਂ ਲੋਕਾਂ ਨੂੰ ਕੁੱਟ ਕੇ ਪਾਕ ਕੀਤਾ ਜਾਂਦਾ ਸੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਸ਼ੱਕੀ ਲਾਹੌਰ ਦਾ ਵਸਨੀਕ ਹੈ ਅਤੇ ਉਹ ਪਾਕਿਸਤਾਨ ਦੇ ਚੋਣ ਕਮਿਸ਼ਨ ਦਾ ਮੁਲਾਜ਼ਮ ਹੈ। ਵਹੀਦ ਕਹਿੰਦਾ ਹੈ ਕਿ ਉਸ ਨੇ ਆਪਣੇ ਸ਼ਰਧਾਲੂਆਂ ਨੂੰ ਇਸ ਲਈ ਕਤਲ ਕੀਤਾ ਹੈ ਕਿਉਂਕਿ ਉਨ੍ਹਾਂ ਨੇ ਦੋ ਸਾਲ ਪਹਿਲਾਂ ਉਸ ਦੇ ਅਧਿਆਤਮਕ ਆਗੂ ਅਲੀ ਮੁਹੰਮਦ ਨੂੰ ਜ਼ਹਿਰ ਦੇ ਮਾਰਿਆ ਸੀ।

# ਸਰਵਣ ਸਿੰਘ ਫਿਲੌਰ ਸਣੇ 14 ਦੀਆਂ ਜਾਇਦਾਦਾਂ ਹੋਣਗੀਆਂ ਕੁਰਕ

**ਜਲੰਧਰ:** ਭੋਲਾ ਡਰੱਗ ਤਸਕਰੀ ਮਾਮਲੇ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪਹਿਲੀ ਵਾਰ ਰਾਜਸੀ ਆਗੂਆਂ ਦੀਆਂ ਜਾਇਦਾਦਾਂ ਕੁਰਕ ਕਰਨ ਦੇ ਹੁਕਮ ਦਿੱਤੇ ਹਨ। ਈ.ਡੀ. ਨੇ ਅਕਾਲੀ ਮੰਤਰੀ ਸਰਵਣ ਸਿੰਘ ਫਿਲੌਰ, ਉਸ ਦੇ ਪੁੱਤਰ ਦਮਨਬੀਰ ਸਿੰਘ ਅਤੇ ਸਾਬਕਾ ਅਕਾਲੀ ਵਿਧਾਇਕ ਅਵਿਨਾਸ਼ ਚੰਦਰ ਸਮੇਤ 13 ਜਣਿਆਂ ਦੀਆਂ 61 ਕਰੋੜ 62 ਲੱਖ ਦੀਆਂ ਜਾਇਦਾਦਾਂ ਕੁਰਕ ਕਰਨ ਦਾ ਆਦੇਸ਼ ਦਿੱਤਾ ਹੈ। ਕੁਰਕ ਹੋਣ ਵਾਲੀਆਂ ਜਾਇਦਾਦਾਂ ਵਿਚ ਦੋਵੇਂ ਸਾਬਕਾ ਅਕਾਲੀ ਆਗੂਆਂ ਦੇ ਮਕਾਨ ਵੀ ਸ਼ਾਮਲ ਹਨ।

ਇਸ ਮਾਮਲੇ ਵਿਚ ਈ.ਡੀ. ਨੇ ਤਿੰਨ ਪਰਵਾਸੀ ਭਾਰਤੀਆਂ ਅਤੇ ਚਾਰ ਵੱਡੇ ਕਾਰੋਬਾਰੀ ਖ਼ਿਲਾਫ਼ ਵੀ ਕਾਰਵਾਈ ਕੀਤੀ ਹੈ। ਇਸ ਮਾਮਲੇ ਦੀ ਜਾਂਚ ਈ.ਡੀ. ਦੇ ਡਿਪਟੀ ਡਾਇਰੈਕਟਰ ਨਿਰੰਜਣ ਸਿੰਘ ਕਰ ਰਹੇ ਹਨ।

ਈ.ਡੀ. ਦੇ ਦਫ਼ਤਰ ਵੱਲੋਂ 31 ਮਾਰਚ ਨੂੰ ਜਾਰੀ ਕੀਤੇ ਗਏ ਇਨ੍ਹਾਂ ਹੁਕਮਾਂ ਵਿਚ ਕਿਹਾ ਗਿਆ ਹੈ ਕਿ 13 ਜਣਿਆਂ ਦੀਆਂ ਚੱਲ ਤੇ ਅਚੱਲ ਜਾਇਦਾਦਾਂ ਸਮੇਤ ਖੇਤੀਬਾੜੀ ਵਾਲੀ ਜ਼ਮੀਨ, ਰਿਹਾਇਸ਼ੀ ਮਕਾਨ, 7 ਲਗਜ਼ਰੀ ਕਾਰਾਂ (ਰੇਂਜ ਰੋਵਰ, ਲੈਂਡ ਰੋਵਰ, ਮਰਸਡੀਜ਼, ਬੀ.ਐਮ.ਡਬਲਿਊ, ਹੌਂਡਾ ਐਕੌਰਡ, ਹਿਉਂਦੇਈ ਆਦਿ) ਜ਼ਬਤ ਕੀਤੀਆਂ ਜਾਣ। ਈ.ਡੀ. ਵੱਲੋਂ ਭੋਲਾ ਡਰੱਗ ਮਾਮਲੇ ਵਿਚ ਹੁਣ ਤਕ 182 ਕਰੋੜ ਦੀ ਜਾਇਦਾਦ ਕੁਰਕ ਕਰਨ ਦੇ ਹੁਕਮ ਦਿੱਤੇ ਜਾ ਚੁੱਕੇ ਹਨ।

ਸਾਬਕਾ ਅਕਾਲੀ ਮੰਤਰੀ ਸ. ਫਿਲੌਰ ਤੇ ਦਮਨਬੀਰ ਸਿੰਘ ਦੀ ਕੁਰਕ ਕੀਤੀ ਜਾਣ ਵਾਲੀ ਜਾਇਦਾਦ ਦੀ ਕੀਮਤ ਤਕਰੀਬਨ 4 ਕਰੋੜ 86 ਲੱਖ ਦੱਸੀ ਜਾ ਰਹੀ ਹੈ। ਸਾਬਕਾ ਵਿਧਾਇਕ ਅਵਿਨਾਸ਼ ਚੰਦਰ ਦੀ ਜਾਇਦਾਦ ਦੀ ਕੀਮਤ 55 ਲੱਖ 45 ਹਜ਼ਾਰ ਰੁਪਏ ਹੈ। ਜਿਹੜੇ ਹੋਰ ਵਿਅਕਤੀਆਂ ਦੀ ਜਾਇਦਾਦ ਕੁਰਕ ਕਰਨ ਦੇ ਹੁਕਮ ਕੀਤੇ ਗਏ ਹਨ, ਉਨ੍ਹਾਂ ਵਿਚ ਕੈਨੇਡਾ ਵਾਸੀ ਸੁਖਰਾਜ ਸਿੰਘ, ਜਸਵਿੰਦਰ ਸਿੰਘ ਤੇ ਅਵਤਾਰ ਸਿੰਘ ਸ਼ਾਮਲ ਹਨ। ਈ.ਡੀ. ਵੱਲੋਂ ਇਸ ਕੇਸ ਵਿਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਨੂੰ ਵੀ ਤਲਬ ਕੀਤਾ ਗਿਆ ਸੀ।

## ਜ਼ਮੀਨੀ ਝਗੜੇ 'ਚ ਦੋ ਮੌਤਾਂ

**ਭਿੱਖੀਵਿੰਡ:** ਪਿੰਡ ਬਹਿੜਵਾਲ ਵਿਚ ਜ਼ਮੀਨੀ ਝਗੜੇ ਨੂੰ ਲੈ ਕੇ ਦੋ ਧੜਿਆਂ ਵਿਚ ਹੋਈ ਲੜਾਈ ਵਿਚ ਦੋ ਜਣਿਆਂ ਦੀ ਮੌਤ ਹੋ ਗਈ ਅਤੇ ਦੋ ਔਰਤਾਂ ਗੰਭੀਰ ਜ਼ਖਮੀ ਹੋ ਗਈਆਂ। ਮ੍ਰਿਤਕਾਂ ਦੀ ਪਛਾਣ ਕੁਲਵੰਤ ਸਿੰਘ ਅਤੇ ਗੁਰਵਿੰਦਰ ਸਿੰਘ ਵਜੋਂ ਹੋਈ ਹੈ।

ਕੁਲਵੰਤ ਸਿੰਘ ਦੀ ਪਤਨੀ ਪਰਮਜੀਤ ਕੌਰ ਨੇ ਦੱਸਿਆ ਕਿ ਨਿਰਭੈ ਸਿੰਘ ਅਤੇ ਉਸ ਦੇ ਸਾਥੀਆਂ ਨੇ ਅਚਾਨਕ ਉਨ੍ਹਾਂ ਦੇ ਘਰ ਉਤੇ ਉਸ ਸਮੇਂ ਹਮਲਾ ਕੀਤਾ ਜਦੋਂ ਉਹ ਸੁੱਤੇ ਪਏ ਸਨ। ਇਸ ਤੋਂ ਬਾਅਦ ਨਿਰਭੈ ਸਿੰਘ ਅਤੇ ਸਾਥੀਆਂ ਨੇ ਗੋਲੀਆਂ ਚਲਾਈਆਂ ਜਿਸ ਵਿਚ ਉਸ ਦੇ ਪਤੀ ਕੁਲਵੰਤ ਸਿੰਘ ਅਤੇ ਉਸ ਦੇ ਭਤੀਜੇ ਗੁਰਵਿੰਦਰ ਸਿੰਘ ਦੀ ਮੌਤ ਹੋ ਗਈ। ਹਮਲੇ ਵਿਚ ਪਰਮਜੀਤ ਕੌਰ ਅਤੇ ਉਸ ਦਾ ਭਰਾ ਬੁੱਧ ਸਿੰਘ ਜ਼ਖਮੀ ਹੋਏ ਹਨ।

## Matrimonial

### ਵਰ ਦੀ ਲੋੜ

Wanted US Citizen/Green card holder match for Ravidasia Sikh, 38, 5'-5", slim, beautiful girl, never married, on visitor visa in US. M.A. (history), beautician & tailoring course. Call: 260-213-3337 or email: jsjusa@yahoo.com 11-14

US citizen or Green Card holder well settled educated match wanted for Amritdhari Saini Sikh girl, 28 yrs, 5'-3", B.Com, MBA, from an educated family. The girl is in India. Caste no bar. Contact, Ph: 216-513-5887 (USA) or +91-98786-21898 (India) 11-18

### ਕੰਨਿਆ ਦੀ ਲੋੜ

Ramgariah family looking for a suitable Ramgariah match for their Sr. Financial Analyst 33 years, U.S. born son. Please contact: jsnov1973@aol.com 14/-4

Wanted suitable US citizen girl for Jatt Sikh Boy, 30, 5'-11", Canadian Citizen & USA Green Card Holder, well Settled in the USA. Contact: Ph.317-603-1000 or 317-979-4740, Email- jagbirsandhu86@yahoo.com 13+

*Visit us on the web:*
***punjabtimesusa.com***

# ਪਿੰਡ ਪੱਧਰ 'ਤੇ ਨਿਜ਼ਾਮ ਸੁਧਾਰਨ ਲਈ ਕੈਪਟਨ ਦਾ ਨਿਵੇਕਲਾ ਢੰਗ

**ਚੰਡੀਗੜ੍ਹ:** ਕੈਪਟਨ ਸਰਕਾਰ ਪਿੰਡ ਪੱਧਰ ਦੇ ਨਿਜ਼ਾਮ ਨੂੰ ਸੁਧਾਰਨ ਲਈ ਨਿਵੇਕਲਾ ਤਰੀਕਾ ਅਪਣਾਉਣ ਲੱਗੀ ਹੈ। ਇਸ ਨਵੇਂ ਤਰੀਕਾਕਾਰ ਦਾ ਨਾਂ 'ਪ੍ਰਬੰਧ ਦੇ ਰਾਖੇ' (ਗਾਰਡੀਅਨ ਆਫ ਗਵਰਨੈਂਸ) ਹੋਵੇਗਾ। ਇਨ੍ਹਾਂ ਦਾ ਹਾਲਾਂਕਿ ਪ੍ਰਬੰਧ ਵਿਚ ਦਖਲ ਨਹੀਂ ਹੋਵੇਗਾ, ਪਰ ਇਨ੍ਹਾਂ ਰਾਹੀਂ ਸਰਕਾਰ ਕੋਲ ਪਿੰਡ ਦੀ ਹਰ ਤਰ੍ਹਾਂ ਦੀ ਸਹੀ ਜਾਣਕਾਰੀ ਹੋਵੇਗੀ, ਜਿਸ ਦੇ ਅਧਾਰ 'ਤੇ ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਕਦਮ ਚੁੱਕੇ ਜਾਣਗੇ। ਕੰਮ ਚੋਰਾਂ ਤੇ ਫਰਲੋ ਮਾਰਨ ਵਾਲਿਆਂ ਅਤੇ ਵਿਕਾਸ ਕੰਮਾਂ ਵਿਚ ਹੇਰਾਫੇਰੀ ਕਰਨ ਵਾਲਿਆਂ ਨੂੰ ਇਸ ਪ੍ਰਬੰਧ ਤੋਂ ਸੁਚੇਤ ਹੋਣ ਦੀ ਲੋੜ ਹੈ।

ਪੰਜਾਬ ਵਿਚ ਸਾਢੇ ਬਾਰਾਂ ਹਜ਼ਾਰ ਤੋਂ ਵੱਧ ਪਿੰਡ ਹਨ ਤੇ ਹਰੇਕ ਪਿੰਡ ਵਿਚ ਪ੍ਰਬੰਧ ਦਾ ਇਕ-ਇਕ ਰਾਖਾ ਹੋਵੇਗਾ। ਸੂਬੇ ਵਿਚ ਦੋ ਲੱਖ ਤੋਂ ਵੱਧ ਸਾਬਕਾ ਫੌਜੀ ਹਨ ਤੇ ਜਾਣਕਾਰੀ ਅਨੁਸਾਰ ਇਨ੍ਹਾਂ ਵਿਚੋਂ ਹੀ ਇਕ-ਇਕ ਸਾਬਕਾ ਫੌਜੀ ਨੂੰ ਪਿੰਡ ਦੀ ਜਾਣਕਾਰੀ ਦੇਣ ਦੀ ਜ਼ਿੰਮੇਵਾਰੀ ਸੌਂਪੀ ਜਾਵੇਗੀ। ਸਾਬਕਾ ਫੌਜੀ ਕਿਸੇ ਦੇ ਕੰਮਕਾਜ ਵਿਚ ਦਖਲ ਨਹੀਂ ਦੇਵੇਗਾ, ਪਰ ਉਹ ਪਿੰਡ ਦੇ ਸਮੁੱਚੇ ਘਟਨਾਕ੍ਰਮ 'ਤੇ ਨਜ਼ਰ ਰੱਖੇਗਾ ਤੇ ਇਸ ਦੀ ਰਿਪੋਰਟ ਰਾਜ ਸਰਕਾਰ ਨੂੰ ਭੇਜੇਗਾ। ਸਬੰਧਤ ਵਿਭਾਗ ਵੱਲੋਂ ਉਸ ਦੀ ਰਿਪੋਰਟ 'ਤੇ 48 ਘੰਟਿਆਂ ਵਿਚ ਕਾਰਵਾਈ ਕੀਤੀ ਜਾਵੇਗੀ। ਉਹ ਪਿੰਡ ਦੇ ਸਕੂਲ ਵਿਚ ਅਧਿਆਪਕਾਂ ਦੀ ਗੈਰਹਾਜ਼ਰੀ, ਪੜ੍ਹਾਈ, ਵਿਕਾਸ ਕੰਮ, ਨਸ਼ਿਆਂ ਤੋਂ ਲੈ ਕੇ ਹਰ ਮਾਮਲੇ ਬਾਰੇ ਆਪਣੀ ਜਾਣਕਾਰੀ ਸਰਕਾਰ ਕੋਲ ਪੁੱਜਦੀ ਕਰੇਗਾ। ਇਸ ਮੰਤਵ ਲਈ ਰਾਜ ਸਰਕਾਰ ਵੱਲੋਂ ਇਕ ਵੈੱਬ ਪੋਰਟਲ ਬਣਾਇਆ ਜਾਵੇਗਾ। 'ਪ੍ਰਬੰਧ ਦੇ ਰਾਖੇ' ਦਾ ਸੰਗਠਨ ਜ਼ਿਲ੍ਹਾ, ਤਹਿਸੀਲ ਜਾਂ ਫਿਰ ਸੂਬਾਈ ਪੱਧਰ 'ਤੇ ਕਿਸ ਤਰ੍ਹਾਂ ਦਾ ਹੋਵੇਗਾ, ਇਸ ਲਈ ਵਿਚਾਰ ਵਟਾਂਦਰਾ ਜਾਰੀ ਹੈ।

**Desi Bazar**

916 E. Main Street #118, Greenwood, IN, 46143
**Tel: 317-888-2040, Fax: 317-887-6116**

We specialize in all kind of Indian Groceries and Sweets

- FRESH VEGETABLES EVERY THURSDAY
- FRESH GOAT MEAT

*10% off on all Gurudwara supplies and Religious programs!!*

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at
847-673-3825

*EARLY BIRD SALE!!!!*

Domestic fares available

**ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
11-

**INDIAN BAZAAR**

334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

*ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।*

*ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ*




**Ph: 317-534-5151, 916-524-0045**

# ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ 11 ਅਰਬ ਤੋਂ ਵੱਧ ਦਾ ਬਜਟ ਪਾਸ

**ਅੰਮ੍ਰਿਤਸਰ:** ਸਿੱਖ ਪੰਥ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿੱਤੀ ਵਰ੍ਹੇ 2017-18 ਲਈ 11 ਅਰਬ 6 ਕਰੋੜ 59 ਲੱਖ 98 ਹਜ਼ਾਰ 434 ਰੁਪਏ ਦਾ ਬਜਟ ਪੇਸ਼ ਕੀਤਾ ਗਿਆ, ਜਿਸ ਨੂੰ ਹਾਊਸ ਵੱਲੋਂ ਜੈਕਾਰਿਆਂ ਦੀ ਗੂੰਜ 'ਚ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦੇ ਬੀਤੇ ਵਰ੍ਹੇ 2016-17 ਲਈ 10 ਅਰਬ 64 ਕਰੋੜ ਦੇ ਕਰੀਬ ਬਜਟ ਨਾਲੋਂ ਇਸ ਵਾਰ ਬਜਟ 'ਚ 8.65 ਫੀਸਦੀ ਵਾਧਾ ਦਰ ਨਾਲ 88 ਕਰੋੜ, 10 ਲੱਖ, 6 ਹਜ਼ਾਰ ਰੁਪਏ ਵੱਧ ਰਕਮ ਸ਼ਾਮਲ ਕੀਤੀ ਗਈ ਹੈ।

ਪਿਛਲੇ ਸਮਿਆਂ 'ਚ ਸਹਿਜਧਾਰੀ ਸਿੱਖਾਂ ਦੀਆਂ ਵੋਟਾਂ ਦੇ ਮਾਮਲੇ ਸਬੰਧੀ ਕੇਸ ਸੁਪਰੀਮ ਕੋਰਟ ਚੱਲਦਾ ਰਿਹਾ ਹੋਣ ਕਾਰਨ ਅਦਾਲਤ ਦੇ ਆਦੇਸ਼ਾਂ ਉਤੇ ਬੀਤੇ 5 ਸਾਲ ਸ਼੍ਰੋਮਣੀ ਕਮੇਟੀ ਦੀ 2010 ਵਾਲੀ ਅੰਤ੍ਰਿੰਗ ਕਮੇਟੀ ਵੱਲੋਂ ਹੀ ਸ਼੍ਰੋਮਣੀ ਕਮੇਟੀ ਦਾ ਬਜਟ ਪੇਸ਼ ਕੀਤਾ ਜਾਂਦਾ ਰਿਹਾ ਹੈ, ਪਰ ਅਦਾਲਤੀ ਫੈਸਲੇ ਉਪਰੰਤ 5 ਨਵੰਬਰ 2016 ਨੂੰ 2011 ਵਾਲੇ ਹਾਊਸ ਦੇ ਗਠਨ ਉਪਰੰਤ ਇਸ ਹਾਊਸ ਵੱਲੋਂ ਕਮੇਟੀ ਦਾ ਪਲੇਠਾ ਬਜਟ ਪੇਸ਼ ਕੀਤਾ ਗਿਆ ਹੈ।



ਸ਼੍ਰੋਮਣੀ ਕਮੇਟੀ ਦਫਤਰ ਸਮੂਹ ਵਿਖੇ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੇ ਸਿੰਘ ਸਾਹਿਬਾਨ, ਪ੍ਰਧਾਨ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਕਮੇਟੀ ਦੇ 127 ਦੇ ਕਰੀਬ ਮੈਂਬਰਾਂ ਦੀ ਹਾਜ਼ਰੀ 'ਚ ਬਜਟ ਕਮੇਟੀ ਦੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ ਵੱਲੋਂ ਪੇਸ਼ ਕੀਤਾ ਗਿਆ। ਸ. ਚਾਵਲਾ ਵੱਲੋਂ ਬਜਟ ਭਾਸ਼ਣ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਗਏ ਵਿਸ਼ੇਸ਼ ਕਾਰਜਾਂ ਦੀ ਸੰਖੇਪ ਜਾਣਕਾਰੀ ਦੇਣ ਦੇ ਨਾਲ-ਨਾਲ ਭਵਿੱਖ ਦੀਆਂ ਯੋਜਨਾਵਾਂ ਦਾ ਵੀ ਖੁਲਾਸਾ ਕੀਤਾ ਗਿਆ।

30 ਸਫਿਆਂ ਦੇ ਬਜਟ ਭਾਸ਼ਣ ਦੇ ਅਜੇ ਅੱਧੇ ਕੁ ਸਫੇ ਹੀ ਸ. ਚਾਵਲਾ ਵੱਲੋਂ ਪੜ੍ਹੇ ਗਏ ਸਨ ਕਿ ਕੁਝ ਮੈਂਬਰਾਂ ਦੀ ਸਲਾਹ 'ਤੇ ਬਾਕੀ ਬਜਟ ਤਜਵੀਜ਼ਾਂ ਨੂੰ ਬਿਨ੍ਹਾਂ ਪੜ੍ਹੇ ਹੀ ਹਾਜ਼ਰ ਮੈਂਬਰਾਂ ਵੱਲੋਂ ਹੱਥ ਖੜ੍ਹੇ ਕਰ ਕੇ ਤੇ ਜੈਕਾਰੇ ਬੁਲਾ ਕੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਕਮੇਟੀ ਦੇ ਜਨਰਲ ਬੋਰਡ ਫੰਡ ਲਈ 64 ਕਰੋੜ 50 ਲੱਖ ਰੁਪਏ, ਕਮੇਟੀ ਦੇ ਟਰੱਸਟ ਫੰਡ ਲਈ 51 ਕਰੋੜ ਰੁਪਏ, ਵਿੱਦਿਆ ਫੰਡ ਲਈ 33 ਕਰੋੜ ਰੁਪਏ, ਧਰਮ ਪ੍ਰਚਾਰ ਕਾਰਜਾਂ ਲਈ 73 ਕਰੋੜ ਰੁਪਏ, ਗੁਰਦੁਆਰਾ ਸਾਹਿਬਾਨ ਸੈਕਸ਼ਨ-85 ਤੇ ਅਟੈਚ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਲਈ 6 ਅਰਬ 49 ਕਰੋੜ 48 ਲੱਖ 15 ਹਜ਼ਾਰ ਰੁਪਏ, ਵਿੱਦਿਅਕ ਅਦਾਰਿਆਂ (ਸਕੂਲਾਂ/ਕਾਲਜਾਂ) ਲਈ 2 ਅਰਬ 27 ਕਰੋੜ 37 ਲੱਖ 83 ਹਜ਼ਾਰ 850 ਰੁਪਏ ਤੇ ਪ੍ਰਿੰਟਿੰਗ ਪ੍ਰੈਸਾਂ ਲਈ 8 ਕਰੋੜ 5 ਲੱਖ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਸਿੱਖ ਐਕਟ ਦੀ ਧਾਰਾ 85 ਅਨੁਸਾਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ 78 ਗੁਰਦੁਆਰਿਆਂ ਲਈ ਬਜਟ 'ਚ 41 ਕਰੋੜ 53 ਲੱਖ 20 ਹਜ਼ਾਰ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ।

### ਕੈਂਸਰ ਤੇ ਕੁਦਰਤੀ ਆਫਤਾਂ ਲਈ ਵਿਸ਼ੇਸ਼ ਰਕਮ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਇਸ ਵਾਰ ਦੇ ਬਜਟ 'ਚ ਜਿਥੇ ਸਮਾਜ ਭਲਾਈ ਦੇ ਕਾਰਜਾਂ ਲਈ ਵਿਸ਼ੇਸ਼ ਰਾਸ਼ੀ ਰੱਖੀ ਗਈ ਹੈ, ਉਥੇ ਹੀ ਧਰਮ ਪ੍ਰਚਾਰ, ਵਿਦਿਆ, ਖੇਡਾਂ, ਦੇਸ਼-ਵਿਦੇਸ਼ 'ਚ ਕੁਦਰਤੀ ਆਫਤਾਂ ਲਈ ਰਾਹਤ ਰਾਸ਼ੀ ਤੇ ਕੈਂਸਰ ਤੋਂ ਪੀੜਤ ਰੋਗੀਆਂ ਦੀ ਸਹਾਇਤਾ ਦੇ ਨਾਲ-ਨਾਲ ਸੰਗਤਾਂ ਦੀ ਸੁਵਿਧਾ ਲਈ ਵੱਖ-ਵੱਖ ਯੋਜਨਾਵਾਂ ਵੀ ਉਲੀਕੀਆਂ ਗਈਆਂ ਹਨ।

### ਬੰਗਲਾਦੇਸ਼ ਦੇ ਗੁਰਧਾਮਾਂ ਦੀ ਯਾਤਰਾ ਲਈ ਜਥੇ ਭੇਜੇ ਜਾਣਗੇ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਪਾਸ ਮਤਿਆਂ 'ਚ ਬੰਗਲਾਦੇਸ਼ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਲਈ ਗ੍ਰੰਥੀ, ਰਾਗੀ ਤੇ ਹੋਰ ਸਟਾਫ ਭਰਤੀ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਤੇ ਪਾਕਿਸਤਾਨ ਦੀ ਤਰਜ਼ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਤੇ ਖਾਲਸਾ ਸਾਜਨਾ ਦਿਵਸ ਵਿਸਾਖੀ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਬੰਗਲਾਦੇਸ਼ ਵਿਖੇ ਜਥੇ ਭੇਜੇ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ।

# ਹਰਿਮੰਦਰ ਸਾਹਿਬ ਸਮੂਹ ਨੇੜੇ ਉਸਰੇਗੀ ਇਕ ਹਜ਼ਾਰ ਕਮਰਿਆਂ ਦੀ ਸਰਾਂ

**ਅੰਮ੍ਰਿਤਸਰ:** ਦੇਸ਼ ਵਿਦੇਸ਼ ਤੋਂ ਹਰਿਮੰਦਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਦੀ ਲਗਾਤਾਰ ਵਧ ਰਹੀ ਗਿਣਤੀ ਦੇ ਮੱਦੇਨਜ਼ਰ ਠਹਿਰਨ ਦੀ ਸਮੱਸਿਆ ਨੂੰ ਹੱਲ ਕਰਨ ਲਈ ਹਰਿਮੰਦਰ ਸਾਹਿਬ ਸਮੂਹ ਨੇੜੇ ਸ਼੍ਰੋਮਣੀ ਕਮੇਟੀ ਦੀ ਜਾਇਦਾਦ ਅਕਾਲੀ ਮਾਰਕੀਟ ਵਿਚ ਇਕ ਹਜ਼ਾਰ ਕਮਰਿਆਂ ਦੀ ਅਤਿ-ਆਧੁਨਿਕ ਸਰਾਂ ਉਸਾਰਨ ਦੀ ਯੋਜਨਾ ਹੈ। ਇਸ ਦੇ ਪਹਿਲੇ ਪੜਾਅ ਲਈ ਇਸ ਵਰ੍ਹੇ ਦੇ ਬਜਟ ਵਿਚ ਦਸ ਕਰੋੜ ਰੁਪਏ ਰੱਖੇ ਗਏ ਹਨ।

ਜਾਣਕਾਰੀ ਅਨੁਸਾਰ ਤਕਰੀਬਨ ਪੰਜ ਏਕੜ ਰਕਬੇ ਵਾਲੀ ਇਹ ਜ਼ਮੀਨ ਹਰਿਮੰਦਰ ਸਾਹਿਬ ਸਮੂਹ ਦੇ ਨੇੜੇ ਹੀ ਹੈ, ਜਿਸ ਵਿਚ ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਦੇ ਰਿਹਾਇਸ਼ੀ ਕੁਆਰਟਰ ਬਣੇ ਹੋਏ ਹਨ ਅਤੇ ਕੁਝ ਦੁਕਾਨਾਂ ਵੀ ਹਨ।

ਇਥੇ ਪਹੁੰਚਣ ਲਈ ਆਲੇ-ਦੁਆਲੇ ਦਾ ਰਾਹ ਵੀ ਤੰਗ ਹੈ, ਜੋ ਹੁਣ ਤੱਕ ਇਥੇ ਸਰਾਂ ਦੀ ਉਸਾਰੀ ਵਿਚ ਮੁੱਖ ਅੜਿੱਕਾ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਵੀ ਇਥੇ ਸਰਾਂ ਉਸਾਰਨ ਦੀ ਯੋਜਨਾ ਬਣਾਈ ਜਾ ਚੁੱਕੀ ਹੈ, ਜਿਸ ਨੂੰ ਮਗਰੋਂ ਮਿਊਜ਼ੀਅਮ ਵਿਚ ਤਬਦੀਲ ਕਰ ਦਿੱਤਾ ਗਿਆ ਸੀ, ਪਰ ਨਾ ਸਰਾਂ ਬਣੀ ਅਤੇ ਨਾ ਹੀ ਮਿਊਜ਼ੀਅਮ ਬਣ ਸਕਿਆ। ਹਰਿਮੰਦਰ ਸਾਹਿਬ ਵਿਖੇ ਆਉਣ ਵਾਲੇ ਯਾਤਰੂਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਹਾਲ ਹੀ ਵਿਚ ਪਿਛਲੀ ਸਰਕਾਰ ਵੱਲੋਂ ਹਰਿਮੰਦਰ ਸਾਹਿਬ ਆਉਣ ਵਾਲੇ ਮੁੱਖ ਰਸਤੇ ਨੂੰ ਦਿੱਤੀ ਵਿਰਾਸਤੀ ਦਿੱਖ ਤੋਂ ਬਾਅਦ ਯਾਤਰੂਆਂ ਦੀ ਗਿਣਤੀ ਵਿਚ ਹੋਰ ਵਾਧਾ ਹੋਇਆ ਹੈ।

ਦੂਰ-ਦੁਰਾਡੇ ਤੋਂ ਆਉਣ ਵਾਲੇ ਯਾਤਰੂਆਂ ਦੀ ਇੱਛਾ ਹੁੰਦੀ ਹੈ ਕਿ ਉਹ ਗੁਰਦੁਆਰੇ ਵਿਚ ਬਣੀਆਂ ਸਰਾਵਾਂ ਵਿਚ ਹੀ ਠਹਿਰਨ। ਇਸ ਵੇਲੇ ਸ਼੍ਰੋਮਣੀ ਕਮੇਟੀ ਕੋਲ ਕੁੱਲ 9 ਸਰਾਵਾਂ ਹਨ ਅਤੇ ਇਨ੍ਹਾਂ ਸਰਾਵਾਂ ਵਿਚ 800 ਤੋਂ ਵੱਧ ਕਮਰੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸਾਰਾਗੜ੍ਹੀ ਨੇੜੇ ਸਾਰਾਗੜ੍ਹੀ ਸਰਾਂ ਦੀ ਉਸਾਰੀ ਕੀਤੀ ਗਈ ਹੈ, ਜਿਸ ਦੀ ਸ਼ੁਰੂਆਤ 15 ਅਪਰੈਲ ਨੂੰ ਕੀਤੀ ਜਾ ਰਹੀ ਹੈ। ਇਸ ਵਿਚ ਵੀ ਤਕਰੀਬਨ 200 ਕਮਰੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਕੁਝ ਹੋਰ ਸਰਾਵਾਂ ਵੀ ਉਸਾਰਨ ਦੀ ਯੋਜਨਾ ਹੈ। ਬਜਟ ਵਿਚ ਇਸ ਨੂੰ ਚਾਰ ਪੜਾਅ ਵਿਚ ਮੁਕੰਮਲ ਕਰਨ ਦੀ ਤਜਵੀਜ਼ ਰੱਖੀ ਗਈ ਹੈ। ਪਹਿਲੇ ਪੜਾਅ ਵਾਸਤੇ 10 ਕਰੋੜ ਰੁਪਏ ਰੱਖੇ ਗਏ ਹਨ।

### ਸਿੱਖ ਰੈਫਰੈਂਸ ਲਾਇਬ੍ਰੇਰੀ ਮੁੜ ਕਾਇਮ ਕਰਨ ਦਾ ਫੈਸਲਾ

**ਅੰਮ੍ਰਿਤਸਰ:** ਜੂਨ 1984 ਵਿਚ ਸਾਕਾ ਨੀਲਾ ਤਾਰਾ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸਥਾਪਤ ਸਿੱਖ ਰੈਫਰੈਂਸ ਲਾਇਬ੍ਰੇਰੀ ਅੱਗ ਲੱਗਣ ਨਾਲ ਨੁਕਸਾਨੀ ਗਈ ਸੀ, ਜਿਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮੁੜ ਨਵੇਂ ਸਿਰਿਓਂ ਕੰਪਲੈਕਸ ਤੋਂ ਬਾਹਰ ਭਾਈ ਗੁਰਦਾਸ ਹਾਲ ਦੀ ਇਮਾਰਤ ਨੇੜੇ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ।




ਸਾਕਾ ਨੀਲਾ ਤਾਰਾ ਸਮੇਂ ਰੈਫਰੈਂਸ ਲਾਇਬ੍ਰੇਰੀ ਦੀ ਇਮਾਰਤ ਨੂੰ ਅੱਗ ਲੱਗ ਗਈ ਸੀ ਅਤੇ ਇਸ ਵਿਚ ਰੱਖਿਆ ਬੇਸ਼ਕੀਮਤੀ ਖਜ਼ਾਨਾ ਤਬਾਹ ਹੋ ਗਿਆ ਸੀ। ਇਸ ਦਾ ਬਚਿਆ ਹੋਇਆ ਸਾਮਾਨ ਉਸ ਵੇਲੇ ਫੌਜ ਬੋਰੀਆਂ ਵਿਚ ਭਰ ਕੇ ਆਪਣੇ ਨਾਲ ਲੈ ਗਈ ਸੀ। ਫੌਜੀ ਹਮਲੇ ਤੋਂ ਬਾਅਦ ਇਥੇ ਤਾਇਨਾਤ ਮਰਹੂਮ ਪੁਲਿਸ ਅਧਿਕਾਰੀ ਵੱਲੋਂ ਖੁਲਾਸਾ ਕੀਤਾ ਗਿਆ ਸੀ ਕਿ ਲਾਇਬ੍ਰੇਰੀ ਨੂੰ ਅੱਗ ਲੱਗਣ ਤੋਂ ਪਹਿਲਾਂ ਫੌਜ ਵੱਲੋਂ ਲਾਇਬ੍ਰੇਰੀ ਦਾ ਸਮੁੱਚਾ ਸਾਮਾਨ ਕੱਢ ਲਿਆ ਗਿਆ ਸੀ ਅਤੇ ਇਸ ਨੂੰ ਆਪਣੇ ਨਾਲ ਅਣਦੱਸੀ ਥਾਂ 'ਤੇ ਲੈ ਗਈ ਸੀ। ਇਸ ਖ਼ਜ਼ਾਨੇ ਨੂੰ ਪ੍ਰਾਪਤ ਕਰਨ ਲਈ ਸ਼੍ਰੋਮਣੀ ਕਮੇਟੀ ਪਿਛਲੇ 33 ਸਾਲਾਂ ਤੋਂ ਯਤਨਸ਼ੀਲ ਹੈ। ਕੁਝ ਵਰ੍ਹੇ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਦਬਾਅ ਕਾਰਨ ਕੇਂਦਰ ਸਰਕਾਰ ਵੱਲੋਂ ਕੁਝ ਦਸਤਾਵੇਜ਼ ਵਾਪਸ ਕੀਤੇ ਗਏ ਸਨ, ਜਿਨ੍ਹਾਂ ਵਿਚ ਕੁਝ ਅਖਬਾਰਾਂ ਅਤੇ ਹੋਰ ਸ਼ਾਮਲ ਸਨ ਜਦੋਂਕਿ ਅਹਿਮ ਖਜ਼ਾਨਾ ਹੁਣ ਤੱਕ ਵਾਪਸ ਨਹੀਂ ਮਿਲਿਆ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਦੇ ਕਈ ਰੱਖਿਆ ਮੰਤਰੀਆਂ, ਪ੍ਰਧਾਨ ਮੰਤਰੀਆਂ ਅਤੇ ਰਾਸ਼ਟਰਪਤੀ ਕੋਲ ਵੀ ਪਹੁੰਚ ਕੀਤੀ ਜਾ ਚੁੱਕੀ ਹੈ।

## ਮਲਾਲਾ ਨੂੰ ਮਿਲੇਗੀ ਕੈਨੇਡੀਅਨ ਨਾਗਰਿਕਤਾ


**ਟੋਰਾਂਟੋ (ਬਿਊਰੋ):** ਨੋਬਲ ਸ਼ਾਂਤੀ ਪੁਰਸਕਾਰ ਜੇਤੂ ਮਲਾਲਾ ਯੂਸਫਜ਼ਈ ਨੂੰ ਰਸਮੀ ਤੌਰ 'ਤੇ ਕੈਨੇਡਾ ਦੀ ਨਾਗਰਿਕਤਾ ਦਿੱਤੀ ਜਾਵੇਗੀ। ਤਿੰਨ ਸਾਲ ਪਹਿਲਾਂ ਮਲਾਲਾ ਨੂੰ ਮੁਲਕ ਦੀ ਆਨਰੇਰੀ ਨਾਗਰਿਕਤਾ ਦੇਣ ਦਾ ਐਲਾਨ ਹੋਇਆ ਸੀ, ਪਰ ਕੁਝ ਕਾਰਨਾਂ ਕਰ ਕੇ ਇਹ ਰਸਮ ਟਲਦੀ ਰਹੀ।

ਸਰਕਾਰੀ ਸੂਤਰਾਂ ਮੁਤਾਬਕ, 12 ਅਪਰੈਲ ਨੂੰ ਮਲਾਲਾ ਮੁਲਕ ਦੀ ਪਾਰਲੀਮੈਂਟ ਵਿਚ ਇਹ ਮਾਣ ਲੈਣ ਮਗਰੋਂ ਭਾਸ਼ਣ ਵੀ ਦੇਵੇਗੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਬਿਆਨ ਵਿਚ ਆਖਿਆ ਕਿ ਪਾਰਲੀਮੈਂਟ ਵਿਚ ਇਸ ਨੌਜਵਾਨ ਨਾਇਕਾ ਨੂੰ ਭਾਸ਼ਣ ਦਿੰਦਿਆਂ ਸੁਣਨਾ ਇਤਿਹਾਸਕ ਗੱਲ ਹੋਵੇਗੀ। ਕੁੜੀਆਂ ਨੂੰ ਪੜ੍ਹਾਉਣ ਦੀ ਵਕਾਲਤ ਕਰ ਕੇ ਮਲਾਲਾ ਦੁਨੀਆਂ ਭਰ ਦੇ ਲੋਕਾਂ ਦੀ ਚਹੇਤੀ ਬਣ ਚੁੱਕੀ ਹੈ ਤੇ ਔਰਤਾਂ ਦੇ ਹੱਕਾਂ ਵਿਚ ਆਵਾਜ਼ ਉਠਾਉਣ ਵਾਲੀ ਇਸ ਕੁੜੀ ਨੂੰ ਸਨਮਾਨ ਦੇਣਾ ਕੈਨੇਡਾ ਲਈ ਮਾਣ ਵਾਲੀ ਗੱਲ ਹੈ।

# ਕੇਂਦਰ ਵੱਲੋਂ ਬਲਵੰਤ ਗਾਰਗੀ ਦੀ ਯਾਦਗਾਰੀ ਟਿਕਟ ਨੂੰ ਹਰੀ ਝੰਡੀ

**ਬਠਿੰਡਾ:** ਕੇਂਦਰ ਸਰਕਾਰ ਨੇ ਬਲਵੰਤ ਗਾਰਗੀ ਦੀ ਯਾਦਗਾਰੀ ਟਿਕਟ ਜਾਰੀ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਚੰਡੀਗੜ੍ਹ ਤੋਂ ਸੰਸਦ ਮੈਂਬਰ ਕਿਰਨ ਖੇਰ ਨੇ ਬਲਵੰਤ ਗਾਰਗੀ ਦੀ ਯਾਦਗਾਰੀ ਟਿਕਟ ਜਾਰੀ ਕਰਨ ਲਈ ਤਜਵੀਜ਼ ਭੇਜੀ ਸੀ। ਉਧਰ, ਕੇਂਦਰ ਨੇ ਸਿੱਖ ਮਿਸਲ ਦੇ ਕਮਾਂਡਰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਂ 'ਤੇ ਯਾਦਗਾਰੀ ਟਿਕਟ ਜਾਰੀ ਕਰਨ ਤੋਂ ਫਿਲਹਾਲ ਨਾਂਹ ਕਰ ਦਿੱਤੀ ਹੈ।

ਬਲਵੰਤ ਗਾਰਗੀ, ਜਿਨ੍ਹਾਂ ਦੀ ਸੌ ਸਾਲਾ ਜਨਮ ਵਰ੍ਹੇਗੰਢ ਮਨਾਈ ਜਾ ਰਹੀ ਹੈ, ਦਾ ਜਨਮ 4 ਦਸੰਬਰ 1916 ਨੂੰ ਬਠਿੰਡਾ ਵਿਚ ਹੋਇਆ ਸੀ। ਉਨ੍ਹਾਂ ਸਰਕਾਰੀ ਕਾਲਜ ਲਾਹੌਰ ਤੋਂ ਵਿਦਿਆ ਪ੍ਰਾਪਤ ਕੀਤੀ ਅਤੇ ਪੰਜਾਬ ਯੂਨੀਵਰਸਿਟੀ ਦੇ ਇੰਡੀਅਨ ਥੀਏਟਰ ਵਿਭਾਗ ਦੇ ਫਾਊਂਡਰ ਡਾਇਰੈਕਟਰ ਰਹੇ। ਨਾਟਿਯਮ ਦੇ ਚੇਅਰਮੈਨ ਕੀਰਤੀ ਕਿਰਪਾਲ ਨੇ ਬਲਵੰਤ ਗਾਰਗੀ ਦੇ ਨਾਮ 'ਤੇ ਯਾਦਗਾਰੀ ਟਿਕਟ ਜਾਰੀ ਕੀਤੇ ਜਾਣ ਨੂੰ ਕੇਂਦਰ ਸਰਕਾਰ ਦਾ ਸ਼ਲਾਘਾਯੋਗ ਕਦਮ ਦੱਸਿਆ ਹੈ। ਕੇਂਦਰ ਸਰਕਾਰ ਨੇ ਲੰਘੀ 5 ਜਨਵਰੀ ਨੂੰ 350 ਸਾਲਾਂ ਪ੍ਰਕਾਸ਼ ਉਤਸਵ ਮੌਕੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਨਾਮ 'ਤੇ ਯਾਦਗਾਰੀ ਟਿਕਟ ਜਾਰੀ ਕੀਤਾ ਸੀ।



ਇਸ ਯਾਦਗਾਰੀ ਟਿਕਟ ਲਈ ਕੇਂਦਰੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਪ੍ਰਵੀਨ ਡਾਵਰ ਅਤੇ ਕੇਂਦਰੀ ਰਾਜ ਮੰਤਰੀ ਐਸ.ਐਸ. ਆਹਲੂਵਾਲੀਆ ਨੇ ਤਜਵੀਜ਼ ਭੇਜੀ ਸੀ। ਇਸ ਦੌਰਾਨ ਕੇਂਦਰ ਨੇ ਸਿੱਖ ਮਿਸਲ ਦੇ ਕਮਾਂਡਰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਯਾਦਗਾਰੀ ਟਿਕਟ ਜਾਰੀ ਕਰਨ ਤੋਂ ਨਾਂਹ ਕਰ ਦਿੱਤੀ ਹੈ। ਵੇਰਵਿਆਂ ਅਨੁਸਾਰ ਕੇਂਦਰੀ ਮੰਤਰੀ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਵਿਜੇ ਸਾਂਪਲਾ ਨੇ ਸਾਲ 2015 ਵਿਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਮ ਯਾਦਗਾਰੀ ਟਿਕਟ ਜਾਰੀ ਕਰਨ ਦੀ ਤਜਵੀਜ਼ ਰੱਖੀ ਸੀ, ਪਰ ਮੰਤਰਾਲੇ ਦੀ ਲੋਕ ਲੇਖਾ ਕਮੇਟੀ ਨੇ ਇਸ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

## ਜੇਲ੍ਹਾਂ ਵਿਚ ਚਾਰ ਸੌ ਖਤਰਨਾਕ ਅਪਰਾਧੀਆਂ ਦੀ ਸ਼ਨਾਖ਼ਤ

**ਬਠਿੰਡਾ:** ਜੇਲ੍ਹ ਵਿਭਾਗ ਨੇ ਜੇਲ੍ਹਾਂ ਵਿਚ ਬੰਦ 400 ਖ਼ਤਰਨਾਕ ਅਪਰਾਧੀਆਂ ਦੀ ਸ਼ਨਾਖ਼ਤ ਕੀਤੀ ਹੈ ਜਿਨ੍ਹਾਂ ਦੀ ਪੁਲਿਸ ਤੋਂ ਰਿਪੋਰਟ ਵੀ ਮੰਗੀ ਗਈ ਹੈ। ਏ.ਡੀ.ਜੀ.ਪੀ. (ਜੇਲ੍ਹਾਂ) ਰੋਹਿਤ ਚੌਧਰੀ ਨੇ ਬਠਿੰਡਾ ਜੇਲ੍ਹ ਦੇ ਦੌਰੇ ਮਗਰੋਂ ਇਹ ਖ਼ੁਲਾਸਾ ਕੀਤਾ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ਵਿਚ ਕਰੀਬ 200 ਗੈਂਗਸਟਰ ਬੰਦ ਹਨ ਜਿਨ੍ਹਾਂ ਨੂੰ ਵਿਸ਼ੇਸ਼ ਸੁਰੱਖਿਆ ਜ਼ੋਨਾਂ ਵਿਚ ਬੰਦ ਕੀਤਾ ਗਿਆ ਹੈ। ਗੈਂਗਸਟਰਾਂ ਤੋਂ ਮਗਰੋਂ ਹੁਣ ਵਧੇਰੇ ਖ਼ਤਰਨਾਕ ਅਪਰਾਧੀਆਂ ਦੀ ਸ਼ਨਾਖ਼ਤ ਕੀਤੀ ਗਈ ਹੈ ਤਾਂ ਜੋ ਅਜਿਹੇ ਲੋਕਾਂ ਨੂੰ ਵੀ ਵੱਖਰਾ ਰੱਖਿਆ ਜਾ ਸਕੇ।

ਸ੍ਰੀ ਚੌਧਰੀ ਨੇ ਆਖਿਆ ਕਿ 10 ਜੇਲ੍ਹਾਂ ਵਿਚ ਵਿਸ਼ੇਸ਼ ਸੁਰੱਖਿਆ ਜ਼ੋਨ ਬਣਾਏ ਗਏ ਹਨ ਜਿਨ੍ਹਾਂ ਉਤੇ 'ਫੋਰ ਜੀ' ਜੈਮਰ ਵੀ ਲਗਾਏ ਜਾਣੇ ਹਨ। ਜੇਲ੍ਹਾਂ ਵਿਚ ਤਿੰਨ ਦਰਜਨ ਖ਼ਤਰਨਾਕ ਗੈਂਗਸਟਰ ਹਨ ਜਿਨ੍ਹਾਂ ਦਾ ਤਾਣਾ ਬਾਣਾ ਤੋੜਿਆ ਜਾ ਰਿਹਾ ਹੈ। ਗੈਂਗਸਟਰਾਂ ਦੇ ਸਬ ਗਰੁਪ ਜ਼ਿਆਦਾ ਹਨ।

ਉਨ੍ਹਾਂ ਕਿਹਾ ਕਿ ਨਵੇਂ ਵਿਸ਼ੇਸ਼ ਜ਼ੋਨਾਂ 'ਤੇ ਆਧੁਨਿਕ ਸਾਜ਼ੋ ਸਾਮਾਨ ਲਾਇਆ ਜਾ ਰਿਹਾ ਹੈ ਤਾਂ ਜੋ ਤਿੱਖੀ ਨਜ਼ਰ ਰੱਖੀ ਜਾ ਸਕੇ। ਤਿੰਨ ਕਰੋੜ ਰੁਪਏ ਦੀ ਲਾਗਤ ਨਾਲ ਜੇਲ੍ਹਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਸੀ.ਸੀ.ਟੀ.ਵੀ. ਕੈਮਰੇ ਆਦਿ ਲਾਏ ਜਾਣ ਦੀ ਤਜਵੀਜ਼ ਵੀ ਹੈ।

## ਅਕਾਲ ਤਖ਼ਤ ਦੀ ਆਗਿਆ ਨਾਲ ਹੀ ਛਪਣਗੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ

**ਲਾਹੌਰ:** ਪਾਕਿਸਤਾਨ ਓਕਾਫ਼ ਬੋਰਡ ਦੇ ਚੇਅਰਮੈਨ ਸਈਦ ਮੁਹੰਮਦ ਸਦੀਕ ਉਲ ਫਾਰੂਕ ਦੀ ਅਗਵਾਈ ਹੇਠ ਮੰਗਲਵਾਰ ਨੂੰ ਲਾਹੌਰ ਮੁੱਖ ਦਫ਼ਤਰ ਵਿਚ ਹੋਈ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਅਕਾਲ ਤਖ਼ਤ ਦੀ ਅਗਵਾਈ ਲੈ ਕੇ ਹੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਛਾਪੇ ਜਾਇਆ ਕਰਨਗੇ। ਲਾਹੌਰ ਵਿਚ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਹੋਈ ਮੀਟਿੰਗ ਵਿਚ ਪੁੱਜੇ ਪਾਕਿਸਤਾਨੀ ਸਿੱਖ ਆਗੂਆਂ ਦੀ ਮੀਟਿੰਗ ਵਿਚ ਭਾਰਤ ਸਮੇਤ ਹੋਰਨਾਂ ਮੁਲਕਾਂ ਤੋਂ 12 ਅਪਰੈਲ ਨੂੰ ਪਾਕਿਸਤਾਨ ਆਉਣ ਵਾਲੇ 4 ਹਜ਼ਾਰ ਸਿੱਖ ਸ਼ਰਧਾਲੂਆਂ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਣ ਲਈ ਫੈਸਲਾ ਲਿਆ ਗਿਆ।

ਮੀਟਿੰਗ ਵਿਚ ਪੁੱਜੇ ਪਾਕਿਸਤਾਨੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਪਾਕਿਸਤਾਨੀ ਸਿੱਖ ਆਗੂਆਂ ਨੇ ਚੇਅਰਮੈਨ ਸਦੀਕ ਉਲ ਫਾਰੂਕ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਦੀ ਚਰਨ ਛੂਹ ਪ੍ਰਾਪਤ ਧਰਤੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨਾਰੋਵਾਲ ਪਾਕਿਸਤਾਨ ਦੇ ਪੁਰਾਤਨ ਬਾਬਾ ਨਾਨਕ ਦੇਵ ਦੇ ਸਮੇਂ ਦੇ ਇਤਿਹਾਸਕ ਖੂਹ ਦਾ ਜਲ ਦੁਨੀਆਂ ਵਿਚ ਵੱਸਦੇ ਸਿੱਖਾਂ ਨੂੰ ਪ੍ਰਸ਼ਾਦ ਦੇ ਤੌਰ 'ਤੇ ਦਿੱਤੇ ਜਾਣ ਵਾਲੇ ਫੈਸਲੇ ਨੂੰ ਆਉਣ ਵਾਲੇ ਦਿਨਾਂ ਤੱਕ ਰੋਕ ਦਿੱਤਾ ਗਿਆ ਹੈ ਅਤੇ ਇਸ ਦੇ ਨਾਲ ਹੀ ਪਾਕਿਸਤਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਛਾਪਣ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ। ਮੀਟਿੰਗ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ, ਰਮੇਸ਼ ਸਿੰਘ ਅਰੋੜਾ, ਸਾਬਕਾ ਪ੍ਰਧਾਨ ਬਿਸ਼ਨ ਸਿੰਘ, ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ, ਬਾਬਾ ਅਮਰਜੀਤ ਸਿੰਘ ਪਿਸ਼ਾਵਰ, ਵਧੀਕ ਸਕੱਤਰ ਇਮਰਾਨ ਖਾਨ ਸਮੇਤ ਹੋਰ ਅਧਿਕਾਰੀ ਸ਼ਾਮਿਲ ਹੋਏ।

# ਮੁਤਵਾਜ਼ੀ ਜਥੇਦਾਰਾਂ ਵੱਲੋਂ ਡੇਰੇ ਦਾ ਸਿਆਸੀ ਸਮਰਥਨ ਲੈਣ ਵਾਲੇ ਆਗੂ ਦੋਸ਼ੀ ਕਰਾਰ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਡੇਰਾ ਸਿਰਸਾ ਦਾ ਸਿਆਸੀ ਸਮਰਥਨ ਲੈਣ ਗਏ ਵੱਖ-ਵੱਖ ਪਾਰਟੀਆਂ ਦੇ ਸਿੱਖ ਉਮੀਦਵਾਰਾਂ ਨੂੰ ਮੁਤਵਾਜ਼ੀ ਜਥੇਦਾਰਾਂ ਨੇ ਅਕਾਲ ਤਖਤ ਦੇ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ੀ ਕਰਾਰ ਦਿੱਤਾ ਹੈ। ਇਨ੍ਹਾਂ ਸਿਆਸੀ ਆਗੂਆਂ ਖਿਲਾਫ਼ ਧਾਰਮਿਕ ਸਜ਼ਾ ਦਾ ਐਲਾਨ 20 ਅਪਰੈਲ ਨੂੰ ਕੀਤਾ ਜਾਵੇਗਾ। ਇਸ ਦੌਰਾਨ ਦੇਸ਼ ਵਿਦੇਸ਼ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਗਈ ਹੈ ਕਿ ਸਿੱਖ ਆਗੂਆਂ ਨੂੰ ਲਾਈ ਜਾਣ ਵਾਲੀ ਧਾਰਮਿਕ ਸਜ਼ਾ ਬਾਰੇ ਆਪਣੇ ਵਿਚਾਰ ਦੇਣ।

ਹਰਿਮੰਦਰ ਸਾਹਿਬ ਦੇ ਬਾਹਰ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਭਾਈ ਅਮਰੀਕ ਸਿੰਘ ਅਜਨਾਲਾ ਤੇ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਇਸ ਸਬੰਧੀ ਐਲਾਨ ਕੀਤਾ। ਇਸ ਮੌਕੇ ਪੰਚ ਪ੍ਰਧਾਨੀ ਪ੍ਰਥਾ ਨੂੰ ਪੂਰਾ ਕਰਨ ਲਈ ਭਾਈ ਜਗਮੀਤ ਸਿੰਘ ਅਤੇ ਭਾਈ ਮੇਜਰ ਸਿੰਘ ਵੀ ਸ਼ਾਮਲ ਸਨ। ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਵਿਖੇ ਨਤਮਸਤਕ ਹੋਣ ਮਗਰੋਂ ਭਾਈ ਧਿਆਨ ਸਿੰਘ ਮੰਡ ਨੇ ਆਖਿਆ ਕਿ ਡੇਰਾ ਸਿਰਸਾ ਜਾ ਕੇ ਸਿਆਸੀ ਸਮਰਥਨ ਮੰਗਣ ਵਾਲਿਆਂ ਨੇ 17 ਮਈ 2007 ਨੂੰ ਅਕਾਲ ਤਖਤ ਤੋਂ ਜਾਰੀ ਹੋਏ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ।

ਉਨ੍ਹਾਂ ਨੂੰ 30 ਮਾਰਚ ਨੂੰ ਆਪਣਾ ਪੱਖ ਸਪੱਸ਼ਟ ਕਰਨ ਲਈ ਤਲਬ ਕੀਤਾ ਸੀ, ਪਰ ਕੋਈ ਹਾਜ਼ਰ ਨਹੀਂ ਹੋਇਆ। ਉਨ੍ਹਾਂ ਆਖਿਆ ਕਿ ਦੋਸ਼ੀ ਕਰਾਰ ਦਿੱਤੇ ਸਾਰੇ ਵਿਅਕਤੀਆਂ ਨੂੰ 20 ਅਪਰੈਲ ਨੂੰ ਧਾਰਮਿਕ ਸਜ਼ਾ ਸੁਣਾਈ ਜਾਵੇਗੀ। ਮੁਤਵਾਜ਼ੀ ਜਥੇਦਾਰਾਂ ਵੱਲੋਂ ਜਿਨ੍ਹਾਂ ਸਿੱਖ ਆਗੂਆਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ, ਉਨ੍ਹਾਂ ਵਿਚ ਸਾਬਕਾ ਅਕਾਲੀ ਮੰਤਰੀ ਸੁਰਜੀਤ ਸਿੰਘ ਰੱਖੜਾ, ਪਰਮਿੰਦਰ ਸਿੰਘ ਢੀਂਡਸਾ, ਪ੍ਰਕਾਸ਼ ਸਿੰਘ ਭੱਟੀ, ਜਨਮੇਜਾ ਸਿੰਘ ਸੇਖੋਂ, ਜੀਤ ਮਹਿੰਦਰ ਸਿੰਘ ਸਿੱਧੂ, ਦਿਲਰਾਜ ਸਿੰਘ ਭੂੰਦੜ, ਵਰਿੰਦਰ ਕੌਰ ਲੂੰਬਾ, ਕੰਵਲਜੀਤ ਸਿੰਘ ਰੋਜੀ ਸਰਕੰਦੀ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਹਰਦੀਪ ਸਿੰਘ ਢਿੱਲੋਂ, ਦੀਦਾਰ ਸਿੰਘ ਭੱਟੀ, ਦਰਬਾਰਾ ਸਿੰਘ ਗੁਰੂ, ਹਰਪ੍ਰੀਤ ਸਿੰਘ ਕੋਟ ਭਾਈ, ਰਣਜੀਤ ਸਿੰਘ ਤਲਵੰਡੀ, ਇੰਦਰ ਇਕਬਾਲ ਸਿੰਘ ਅਟਵਾਲ, ਸ਼ਰਨਜੀਤ ਸਿੰਘ ਢਿੱਲੋਂ, ਈਸ਼ਰ ਸਿੰਘ ਮੇਹਰਬਾਨ, ਜਗਦੀਪ ਸਿੰਘ ਨਕਈ, ਪਰਮਬੰਸ ਸਿੰਘ ਬੰਟੀ ਰੁਮਾਣਾ, ਅਜੀਤ ਸਿੰਘ ਸ਼ਾਂਤ, ਬਲਬੀਰ ਸਿੰਘ ਘੂੰਸ, ਹਰੀ ਸਿੰਘ ਧੂਰੀ, ਗੋਬਿੰਦ ਸਿੰਘ ਲੌਂਗੋਵਾਲ, ਸੁਰਿੰਦਰਪਾਲ ਸਿੰਘ ਸਿਲੀਆਂ, ਮਨਪ੍ਰੀਤ ਸਿੰਘ ਇਆਲੀ, ਦਰਸ਼ਨ ਸਿੰਘ ਕੋਟ ਫੱਤਾ, ਕੇਵਲ ਸਿੰਘ ਢਿੱਲੋਂ, ਸਾਧੂ ਸਿੰਘ ਧਰਮਸੋਤ, ਅਜੀਤ ਇੰਦਰ ਸਿੰਘ, ਅਮਰਿੰਦਰ ਸਿੰਘ ਰਾਜਾ ਵੜਿੰਗ, ਰਜਿੰਦਰ ਕੌਰ ਭੱਠਲ, ਕੁਸ਼ਲਦੀਪ ਸਿੰਘ ਢਿੱਲੋਂ, ਅਜਾਇਬ ਸਿੰਘ ਭੱਟੀ, ਦਰਸ਼ਨ ਸਿੰਘ ਬਰਾੜ, ਕਾਕਾ ਰਣਦੀਪ ਸਿੰਘ, ਖੁਸ਼ਬਾਜ਼ ਸਿੰਘ ਜਟਾਣਾ, ਦਮਨ ਕੌਰ ਬਾਜਵਾ ਤੇ ਨਰਿੰਦਰਪਾਲ ਸਿੰਘ ਸੰਧਾ ਸ਼ਾਮਲ ਹਨ।

# ਹੁਣ ਕੈਪਟਨ ਅਤੇ ਮਨਪ੍ਰੀਤ ਦੇ ਵੱਖੋ ਵੱਖਰੇ ਸੁਰ

**ਚੰਡੀਗੜ੍ਹ:** ਨਵੀਂ ਸਰਕਾਰ ਵਿਚ ਪਹਿਲੀ ਵਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਇਤਿਹਾਸਕ ਵਿਸ਼ੇ 'ਤੇ ਵੱਖੋ ਵੱਖਰੀ ਸੁਰ ਵੇਖਣ ਨੂੰ ਮਿਲ ਰਹੀ ਹੈ। ਮਨਪ੍ਰੀਤ ਬਾਦਲ ਵੱਲੋਂ ਅੰਗਰੇਜ਼ਾਂ ਦੇ ਜ਼ਮਾਨੇ ਦੀਆਂ ਸੜਕਾਂ ਤੇ ਹੋਰ ਥਾਵਾਂ ਦੇ ਨਾਮ ਬਦਲਣ ਬਾਰੇ ਮੀਡੀਆ ਵਿਚ ਆਏ ਬਿਆਨਾਂ ਨੂੰ ਕੈਪਟਨ ਨੇ ਗਲਤ ਦੱਸਿਆ ਹੈ। ਕੈਪਟਨ ਦਾ ਕਹਿਣਾ ਹੈ ਕਿ ਇਤਿਹਾਸ ਨਾਲ ਛੇੜਛਾੜ ਨਹੀਂ ਕੀਤੀ ਜਾ ਸਕਦੀ ਕਿਉਂਕਿ ਉਹ ਖੁਦ ਇਤਿਹਾਸਕਾਰ ਹਨ।



ਮੁੱਖ ਮੰਤਰੀ ਦੇ ਬਿਆਨ ਤੋਂ ਬਾਅਦ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਆਪਣੀ ਸੁਰ ਬਦਲ ਲਈ ਹੈ ਅਤੇ ਉਹ ਆਪਣੇ ਬਿਆਨ ਤੋਂ ਪਿੱਛੇ ਹਟ ਗਏ ਹਨ। ਮੁੱਖ ਮੰਤਰੀ ਨੇ ਆਖਿਆ ਕਿ ਮਨਪ੍ਰੀਤ ਬਾਦਲ ਦੇ ਇਤਿਹਾਸ ਬਾਰੇ ਹੋਰ ਵਿਚਾਰ ਹੋ ਸਕਦੇ ਨੇ, ਪਰ ਮੈਂ ਇਤਿਹਾਸਕਾਰ ਹਾਂ, ਅਤੇ ਇਸ ਨੂੰ ਨਹੀਂ ਬਦਲਿਆਂ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਤਿਹਾਸ ਨੂੰ ਇਤਿਹਾਸ ਹੀ ਰਹਿਣ ਦੇਣਾ ਚਾਹੀਦਾ ਹੈ। ਯਾਦ ਰਹੇ ਕਿ ਮਨਪ੍ਰੀਤ ਬਾਦਲ ਨੇ ਅੰਗਰੇਜ਼ਾਂ ਦੇ ਰਾਜ ਸਮੇਂ ਦੀਆਂ ਸੂਬੇ ਵਿਚ ਸੜਕਾਂ ਅਤੇ ਹੋਰ ਥਾਵਾਂ ਦੇ ਨਾਮ ਬਦਲਣ ਬਾਰੇ ਬਿਆਨ ਮੀਡੀਆ ਵਿਚ ਦਿੱਤਾ ਸੀ। ਮੁੱਖ ਮੰਤਰੀ ਦੇ ਬਿਆਨ ਤੋਂ ਬਾਅਦ ਮਨਪ੍ਰੀਤ ਸਿੰਘ ਬਾਦਲ ਨੇ ਆਖਿਆ ਕਿ ਉਨ੍ਹਾਂ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ।

# ਹਾਰ ਦੇ ਸਦਮੇ 'ਚੋਂ ਅਜੇ ਵੀ ਨਾ ਉਠਿਆ ਬਾਦਲ ਦਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਤਿਹਾਸਕ ਹਾਰ ਦਾ ਸਦਮਾ ਬਾਦਲ ਪਰਿਵਾਰ ਨੂੰ ਭੁੱਲ ਨਹੀਂ ਰਿਹਾ। ਇਸ ਸਦਮੇ ਦਾ ਅਸਰ ਇੰਨਾ ਹੈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਬੇਟੇ ਸੁਖਬੀਰ ਬਾਦਲ ਨੇ ਅਜੇ ਤੱਕ ਵਿਧਾਨ ਸਭਾ ਅੰਦਰ ਪੈਰ ਤੱਕ ਨਹੀਂ ਧਰਿਆ। ਇਥੋਂ ਤੱਕ ਕਿ ਬਾਦਲ ਪਿਉ-ਪੁੱਤ ਨੇ ਵਿਧਾਇਕ ਵਜੋਂ ਸਹੁੰ ਵੀ ਸਪੀਕਰ ਰਾਣਾ ਕੇ.ਪੀ. ਸਿੰਘ ਦੇ ਚੈਂਬਰ ਵਿਚ ਚੁੱਕੀ।

ਸੁਖਬੀਰ ਬਾਦਲ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਇਕ ਦਲ ਦੇ ਨੇਤਾ ਹਨ। ਉਨ੍ਹਾਂ ਦਾ ਪਹਿਲੇ ਇਜਲਾਸ ਵਿਚ ਜਾਣਾ ਬੇਹੱਦ ਜ਼ਰੂਰੀ ਸੀ। ਇਸ ਇਜਲਾਸ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਦੇ ਮੈਂਬਰਾਂ ਵੱਲੋਂ ਬਾਦਲ ਪਰਿਵਾਰ ਨੂੰ ਖੂਬ ਰਗੜੇ ਲਾਏ। ਇਸ ਕਰ ਕੇ ਅਕਾਲੀ ਮੈਂਬਰਾਂ ਨੂੰ ਨਮੋਸ਼ੀ ਝੱਲਣੀ ਪਈ, ਪਰ ਕਿਸੇ ਖੁੱਲ੍ਹ ਕੇ ਕੋਈ ਜਵਾਬ ਨਹੀਂ ਦਿੱਤਾ। ਦਰਅਸਲ, ਪਿਛਲੇ 10 ਸਾਲ ਸੱਤਾ 'ਤੇ ਕਾਬਜ਼ ਰਹੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਜਨਤਾ ਨੇ ਇਸ ਕਦਰ ਨਕਾਰ ਦਿੱਤਾ ਕਿ ਉਸ ਨੂੰ ਮੁੱਖ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਨਹੀਂ ਮਿਲੀ। ਵਿਧਾਨ ਸਭਾ ਵਿਚ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਹੈ। ਇਸ ਲਈ ਅਕਾਲੀ ਦਲ ਨੂੰ ਰਗੜੇ ਲਾਉਣ ਲਈ ਆਮ ਆਦਮੀ ਪਾਰਟੀ ਵੀ ਕਾਂਗਰਸ ਦੇ ਨਾਲ ਆ ਜਾਂਦੀ ਹੈ। ਸ਼ਾਇਦ ਇਸ ਕਰ ਕੇ ਹੀ ਬਾਦਲਾਂ ਦਾ ਵਿਧਾਨ ਸਭਾ ਵਿਚ ਜਾਣ ਦਾ ਹੀਆ ਨਹੀਂ ਪੈ ਰਿਹਾ।

## ਠੇਕਿਆਂ ਦੀ ਨਿਲਾਮੀ ਬਾਰੇ ਸੁਖਬੀਰ ਦਾ ਮਿਹਣਾ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਠੇਕਿਆਂ ਦੀ ਨਿਲਾਮੀ ਸਿਰੇ ਨਾ ਚੜ੍ਹਨ ਨੂੰ ਸਰਕਾਰ ਦੀ ਪਹਿਲੀ ਵੱਡੀ ਅਸਫਲਤਾ ਕਰਾਰ ਦਿੱਤਾ ਹੈ। ਸ. ਬਾਦਲ ਨੇ ਕਿਹਾ ਕਿ ਉਹ ਆਪਣੀ ਸਰਕਾਰ ਵੇਲੇ ਸ਼ਰਾਬ ਦੇ ਠੇਕੇਦਾਰਾਂ ਨੂੰ ਨਾਲ ਲੈ ਕੇ ਨੀਤੀ ਤਿਆਰ ਕਰਦੇ ਸਨ, ਜਿਸ ਨਾਲ ਮਾਲੀਆ 1500 ਤੋਂ ਵਧ ਕੇ 5000 ਕਰੋੜ ਰੁਪਏ ਤੱਕ ਪਹੁੰਚ ਗਿਆ ਸੀ। ਸਰਕਾਰ ਨੇ ਪਹਿਲੇ ਫੈਸਲੇ ਵਿਚ ਆਪਣੀ ਅਸਫਲਤਾ ਜੱਗ ਜ਼ਾਹਰ ਕਰ ਦਿੱਤੀ ਹੈ।

## ਕੈਪਟਨ ਵੱਲੋਂ ਮੰਤਰੀਆਂ ਨੂੰ ਹੱਲਾਸ਼ੇਰੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਵਜ਼ਾਰਤ ਦੇ ਮੰਤਰੀਆਂ ਨੂੰ ਆਪਣੇ ਵਿਭਾਗਾਂ ਦੇ ਰੋਕੇ ਗਏ ਵਿਕਾਸ ਪ੍ਰੋਜੈਕਟਾਂ ਦੇ ਪੱਧਰ ਦਾ ਜਾਇਜ਼ਾ ਲੈਣ ਅਤੇ ਇਸ ਸਬੰਧੀ ਰਿਪੋਰਟ ਅਗਲੇ ਦੋ ਹਫਤਿਆਂ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਆਪਣੇ ਮੰਤਰੀ ਮੰਡਲ ਨੂੰ ਜਾਇਜ਼ਾ ਪ੍ਰਕ੍ਰਿਆ ਸਬੰਧੀ ਰਿਪੋਰਟਾਂ 15 ਦਿਨਾਂ ਵਿਚ ਜਮ੍ਹਾ ਕਰਾਉਣ ਲਈ ਆਖਿਆ ਹੈ। ਮੰਤਰੀਆਂ ਵੱਲੋਂ ਪ੍ਰਵਾਨ ਕੀਤੇ ਪ੍ਰੋਜੈਕਟ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਦੀ ਕਾਰਜਕਾਰੀ ਕਮੇਟੀ ਨੂੰ ਅਗਲੀ ਕਾਰਵਾਈ ਲਈ ਭੇਜੇ ਜਾਣਗੇ। ਇਸ ਦੇ ਨਾਲ ਹੀ ਜਿਨ੍ਹਾਂ ਮਾਮਲਿਆਂ ਵਿਚ ਬੇਨੇਮੀਆਂ ਦਾ ਸ਼ੱਕ ਹੋਇਆ, ਉਨ੍ਹਾਂ ਦੀ ਜਾਂਚ ਕਰਵਾਈ ਜਾਵੇਗੀ। ਇਹ ਸਮੁੱਚੀ ਪ੍ਰਕਿਰਿਆ 30 ਅਪਰੈਲ ਤੱਕ ਮੁਕੰਮਲ ਕਰ ਲਈ ਜਾਵੇਗੀ। ਇਹ ਸਾਰੇ ਫੈਸਲੇ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਦੀ ਜਾਇਜ਼ਾ ਮੀਟਿੰਗ ਦੌਰਾਨ ਲਏ ਗਏ।

# ਡਾ. ਨਛੱਤਰ ਸਿੰਘ ਬਰਾੜ ਦਾ ਸਦੀਵੀ ਵਿਛੋੜਾ



ਡਾ. ਨਛੱਤਰ ਸਿੰਘ ਬਰਾੜ

**ਡੇਅਟਨ, ਓਹਾਇਓ:** ਡਾ. ਨਛੱਤਰ ਸਿੰਘ ਬਰਾੜ ਇਥੇ 15 ਮਾਰਚ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਿਛੇ ਪਤਨੀ ਪਰਮਿੰਦਰ ਕੌਰ, ਬੇਟਾ ਸੰਦੀਪ, ਬੇਟੀ ਨਵਦੀਪ, ਨੂੰਹ, ਜਵਾਈ ਅਤੇ ਛੇ ਦੋਹਤੇ-ਪੋਤੀਆਂ ਜਸਪਾਲ, ਅਮਾਰਾ, ਕੇਡਨ, ਕਾਰਮਿਨ, ਸਰੀਨਾ ਤੇ ਰੋਹਿਨ ਛੱਡ ਗਏ ਹਨ। ਆਪਣੇ ਬੇਹਦ ਮਿਲਣਸਾਰ ਸੁਭਾਅ ਕਰਕੇ ਉਨ੍ਹਾਂ ਦੇ ਦੋਸਤਾਂ ਦਾ ਦਾਇਰਾ ਬਹੁਤ ਵੱਡਾ ਸੀ ਜਿਨ੍ਹਾਂ ਵਿਚੋਂ ਬਹੁਤ ਸਾਰੇ ਓਹਾਇਓ ਵਿਚ ਵਸਦੇ ਹਨ।

ਡਾ. ਬਰਾੜ ਨਮਿਤ ਸਹਿਜ ਪਾਠ ਦਾ ਭੋਗ ਗੁਰਦੁਆਰਾ ਡੇਅਟਨ (2320 ਹਰਸ਼ਮੈਨ ਰੋਡ) ਵਿਖੇ 8 ਅਪਰੈਲ ਨੂੰ ਪਵੇਗਾ। ਇਸ ਮੌਕੇ ਬਾਅਦ ਦੁਪਹਿਰ ਇਕ ਵਜੇ ਪਾਠ ਤੇ ਕੀਰਤਨ ਹੋਵੇਗਾ ਅਤੇ ਅਰਦਾਸ ਤੋਂ ਬਾਅਦ ਤਿੰਨ ਵਜੇ ਸਮਾਗਮ ਦੀ ਸਮਾਪਤੀ ਹੋਵੇਗੀ।

ਉਨ੍ਹਾਂ ਦਾ ਜਨਮ ਪਿੰਡ ਕੋਟਲਾ ਮਿਹਰ ਸਿੰਘਵਾਲਾ ਵਿਖੇ 15 ਜੂਨ 1942 ਨੂੰ ਹੋਇਆ ਸੀ। 23 ਵਰ੍ਹਿਆਂ ਦੀ ਉਮਰ ਵਿਚ ਉਨ੍ਹਾਂ ਫਿਜ਼ਿਕਸ ਵਿਸ਼ੇ ਵਿਚ ਮਾਸਟਰਜ਼ ਡਿਗਰੀ ਕੀਤੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੜ੍ਹਾਉਣਾ ਸ਼ੁਰੂ ਕੀਤਾ।

1970 ਵਿਚ ਵਿਆਹ ਪਿਛੋਂ ਉਨ੍ਹਾਂ ਪੀਟਰਬਰੋ, ਓਂਟਾਰੀਓ (ਕੈਨੇਡਾ) ਦੀ ਟ੍ਰੈਂਟ ਯੂਨੀਵਰਸਿਟੀ ਤੋਂ ਦੂਜੀ ਮਾਸਟਰ ਡਿਗਰੀ ਕਰਨ ਪਿਛੋਂ ਜੀਓ ਫਿਜ਼ਿਕਸ ਵਿਚ ਪੀਐਚ.ਡੀ. ਕੀਤੀ। 1979 ਵਿਚ ਉਹ ਲੰਦਨ, ਓਂਟਾਰੀਓ (ਕੈਨੇਡਾ) ਵਿਚ ਆ ਵੱਸੇ। ਇਸ ਤੋਂ ਬਾਅਦ ਉਹ ਅਮਰੀਕਾ ਆ ਗਏ। ਉਹ ਯੂਨੀਵਰਸਿਟੀ ਆਫ ਡੇਅਟਨ ਰੀਸਰਚ ਇੰਸਟੀਚਿਊਟ ਵਿਚ ਪਹਿਲਾਂ ਖੋਜਾਰਥੀ ਤੇ ਫਿਰ ਪ੍ਰੋਫੈਸਰ ਬਣ ਗਏ ਅਤੇ ਯੂਨੀਵਰਸਿਟੀ ਨਾਲ 26 ਸਾਲ ਜੁੜੇ ਰਹੇ। ਇਸ ਤੋਂ ਇਲਾਵਾ ਉਹ ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਅਤੇ ਰੋਡ ਆਈਲੈਂਡ ਦੀ ਬਰਾਊਨ ਯੂਨੀਵਰਸਿਟੀ ਵਿਚ ਵਿਜ਼ਟਿੰਗ ਪ੍ਰੋਫੈਸਰ ਸਨ। ਡਾ. ਬਰਾੜ ਨੇ ਸਮੁੱਚਾ ਜੀਵਨ ਸਿੱਖਿਆ, ਪਰਿਵਾਰ ਅਤੇ ਸਿੱਖ ਭਾਈਚਾਰੇ ਨੂੰ ਸਮਰਪਿਤ ਕੀਤਾ ਹੋਇਆ ਸੀ।

ਡਾ. ਬਰਾੜ ਦੀ ਘਾਟ ਉਨ੍ਹਾਂ ਦੇ ਪਰਿਵਾਰ ਤੇ ਮਿੱਤਰਾਂ-ਦੋਸਤਾਂ ਨੂੰ ਹਮੇਸ਼ਾ ਰੜਕਦੀ ਰਹੇਗੀ। ਪਰਿਵਾਰ ਨਾਲ ਸੰਪਰਕ ਫੋਨ: 937-438-4651 ਰਾਹੀਂ ਕੀਤਾ ਜਾ ਸਕਦਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 8 ਅਪਰੈਲ 2017*

# ਅਦਾਲਤੀ ਫੈਸਲੇ ਬਨਾਮ ਸਰਕਾਰਾਂ

ਸੁਪਰੀਮ ਕੋਰਟ ਵੱਲੋਂ ਸ਼ਰਾਬ ਦੇ ਠੇਕੇ, ਕੌਮੀ ਅਤੇ ਰਾਜ ਮਾਰਗਾਂ ਤੋਂ 500 ਮੀਟਰ ਦੂਰ ਲਿਜਾਣ ਦੇ ਫੈਸਲੇ ਨੇ ਇਕ ਲਿਹਾਜ਼ ਨਾਲ ਖਲਬਲੀ ਮਚਾ ਦਿੱਤੀ ਹੈ। ਅਦਾਲਤ ਦੇ ਇਸ ਫੈਸਲੇ ਨਾਲ ਸ਼ਰਾਬ ਦੇ ਕਾਰੋਬਾਰੀ ਤਾਂ ਅਸਰਅੰਦਾਜ਼ ਹੋਏ ਹੀ ਹਨ, ਕਈ ਥਾਂਵਾਂ ਉਤੇ ਵੱਖ ਵੱਖ ਹੋਟਲਾਂ, ਬਾਰਾਂ, ਕਲੱਬਾਂ ਅਤੇ ਮੈਰਿਜ ਪੈਲੇਸਾਂ ਦੇ ਮਾਲਕਾਂ ਉਤੇ ਵੀ ਇਸ ਦਾ ਸਿੱਧਾ ਅਸਰ ਪਿਆ ਹੈ। ਇਸ ਮਸਲੇ ਬਾਰੇ ਪਹਿਲਾਂ ਕਾਫੀ ਦੇਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਅਤੇ ਫਿਰ ਸੁਪਰੀਮ ਕੋਰਟ ਅੰਦਰ ਬਹਿਸ-ਮੁਬਾਹਸੇ ਚੱਲੇ, ਪਰ ਇਸ ਪ੍ਰਕ੍ਰਿਆ ਦੌਰਾਨ ਧਿਰ ਸਿਰਫ ਸ਼ਰਾਬ ਦੇ ਕਾਰੋਬਾਰੀ ਹੀ ਬਣੇ ਸਨ। ਇਹ ਮਸਲਾ ਅਸਲ ਵਿਚ ਸ਼ਰਾਬ ਪੀ ਕੇ ਵਾਹਨ ਚਲਾਉਣ ਕਾਰਨ ਵਾਪਰਦੇ ਸੜਕ ਹਾਦਸਿਆਂ ਨਾਲ ਸਬੰਧਤ ਸੀ। ਅੰਕੜੇ ਦੱਸਦੇ ਹਨ ਕਿ ਮੁਲਕ ਵਿਚ ਹਰ ਸਾਲ 6000 ਤੋਂ ਵੱਧ ਮੌਤਾਂ ਅਜਿਹੇ ਹਾਦਸਿਆਂ ਕਾਰਨ ਹੀ ਹੁੰਦੀਆਂ ਹਨ। ਇਸ ਬਾਰੇ ਬਹੁਤ ਵਾਰ ਹਾਲ-ਦੁਹਾਈ ਪਈ, ਪਰ ਨਾ ਕੇਂਦਰ ਸਰਕਾਰ ਅਤੇ ਨਾ ਹੀ ਕਿਸੇ ਸੂਬੇ ਦੀ ਸਰਕਾਰ ਨੇ ਇਸ ਪਾਸੇ ਕੰਨ ਧਰਿਆ। ਹਾਂ, ਕੁਝ ਸੂਬਿਆਂ ਅੰਦਰ ਸ਼ਰਾਬਬੰਦੀ ਜ਼ਰੂਰ ਹੋਈ; ਮਸਲਨ, ਅੱਜ ਕੱਲ੍ਹ ਬਿਹਾਰ ਅਤੇ ਗੁਜਰਾਤ ਵਿਚ ਸ਼ਰਾਬਬੰਦੀ ਹੈ, ਪਰ ਇਨ੍ਹਾਂ ਦੋਹਾਂ ਸੂਬਿਆਂ ਦਾ ਹਾਲ ਇਹ ਹੈ ਕਿ ਚੋਰ-ਮੋਰੀਆਂ ਰਾਹੀਂ ਇਹ ਧੰਦਾ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹੈ, ਮੁਕੰਮਲ ਪਾਬੰਦੀ ਉਥੇ ਵੀ ਲਾਈ ਨਹੀਂ ਜਾ ਸਕੀ ਹੈ। ਪਹਿਲਾਂ ਵੀ ਮੁਲਕ ਦੇ ਕਈ ਸੂਬਿਆਂ ਵਿਚ ਸ਼ਰਾਬਬੰਦੀ ਹੋਈ ਸੀ, ਪਰ ਆਖਰਕਾਰ ਇਹ ਸ਼ਰਾਬਬੰਦੀ ਟੁੱਟਦੀ ਰਹੀ ਹੈ। ਇਸ ਮਾਮਲੇ ਵਿਚ ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਦੀ ਮਿਸਾਲ ਸਭ ਤੋਂ ਉਤਮ ਹੈ। ਉਥੇ ਬੰਸੀ ਲਾਲ ਸਰਕਾਰ ਨੇ ਸ਼ਰਾਬਬੰਦੀ ਦਾ ਐਲਾਨ ਕੀਤਾ ਸੀ, ਪਰ ਸਰਕਾਰ ਨੂੰ ਛੇਤੀ ਹੀ ਇਹ ਫੈਸਲਾ ਵਾਪਸ ਲੈਣਾ ਪਿਆ ਸੀ। ਇਥੇ ਹੀ ਮਸਲੇ ਦੀ ਅਸਲ ਘੁੰਡੀ ਅੜੀ ਹੋਈ ਹੈ। ਮੁਲਕ ਦੇ ਕਿਸੇ ਵੀ ਸੂਬੇ ਦੀ ਸਰਕਾਰ ਨੇ ਇਸ ਧੰਦੇ ਨੂੰ ਠੱਲ੍ਹਣਾ ਤਾਂ ਇਕ ਪਾਸੇ ਰਿਹਾ, ਇਸ ਬਾਰੇ ਕਦੀ ਇੱਛਾ ਸ਼ਕਤੀ ਵੀ ਨਹੀਂ ਦਿਖਾਈ। ਇਸੇ ਕਰ ਕੇ ਅੱਜ ਤੱਕ ਕਿਸੇ ਵੀ ਸੂਬੇ ਵਿਚ ਇਸ ਬਾਰੇ ਕੋਈ ਸਪਸ਼ਟ ਨੀਤੀ ਨਹੀਂ। ਦਰਅਸਲ, ਹਰ ਸਰਕਾਰ ਦੀ ਕਮਾਈ ਦਾ ਵੱਡਾ ਹਿੱਸਾ ਸ਼ਰਾਬ ਦੇ ਕਾਰੋਬਾਰ ਤੋਂ ਆਉਂਦਾ ਹੈ। ਇਸ ਕੇਸ ਵਿਚ ਤਾਂ ਪੰਜਾਬ ਦੀ ਮਿਸਾਲ ਹੋਰ ਵੀ ਭਿਅੰਕਰ ਰੂਪ ਪੇਸ਼ ਕਰਦੀ ਹੈ। ਪਿੰਡਾਂ ਦੀ ਕਈ ਪੰਚਾਇਤਾਂ ਨੇ ਮਤੇ ਪਾਸ ਕਰ ਕੇ ਪਿੰਡਾਂ ਵਿਚ ਠੇਕੇ ਨਾ ਖੋਲ੍ਹਣ ਦੀਆਂ ਅਪੀਲਾਂ ਕੀਤੀਆਂ, ਪਰ ਕਿਸੇ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ। ਸ਼ਰਾਬ ਦੇ ਠੇਕੇਦਾਰ ਸਗੋਂ ਸਰਕਾਰ ਦੀ ਹਮਾਇਤ ਅਤੇ ਆਪਣੇ ਬਾਹੂਬਲ ਰਾਹੀਂ ਪਿੰਡ ਪਿੰਡ ਠੇਕੇ ਖੋਲ੍ਹ ਰਹੇ ਹਨ। ਕਈ ਮਿਸਾਲਾਂ ਤਾਂ ਅਜਿਹੀਆਂ ਵੀ ਹਨ ਕਿ ਲਾਇਸੈਂਸ ਕਿਸੇ ਇਕ ਠੇਕੇ ਦਾ ਹੁੰਦਾ ਹੈ, ਪਰ ਉਸ ਇਕ ਲਾਇਸੈਂਸ ਉਤੇ ਚਾਰ ਹੋਰ ਪਿੰਡਾਂ ਵਿਚ ਠੇਕੇ ਖੋਲ੍ਹ ਦਿੱਤੇ ਜਾਂਦੇ ਹਨ। ਇਸ ਕਾਰੋਬਾਰ ਨਾਲ ਕਿਉਂਕਿ ਅਸਰ-ਰਸੂਖ ਵਾਲੇ ਲੋਕ ਜੁੜੇ ਹੋਏ ਹਨ, ਇਸ ਕਰ ਕੇ ਆਮ ਲੋਕਾਂ ਦੀ ਕਿਤੇ ਕੋਈ ਸੁਣਵਾਈ ਨਹੀਂ ਹੁੰਦੀ। ਇਹੀ ਕਾਰਨ ਹੈ ਕਿ ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਖਿਲਾਫ ਪਿੰਡ ਪਿੰਡ ਮਤੇ ਪਾਸ ਕਰਵਾਉਣ ਦੇ ਬਾਵਜੂਦ ਠੇਕੇ ਖੁੱਲ੍ਹ ਰਹੇ ਹਨ। ਹੋਰ ਸੂਬਿਆਂ ਅਤੇ ਉਥੋਂ ਦੀਆਂ ਸਰਕਾਰਾਂ ਦਾ ਹਾਲ ਵੀ ਇਸ ਨਾਲੋਂ ਕੋਈ ਬਿਹਤਰ ਨਹੀਂ। ਕਦੀ ਕਿਸੇ ਸਿਆਸੀ ਪਾਰਟੀ ਜਾਂ ਇਨ੍ਹਾਂ ਦੇ ਆਗੂਆਂ ਨੇ ਸੋਚਿਆ ਤੱਕ ਨਹੀਂ ਕਿ ਇਸ ਮਸਲੇ ਦਾ ਸਮਾਜ ਉਤੇ ਕਿੰਨਾ ਅਸਰ ਪੈ ਰਿਹਾ ਹੈ। ਇਸ ਮਾਮਲੇ 'ਤੇ ਹਰ ਪਾਰਟੀ ਹੀ ਘੇਸਲ ਮਾਰ ਜਾਂਦੀ ਹੈ। ਸਿੱਟੇ ਵਜੋਂ ਇਹ ਧੰਦਾ ਨਿਰਵਿਘਨ ਚਲਦਾ ਰਹਿੰਦਾ ਹੈ।

ਇਹ ਤੱਥ ਸਹੀ ਹੈ ਕਿ ਐਤਕੀਂ ਇਸ ਮਾਮਲੇ 'ਤੇ ਅਦਾਲਤ ਨੇ ਕੁਝ ਜ਼ਿਆਦਾ ਹੀ ਸਖਤੀ ਦਿਖਾਈ ਹੈ। ਇਸ ਨੇ ਸ਼ਰਾਬ ਦੇ ਠੇਕਿਆਂ ਜਿਥੇ ਸ਼ਰਾਬ ਮੁੱਖ ਰੂਪ ਵਿਚ ਵਿਕਦੀ ਹੈ, ਦੇ ਨਾਲ ਨਾਲ ਮੈਰਿਜ ਪੈਲੇਸਾਂ, ਕਲੱਬਾਂ, ਬਾਰਾਂ ਅਤੇ ਹੋਟਲਾਂ ਨੂੰ ਵੀ ਘੇਰੇ ਵਿਚ ਲੈ ਲਿਆ ਹੈ। ਇਸੇ ਕਰ ਕੇ ਹੀ ਇਸ ਧੰਦੇ ਨਾਲ ਜੁੜੇ ਕਾਰੋਬਾਰੀ ਅਤੇ ਕਾਮੇ ਹੁਣ ਸੜਕਾਂ ਉਤੇ ਨਿਕਲ ਆਏ ਹਨ ਤੇ ਰੋਸ ਵਿਖਾਵੇ ਕਰ ਰਹੇ ਹਨ। ਇਸੇ ਦਬਾਅ ਕਾਰਨ ਕਈ ਸੂਬਾ ਸਰਕਾਰਾਂ ਨੇ ਕੌਮੀ ਅਤੇ ਰਾਜ ਮਾਰਗਾਂ ਨੂੰ ਡੀਨੋਟੀਫਾਈ ਕਰਨਾ ਅਰੰਭ ਦਿੱਤਾ ਹੈ; ਭਾਵ ਇਹ ਕਿ ਅਜਿਹੇ ਮਾਰਗਾਂ ਨੂੰ ਕੌਮੀ ਅਤੇ ਰਾਜ ਮਾਰਗਾਂ ਵਾਲੀ ਸੂਚੀ ਵਿਚੋਂ ਕੱਢਿਆ ਜਾ ਰਿਹਾ ਹੈ। ਨਾ ਰਹੇਗਾ ਬਾਂਸ ਅਤੇ ਨਾ ਵੱਜੇਗੀ ਬੰਸਰੀ! ਇਹ ਹੈ ਸਰਕਾਰਾਂ ਦਾ ਅਹਿਮ ਮਸਲੇ ਨਜਿੱਠਣ ਦਾ ਤਰੀਕਾ! ਅਦਾਲਤ ਦਾ ਸਖਤ ਫੈਸਲਾ ਆਇਆ ਹੀ ਤਾਂ ਸੀ, ਕਿਉਂਕਿ ਇਸ ਮਸਲੇ ਬਾਰੇ ਕੇਂਦਰੀ ਅਤੇ ਸੂਬਾ ਸਰਕਾਰਾਂ ਕੋਈ ਨੀਤੀ ਘੜਨ ਵਿਚ ਅਸਫਲ ਰਹੀਆਂ ਹਨ। ਪੱਛਮ ਵੱਲ ਨਿਗ੍ਹਾ ਮਾਰੀਏ ਤਾਂ ਇਕ ਹੀ ਨੁਕਤੇ ਤੋਂ ਸਾਰੀ ਹਾਲਤ ਸਮਝ ਆ ਜਾਂਦੀ ਹੈ। ਇਥੇ ਸ਼ਰਾਬ ਪੀ ਕੇ ਵਾਹਨ ਚਲਾਉਣ ਦੀ ਮਨਾਹੀ ਹੈ ਅਤੇ ਕੋਈ ਵੀ ਇਸ ਕਾਨੂੰਨ ਨੂੰ ਤੋੜਨ ਦੀ ਹਿਮਾਕਤ ਨਹੀਂ ਕਰਦਾ। ਜਿਹੜਾ ਅਜਿਹੀ ਗਲਤੀ ਕਰਦਾ ਹੈ, ਉਸ ਨੂੰ ਬਾਕਾਇਦਾ ਸਜ਼ਾ ਮਿਲਦੀ ਹੈ ਅਤੇ ਅਗਲਾ, ਅਗਲੀ ਵਾਰ ਇਹ ਗਲਤੀ ਕਰਨ ਵੇਲੇ ਸੌ ਵਾਰ ਸੋਚਦਾ ਹੈ। ਗਲਤੀ ਕਰਨ ਵਾਲੇ ਨੂੰ ਡਰਾਈਵਿੰਗ ਲਾਇਸੈਂਸ ਤੋਂ ਵਿਰਵਾਂ ਤੱਕ ਕਰ ਦਿੱਤਾ ਜਾਂਦਾ ਹੈ। ਜ਼ਾਹਰ ਹੈ ਕਿ ਭਾਰਤ ਅੰਦਰ ਬਹੁਤੀਆਂ ਖਾਮੀਆਂ ਤਾਂ ਉਥੋਂ ਦੀਆਂ ਸਰਕਾਰਾਂ ਦੀ ਨਾ-ਅਹਿਲੀਅਤ ਨਾਲ ਜੁੜੀਆਂ ਹੋਈਆਂ ਹਨ। ਸਮੁੱਚਾ ਢਾਂਚਾ ਕਿਉਂਕਿ ਚੋਣ-ਢਾਂਚੇ ਨਾਲ ਸਿੱਧਾ ਜੁੜ ਗਿਆ ਹੈ, ਇਸ ਲਈ ਸਰਕਾਰ ਚਲਾ ਰਹੀਆਂ ਪਾਰਟੀਆਂ ਅਤੇ ਆਗੂ ਸਿਰਫ ਵੋਟਾਂ ਦਾ ਹੀ ਧਿਆਨ ਰੱਖਦੇ ਹਨ। ਹੋਰ ਕੋਈ ਵੀ ਫੈਸਲਾ ਜਾਂ ਮਸਲਾ ਇਨ੍ਹਾਂ ਦੇ ਏਜੰਡੇ ਉਤੇ ਨਹੀਂ ਹੈ। ਉਪਰੋਕਤ ਮਸਲੇ ਵਿਚ ਅਦਾਲਤ ਨੂੰ ਦਖਲ ਵੀ ਸਰਕਾਰੀ ਨਾ-ਅਹਿਲੀਅਤ ਕਾਰਨ ਹੀ ਦੇਣਾ ਪਿਆ ਹੈ। ਹੁਣ ਵੀ ਸਰਕਾਰ ਨੇ ਇਹ ਮਸਲਾ ਸੋਚਣ-ਵਿਚਾਰਨ ਦੀ ਥਾਂ ਮਾਰਗਾਂ ਨੂੰ ਡੀਨੋਟੀਫਾਈ ਕਰਨ ਵਾਲਾ ਸੌਖਾ ਰਾਹ ਅਪਨਾ ਲਿਆ ਹੈ। ਜ਼ਾਹਰ ਹੈ ਕਿ ਅਦਾਲਤੀ ਦਖਲ ਦੇ ਬਾਵਜੂਦ ਪਰਨਾਲਾ ਉਥੇ ਦਾ ਉਥੇ ਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਦੋ ਹੀ ਕਾਫੀ?*

ਨਦੀ ਚੋਣਾਂ ਦੀ ਸੱਚ ਨੂੰ ਡੋਬ ਦੇਵੇ, 'ਜੁਮਲੇ' ਝੂਠ ਦੇ ਆਸਰੇ ਪਾਰ ਜਾਂਦੇ।
ਹੌਕੇ ਲੈਂਦੀ ਰਹਿ ਜਾਏ ਈਮਾਨਦਾਰੀ, ਬੇਈਮਾਨੀ ਦੇ ਤੀਰ ਹੀ ਮਾਰ ਜਾਂਦੇ।
ਪਾਪੀ ਰਹਿਣ 'ਪੁਰਾਣੇ' ਹੀ ਖੇਡਦੇ ਜੋ, ਦੋਵੇਂ ਰਲ ਕੇ 'ਤੀਜੇ' ਨੂੰ 'ਚਾਰ' ਜਾਂਦੇ।
ਸਾਰੇ ਫਲਸਫੇ ਲਾ ਲਾ ਕੇ ਜੋਰ ਹੰਭੇ, ਨੇੜੇ ਜਿੱਤ ਦੇ ਪਹੁੰਚ ਕੇ ਹਾਰ ਜਾਂਦੇ।
ਕਿਥੋਂ ਚਮਕਣੀ ਕਿਰਨ ਦੀ ਆਸ ਦੱਸੋ, ਚਾਰੇ ਤਰਫ ਹੀ ਘੁੱਪ ਹਨੇਰ ਵਿਚੋਂ।
'ਲਾਲ' ਸੂਹੇ ਅੰਗਿਆਰ ਨਾ ਸੁਲਘਣੇ ਜੀ, ਫੂਕਾਂ ਮਾਰਿਆਂ ਸੁਆਹ ਦੇ ਢੇਰ ਵਿਚੋਂ!

# ਧਾਰਮਿਕ ਕੱਟੜਵਾਦ ਦਾ ਖਤਰਾ

*ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਆਰ.ਐਸ.ਐਸ. ਦੀ ਸਿਆਸਤ ਨੇ ਹਰ ਸੰਜੀਦਾ ਸ਼ਖਸ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਇਨ੍ਹਾਂ ਦੋਹਾਂ ਜਥੇਬੰਦੀਆਂ ਅਤੇ ਕੇਂਦਰ ਸਰਕਾਰ ਦੀ ਹਰ ਸਰਗਰਮੀ ਧਾਰਮਿਕ ਕੱਟੜਤਾ ਨਾਲ ਕਦਮ ਮਿਲਾ ਕੇ ਚੱਲ ਰਹੀ ਹੈ। ਇਸ ਨਾਲ ਘੱਟਗਿਣਤੀਆਂ ਵਿਚ ਖੌਫ ਪੈਦਾ ਹੋਣਾ ਸੁਭਾਵਿਕ ਜਿਹੀ ਗੱਲ ਹੈ। ਭਾਰਤ ਅੰਦਰ ਤੇਜ਼ੀ ਨਾਲ ਬਦਲ ਰਹੇ ਇਸ ਸਮੁਚੇ ਵਰਤਾਰੇ ਬਾਰੇ ਬੀਰ ਦੇਵਿੰਦਰ ਸਿੰਘ ਨੇ ਆਪਣੇ ਇਸ ਲੇਖ ਵਿਚ ਵਿਸਥਾਰ ਸਹਿਤ ਚਰਚਾ ਕੀਤੀ ਹੈ। -ਸੰਪਾਦਕ*

ਮਨ ਵਿਚ ਜ਼ਬਰਦਸਤ ਤੌਖਲਾ ਹੈ ਕਿ ਭਾਰਤ ਇਸ ਸਮੇਂ ਤੇਜ਼ੀ ਨਾਲ ਤਿੱਖੀ ਘਰੇਲੂ ਜੰਗ ਵਧ ਰਿਹਾ ਹੈ। ਜਿਥੇ ਅਜਿਹੇ ਖ਼ਦਸ਼ੇ ਦਾ ਅਗਾਊਂ ਬੋਧ ਮੇਰੀ ਚਿੰਤਾ ਦਾ ਵਿਸ਼ਾ ਹੈ, ਉਥੇ ਇਸ ਚਿੰਤਾਜਨਕ ਹਾਲਤ ਦੀ ਦ੍ਰਿਸ਼ਟੀ ਵਿਚ, ਸਮੇਂ ਦੇ ਗਰਭ ਵਿਚ ਪਲ ਰਹੀ ਮਜ਼ਹਬੀ ਸੰਕੀਰਨਤਾ (ਕੱਟੜਤਾ) ਦੇ ਵਿਰਾਟ ਰੂਪ ਦਾ, ਸਹੀ ਪ੍ਰਸੰਗ ਵਿਚ ਉਲੇਖ ਕਰਨਾ ਮੇਰੀ ਸਮਾਜਿਕ ਅਤੇ ਬੌਧਿਕ ਜ਼ਿੰਮੇਵਾਰੀ ਵੀ ਹੈ। ਮੇਰਾ ਮੰਨਣਾ ਹੈ ਕਿ ਇਸ ਕਿਸਮ ਦੀ ਨਫ਼ਰਤ-ਅੰਗੇਜ਼ ਮਜ਼ਹਬੀ ਸੰਕੀਰਨਤਾ ਅੰਦਰ ਦੇਸ਼ ਦੀ ਅਖੰਡਤਾ ਨੂੰ ਖੇਰੂੰ ਖੇਰੂੰ ਕਰਨ ਦੀਆਂ ਸਾਰੀਆਂ ਸੰਭਾਵਨਾਵਾਂ ਪਨਪ ਰਹੀਆਂ ਹਨ।

ਭਾਰਤੀ ਸੰਵਿਧਾਨ ਅਨੁਸਾਰ ਸਥਾਪਿਤ ਧਰਮ ਨਿਰਪੱਖ ਪਰਜਾਤੰਤਰ ਨੇ ਹੁਣ 'ਬਹੁਵਾਦ ਆਧਾਰਿਤ ਪਰਜਾਤੰਤਰ' ਦਾ ਰੂਪ ਵਟਾ ਲਿਆ ਹੈ। ਧਰਮ ਨਿਰਪੱਖਤਾ ਦੇ ਸਾਰੇ ਮਖੌਟੇ ਉਤਰ ਗਏ ਜਾਪਦੇ ਹਨ। ਸੰਕੀਰਨ ਹਿੰਦੂਤਵ ਦੇ ਹਾਮੀ ਤੇ ਕੱਟੜਪੰਥੀ, ਸਵਾਮੀ ਅਦਿਤਿਆ ਨਾਥ ਯੋਗੀ ਨੂੰ ਸਭ ਤੋਂ ਵੱਡੇਸੂਬੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸਥਾਪਿਤ ਕਰਨ ਨਾਲ, ਭਾਜਪਾ ਦੇ ਹਿੰਦੂਵਾਦ ਦਾ ਲੁਕਵਾਂ ਏਜੰਡਾ ਸਪਸ਼ਟ ਰੂਪ ਵਿਚ ਬੇਨਕਾਬ ਹੋ ਚੁੱਕਾ ਹੈ। ਇਹ ਵੀ ਸਪਸ਼ਟ ਹੈ ਕਿ ਭਾਰਤ

ਬੀਰ ਦੇਵਿੰਦਰ ਸਿੰਘ

ਸਰਕਾਰ ਦੀ ਅਸਲ ਵਾਗਡੋਰ ਤਾਂ ਨਾਗਪੁਰ ਵਿਚ ਬੈਠੇ, ਆਰ.ਐਸ.ਐਸ. ਦੇ ਮਹਾਂਰਥੀਆਂ ਦੇ ਹੱਥ ਵਿਚ ਹੈ। ਮੇਰਾ ਮੰਨਣਾ ਹੈ ਕਿ ਭਾਰਤ ਸਰਕਾਰ ਦੇ ਸਾਰੇ ਅਤਿ ਮਹੱਤਵਪੂਰਨ ਨੀਤੀਗਤ ਫ਼ੈਸਲੇ ਆਰ.ਐਸ.ਐਸ. ਦੇ ਸਦਰ ਮੁਕਾਮ, ਨਾਗਪੁਰ ਵਿਚ ਵਿਚ ਹੀ ਕੀਤੇ ਜਾ ਰਹੇ ਹਨ। ਦਿੱਲੀ ਤਾਂ ਕੇਵਲ ਨਾਗਪੁਰ ਵਿਚ ਕੀਤੇ ਫ਼ੈਸਲਿਆਂ ਨੂੰ ਹੂ-ਬ-ਹੂ ਰੂਪ ਦੇਣ ਲਈ ਕੰਮ ਕਰ ਰਹੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤਾਂ ਘੱਟਗਿਣਤੀਆਂ ਅਤੇ ਧਰਮ ਨਿਰਪੱਖਤਾ ਵਿਚ ਵਿਸ਼ਵਾਸ ਰੱਖਣ ਵਾਲੇ ਦੇਸ਼ ਵਾਸੀਆਂ ਦੇ ਭਰਮ ਪਾਲਣ ਲਈ ਕੇਵਲ ਮਖੌਟਾ ਹਨ।

ਆਉਣ ਵਾਲਾ ਸਮਾਂ ਦੇਸ਼ ਦੀਆਂ ਘੱਟਗਿਣਤੀਆਂ ਦੇ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਵਿਕਾਸ ਲਈ ਬਹੁਤਾ ਸੌਖਾ ਨਹੀਂ ਜਾਪਦਾ। ਅਜਿਹੇ ਨਾ-ਮਿਹਰਬਾਨ ਸਮਿਆਂ ਵਿਚ ਜਦੋਂ ਆਰ.ਐਸ.ਐਸ. ਦੀ ਸਰਪ੍ਰਸਤੀ ਹੇਠ ਚੱਲ ਰਹੀ ਭਾਜਪਾ ਦੀ ਕੇਂਦਰ ਸਰਕਾਰ ਦੇਸ਼ ਦਾ ਨਿੱਠ ਕੇ ਭਗਵਾਂਕਰਨ ਕਰ ਰਹੀ ਹੈ ਤਾਂ ਅਜਿਹੇ ਖ਼ਤਰਨਾਕ ਦੌਰ ਵਿਚ ਦੇਸ਼ ਦੀਆਂ ਧਾਰਮਿਕ ਅਤੇ ਭਾਸ਼ਾਈ ਘੱਟਗਿਣਤੀਆਂ ਵਾਸਤੇ, ਹੁਣ ਕਿਹੜੇ ਬਦਲ ਸਾਹਮਣੇ ਹਨ, ਇਹ ਗੱਲ ਵਿਚਾਰਨਯੋਗ ਹੈ। ਜਦੋਂ ਗੋਰਖਪੁਰ ਦੇ ਹਿੰਦੂ ਮੱਠ ਦੇ ਵਿਵਾਦਾਂ ਵਿਚ ਘਿਰੇ ਪ੍ਰਧਾਨ ਯੋਗੀ ਅਦਿਤਿਆ ਨਾਥ ਨੂੰ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਥਾਪਿਆ ਜਾਂਦਾ ਹੈ, ਬਾਵਜੂਦ ਇਸ ਦੇ ਕਿ ਉਹ ਉਤਰ ਪ੍ਰਦੇਸ਼ ਦੇ ਕਿਸੇ ਵੀ ਵਿਧਾਨਕ ਸਦਨ ਦਾ ਮੈਂਬਰ ਨਹੀਂ, ਤਦ ਪ੍ਰਧਾਨ ਮੰਤਰੀ ਮੋਦੀ ਅਤੇ ਅਮਿਤ ਸ਼ਾਹ ਦੇ ਭਾਰਤ ਨੂੰ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨ ਦੇ ਮਨਸ਼ੇ ਸਪਸ਼ਟ ਹੋ ਗਏ ਹਨ। ਜਦੋਂ ਹਿੰਦੂ-ਮਤ ਦੇ ਇਕ ਪੀਠ ਦੇ ਨਿਰੰਕੁਸ਼ ਮੁਖੀ ਨੂੰ ਭਗਵਾਂ ਯੋਗੀ ਹੋਣ ਦੇ ਨਾਲ ਨਾਲ ਨਿਰੰਕੁਸ਼ ਰਾਜਸ਼ਕਤੀ ਦੇ ਵੀ ਸਾਰੇ ਅਧਿਕਾਰ ਪ੍ਰਾਪਤ ਹੋ ਜਾਂਦੇ ਹਨ ਤਾਂ ਉਸ ਪਾਸੋਂ ਉਤਰ ਪ੍ਰਦੇਸ਼ ਦੀਆਂ ਮੁਸਲਿਮ ਘੱਟਗਿਣਤੀਆਂ ਜਿਨ੍ਹਾਂ ਦੇ ਖਿਲਾਫ਼ ਉਹ ਜ਼ਹਿਰ ਉਗਲਣ ਲਈ ਜਾਣਿਆ ਜਾਂਦਾ ਰਿਹਾ ਹੋਵੇ, ਉਹ ਉਸ ਪਾਸੋਂ ਕਿਹੜੇ ਨਿਆਂ ਦੀ ਤਵੱਕੋ ਰੱਖ ਸਕਦੇ ਹਨ। ਜ਼ਾਹਿਰ ਹੈ ਕਿ ਯੂ.ਪੀ. ਦੇ ਮੁੱਖ ਮੰਤਰੀ ਦੀ ਨਿਯੁਕਤੀ ਦਾ ਫ਼ੈਸਲਾ ਆਰ.ਐਸ.ਐਸ. ਵੱਲੋਂ ਭਾਰਤ ਨੂੰ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨ ਦੀ ਭਵਿਖੀ ਯੋਜਨਾ ਅਨੁਸਾਰ ਮਿਥ ਕੇ ਚੁੱਕਿਆ ਕਦਮ ਹੈ ਜਿਸ ਦੇ ਦੂਰਗਾਮੀ ਨਾਂਹ-ਪੱਖੀ ਸਿੱਟੇ ਸਮੇਂ ਤੋਂ ਪਹਿਲਾਂ ਹੀ ਨਜ਼ਰ ਆਉਣੇ ਸ਼ੁਰੂ ਹੋ ਜਾਣਗੇ।

ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਅੱਜ ਭਾਰਤ ਵਿਚ ਸੂਬਿਆਂ ਦੇ ਨਵੇਂ ਚੁਣੇ ਜਾ ਰਹੇ ਭਾਜਪਾ ਦੇ ਮੁੱਖ ਮੰਤਰੀ, ਰਾਜਪਾਲ ਤੇ ਯੂਨੀਵਰਸਿਟੀਆਂ ਦੇ ਉਪ ਕੁਲਪਤੀ, ਆਰ.ਐਸ.ਐਸ. ਦੇ ਪ੍ਰਚਾਰਕਾਂ ਵਿਚੋਂ ਹੀ ਲਾਏ ਜਾ ਰਹੇ ਹਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਪਾਠ ਪੁਸਤਕਾਂ ਦੇ ਪਾਠਕ੍ਰਮ ਆਰ.ਐਸ.ਐਸ. ਦੇ ਧਨੰਤਰ ਬੁੱਧੀਜੀਵੀਆਂ ਦੀ ਦੇਖ-ਰੇਖ ਅਤੇ ਦਿਸ਼ਾ-ਨਿਰਦੇਸ਼ਾਂ ਅਧੀਨ ਬਦਲੇ ਜਾ ਰਹੇ ਹਨ।

ਦੇਸ਼ ਵਿਚ ਹਰ ਪੱਧਰ 'ਤੇ ਸਿੱਖਿਆ ਸੰਚਾਰ ਪ੍ਰਣਾਲੀ ਦਾ ਭਗਵਾਂਕਰਨ ਹੋ ਰਿਹਾ ਹੈ। ਦੇਸ਼ ਦੇ ਇਲੈਕਟ੍ਰਾਨਿਕ ਮਾਧਿਅਮਾਂ ਰਾਹੀਂ ਟੀ.ਵੀ. ਚੈਨਲਾਂ ਉਪਰ ਚਲੰਤ ਮਾਮਲਿਆਂ ਵਿਚ ਹੋਣ ਵਾਲੀ ਨਿੱਤ ਦੀ ਬਹਿਸ ਵਿਚ ਨਵਾਂ ਵਿਸ਼ੇਸ਼ ਰੁਝਾਨ ਸਾਹਮਣੇ ਆ ਰਿਹਾ ਹੈ ਕਿ ਭਾਜਪਾ ਦੇ ਅਧਿਕਾਰਤ ਨੁਮਾਇੰਦਿਆਂ ਦੇ ਨਾਲ ਨਾਲ ਆਰ.ਐਸ.ਐਸ. ਦੇ ਵਿਚਾਰ ਸ਼ਾਸਤਰੀ ਵੀ ਬਰਾਬਰ ਬੈਠਣ ਲੱਗ ਪਏ ਹਨ। ਉਹ ਟੀ.ਵੀ. ਚੈਨਲਾਂ 'ਤੇ ਹੋਣ ਵਾਲੀ ਹਰ ਬਹਿਸ ਨੂੰ ਆਰ.ਐਸ.ਐਸ. ਦੀ ਵਿਚਾਰਧਾਰਾ ਅਨੁਸਾਰ ਨਿਯਮਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਕ ਤਰੀਕੇ ਨਾਲ ਭਾਜਪਾ ਦੇ ਬੁਲਾਰਿਆਂ ਵੱਲੋਂ ਟੀ.ਵੀ. ਚੈਨਲ 'ਤੇ ਕਹੀ ਗਈ ਹਰ ਗੱਲ ਨੂੰ ਤਰਕ-ਵਿਤਰਕ ਦੇ ਪੱਖੋਂ ਆਰ.ਐਸ.ਐਸ. ਦੀ ਵਿਚਾਰਧਾਰਾ ਦੀ ਬਾਰੀਕ ਛਾਨਣੀ ਲਾ ਕੇ, ਉਸ ਨੂੰ ਦਰੁਸਤ ਰੂਪ ਵਿਚ ਪੇਸ਼ ਕਰਦੇ ਹਨ।

ਸੰਚਾਰ ਮਾਧਿਅਮਾਂ ਵਿਚ ਵਰਤੇ ਜਾਣ ਵਾਲੇ ਵਿਸ਼ੇਸ਼ ਨਿਯਮਾਂ ਵਿਚ ਅਜਿਹਾ ਸ਼ਿਸ਼ਟਾਚਾਰ, ਲੋਕ ਸਭਾ ਦੀਆਂ ਅਪਰੈਲ-ਮਈ 2014 ਵਿਚ ਹੋਈਆਂ ਆਮ ਚੋਣਾਂ ਤੋਂ ਪਹਿਲਾਂ ਨਹੀਂ ਸੀ। ਆਰ.ਐਸ.ਐਸ. ਦੀ ਵਿਚਾਰਧਾਰਾ ਦੇ ਪ੍ਰਚਾਰ ਲਈ ਇਲੈਕਟ੍ਰਾਨਿਕ ਮਾਧਿਅਮਾਂ ਦੇ ਵਿਹਾਰਕ ਇਸਤੇਮਾਲ ਲਈ ਵਿਸ਼ੇਸ਼ ਵਿਵਸਥਾ ਕਰਨ ਦਾ ਵਰਤਾਰਾ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਉਪਰੰਤ ਇਸ ਪਾਰਟੀ ਦੀ ਰਣਨੀਤੀ ਵਜੋਂ ਹੀ ਦੇਖਿਆ ਜਾਣਾ ਚਾਹੀਦਾ ਹੈ।

ਹੁਣ ਦੇਸ਼ ਦੀ ਰਾਜਧਾਨੀ ਦਿੱਲੀ ਦੇ ਰਾਜਨੀਤਕ ਗਲਿਆਰਿਆਂ ਵਿਚ ਸਰਗੋਸ਼ੀਆਂ ਹਨ ਕਿ ਦੇਸ਼ ਦੇ ਅਗਲੇ ਰਾਸ਼ਟਰਪਤੀ ਦੀ ਚੋਣ ਲਈ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਦਾ ਨਾਮ ਰੀਤੀਬੱਧ ਤੇ ਵਿਧੀਵਤ ਢੰਗ ਨਾਲ ਉਭਾਰਿਆ ਜਾ ਰਿਹਾ ਹੈ ਜੋ ਭਾਰਤ ਨੂੰ ਅਮਲੀ ਤੌਰ 'ਤੇ ਹਿੰਦੂ ਰਾਸ਼ਟਰ ਐਲਾਨਣ ਵੱਲ ਕਦਮ ਹੋਵੇਗਾ। ਇਹ ਸਾਰੇ ਰੁਝਾਨ ਦੇਸ਼ ਵਿਚ ਘੱਟਗਿਣਤੀਆਂ ਦੀ ਸਹਿਹੋਂਦ ਲਈ ਵੱਡੇ ਖ਼ਤਰਿਆਂ ਦੇ ਸਪਸ਼ਟ ਸੰਕੇਤ ਹਨ। ਦੇਸ਼ ਦੀਆਂ ਸਮੂਹ ਘੱਟਗਿਣਤੀਆਂ ਅਤੇ ਭਾਰਤ ਦੀ ਧਰਮ ਨਿਰਪੱਖ ਪਰਜਾਤੰਤਰਿਕ ਪ੍ਰਣਾਲੀ ਵਿਚ ਵਿਸ਼ਵਾਸ ਤੇ ਸਹੀ ਸੋਚ ਰੱਖਣ ਵਾਲੇ ਸਾਰੇ ਲੋਕ ਬੇਚੈਨ ਹਨ। ਦੇਸ਼ ਦੇ ਵੱਡੇ ਕਾਨੂੰਨਦਾਨ ਵੀ ਆਪਣੇ ਆਪ ਨੂੰ ਠੱਗੇ ਮਹਿਸੂਸ ਕਰ ਰਹੇ ਹਨ। ਉਹ ਤਾਂ ਇਥੋਂ ਤਕ ਵੀ ਆਖਦੇ ਹਨ ਕਿ ਭਾਰਤੀ ਸੰਵਿਧਾਨ ਦੀ ਰੂਹ ਵਲੂੰਧਰ ਸੁੱਟੀ ਹੈ ਅਤੇ ਹੁਣ ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ਦੀ ਜ਼ਾਮਨੀ ਵੀ ਅਪਾਹਜ ਤੇ ਅਰਥਹੀਣ ਹੋ ਗਈ ਜਾਪਦੀ ਹੈ।

*ਭਾਰਤ ਵਿਚ ਸੂਬਿਆਂ ਦੇ ਨਵੇਂ ਚੁਣੇ ਜਾ ਰਹੇ ਭਾਜਪਾ ਦੇ ਮੁੱਖ ਮੰਤਰੀ, ਰਾਜਪਾਲ ਤੇ ਯੂਨੀਵਰਸਿਟੀਆਂ ਦੇ ਉਪ ਕੁਲਪਤੀ, ਆਰ.ਐਸ.ਐਸ. ਦੇ ਪ੍ਰਚਾਰਕਾਂ ਵਿਚੋਂ ਹੀ ਲਾਏ ਜਾ ਰਹੇ ਹਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪਾਠਕ੍ਰਮ ਆਰ.ਐਸ.ਐਸ. ਦੇ ਧਨੰਤਰ ਬੁੱਧੀਜੀਵੀਆਂ ਦੀ ਦੇਖ-ਰੇਖ ਅਤੇ ਦਿਸ਼ਾ-ਨਿਰਦੇਸ਼ਾਂ ਅਧੀਨ ਬਦਲੇ ਜਾ ਰਹੇ ਹਨ।... ਇਲੈਕਟ੍ਰਾਨਿਕ ਮਾਧਿਅਮਾਂ ਰਾਹੀਂ ਟੀ.ਵੀ. ਚੈਨਲਾਂ ਉਪਰ ਚਲੰਤ ਮਾਮਲਿਆਂ ਵਿਚ ਹੋਣ ਵਾਲੀ ਨਿੱਤ ਦੀ ਬਹਿਸ ਦੌਰਾਨ ਆਰ.ਐਸ.ਐਸ. ਦੇ ਵਿਚਾਰ ਸ਼ਾਸਤਰੀ ਬੈਠਣ ਲੱਗ ਪਏ ਹਨ।... ਰਾਸ਼ਟਰਪਤੀ ਦੀ ਚੋਣ ਲਈ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਦਾ ਨਾਮ ਰੀਤੀਬੱਧ ਤੇ ਵਿਧੀਵਤ ਢੰਗ ਨਾਲ ਉਭਾਰਿਆ ਜਾ ਰਿਹਾ ਹੈ ਜੋ ਭਾਰਤ ਨੂੰ ਅਮਲੀ ਤੌਰ 'ਤੇ ਹਿੰਦੂ ਰਾਸ਼ਟਰ ਐਲਾਨਣ ਵੱਲ ਕਦਮ ਹੋਵੇਗਾ।*

ਭਾਰਤ ਦੀ ਸੰਵਿਧਾਨ ਸਭਾ ਦੇ 299 ਮੈਂਬਰ ਸਨ। ਇਨ੍ਹਾਂ ਸ਼ਖ਼ਸੀਅਤਾਂ ਵਿਚ ਦੇਸ਼ ਦੀ ਆਜ਼ਾਦੀ ਦੀ ਤਹਿਰੀਕ ਦੇ ਮਹਾਨ ਘੁਲਾਟੀਏ ਸ਼ਾਮਲ ਸਨ। ਡਾਕਟਰ ਰਾਜਿੰਦਰ ਪ੍ਰਸਾਦ, ਜਵਾਹਰ ਲਾਲ ਨਹਿਰੂ, ਬੀ.ਆਰ ਅੰਬੇਡਕਰ, ਹਰੇਂਦਰ ਕੁਮਰ ਮੁਖਰਜੀ, ਸਚਿਦਾਨੰਦਾ ਸਿਨਹਾ, ਮੌਲਾਨਾ ਅਬਦੁਲ ਕਲਾਮ ਆਜ਼ਾਦ, ਸਰਦਾਰ ਵੱਲਭ ਭਾਈ ਪਟੇਲ, ਅਚਾਰੀਆ ਜੇ.ਬੀ ਕ੍ਰਿਪਲਾਨੀ ਅਤੇ ਸਰੋਜਿਨੀ ਨਾਇਡੂ ਦੇ ਨਾਮ ਹਨ। ਇਨ੍ਹਾਂ ਤੋਂ ਇਲਾਵਾ ਸ਼ੇਖ ਮੁਹੰਮਦ ਅਬਦੁੱਲਾ (ਕਸ਼ਮੀਰ), ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ, ਬਲਦੇਵ ਸਿੰਘ ਦੁੰਮਣਾ, ਰਤਨ ਸਿੰਘ ਲੋਹਗੜ੍ਹ ਤੇ ਭੁਪਿੰਦਰ ਸਿੰਘ ਮਾਨ ਪੂਰਬੀ ਪੰਜਾਬ ਅਤੇ ਸਿੱਖ ਕੌਮ ਦੇ ਪ੍ਰਤੀਨਿਧਾਂ ਵਜੋਂ ਸ਼ਾਮਿਲ ਸਨ। ਆਜ਼ਾਦ ਭਾਰਤ ਲਈ ਸ਼ਾਨਦਾਰ ਸੰਵਿਧਾਨ ਦਾ ਨਿਰਮਾਣ ਕਰਨ ਦੇ ਇਤਿਹਾਸਕ ਕਾਰਜ ਵਿਚ ਲਗਪਗ ਤਿੰਨ ਵਰ੍ਹੇ (ਦੋ ਸਾਲ, ਗਿਆਰਾਂ ਮਹੀਨੇ ਤੇ ਅਠਾਰਾਂ ਦਿਨ) ਲੱਗੇ। ਸੰਵਿਧਾਨ ਸਭਾ ਦੀਆਂ 166 ਬੈਠਕਾਂ ਵਿਚ ਸੰਵਿਧਾਨ ਦੇ ਹਰ ਪਹਿਲੂ ਨੂੰ ਨਿੱਠ ਕੇ ਬੜੀ ਬਾਰੀਕੀ ਨਾਲ ਵਿਚਾਰਿਆ ਗਿਆ। 26 ਜਨਵਰੀ 1950 ਨੂੰ ਦੇਸ਼ ਵਾਸੀਆਂ ਨੇ ਸ਼ਿੱਦਤ ਨਾਲ ਅਜਿਹੇ ਧਰਮ ਨਿਰਪੱਖ ਸੰਵਿਧਾਨ ਨੂੰ ਗ੍ਰਹਿਣ ਕੀਤਾ ਜੋ ਦੇਸ਼ ਦੇ ਹਰ ਨਾਗਰਿਕ ਦੀ ਬਿਨਾਂ ਰੰਗ, ਧਰਮ ਕਰਮ ਅਤੇ ਕਿੱਤੇ ਦੀ ਪ੍ਰਵਾਹ ਕੀਤਿਆਂ, ਸਭ ਦੇ ਹਿੱਤਾਂ ਦੀ ਪੁਖਤਾ ਜ਼ਾਮਨੀ ਭਰਦਾ ਸੀ।

ਕਦੇ ਸੋਚਿਆ ਨਹੀਂ ਸੀ ਕਿ ਦੇਸ਼ ਵਿਚ ਪ੍ਰਚੰਡ ਫ਼ਿਰਕਾਪ੍ਰਸਤੀ ਦਾ ਅਜਿਹਾ ਦੌਰ ਵੀ ਆਏਗਾ ਜਿਸ ਦੇ ਤਬਾਹਕੁਨ ਪ੍ਰਭਾਵਾਂ ਹੇਠ ਭਾਰਤ ਦੇ ਪਰਜਾਤੰਤਰ ਦੀ ਪਰਿਭਾਸ਼ਾ ਹੀ ਬਦਲ ਜਾਵੇਗੀ। ਫ਼ਿਰਕਾਪ੍ਰਸਤ ਚੇਤਨਾ ਦਾ ਕਾਲਾ ਦੌਰ ਵੱਡੀ ਜਥੇਬੰਦਕ ਸਾਜ਼ਿਸ਼ ਅਧੀਨ ਸਮੁਚੇ ਚੋਣ-ਖੇਤਰ ਦੀ ਵੋਟ ਪ੍ਰਣਾਲੀ ਨੂੰ ਵਿਸ਼ੇਸ਼ ਧਰਮ ਦੀ ਪੁੱਠ ਵਿਚ ਰੰਗ ਕੇ, ਮਜ਼ਹਬੀ ਨਫ਼ਰਤਾਂ ਦੀ ਸਰਪ੍ਰਸਤੀ ਹੇਠ, ਦੋ ਵੱਡੇ ਹਿੱਸਿਆਂ ਵਿਚ ਵੰਡ ਦੇਵੇਗਾ ਤੇ ਭਾਰਤ ਦੀ ਧਰਮ ਨਿਰਪੱਖ ਲੋਕਤੰਤਰਿਕ ਪ੍ਰਣਾਲੀ ਵਿਚ, ਬਹੁਵਾਦ ਨਾਮ ਦੇ ਨਵੇਂ ਮਤ ਦੀ ਆਮਦ ਹੋ ਜਾਵੇਗੀ। ਇਸ ਦਾ ਅਜਿਹਾ ਭਿਆਨਕ ਰੂਪ ਸਾਡੇ ਸਾਹਮਣੇ ਆਵੇਗਾ ਜੋ ਦੇਸ਼ ਦੇ ਜਮਹੂਰੀ ਢਾਂਚੇ ਵਿਚ, ਘੱਟਗਿਣਤੀਆਂ ਦੀ ਬਣਦੀ ਯੋਗ ਭੂਮਿਕਾ ਅਤੇ ਉਨ੍ਹਾਂ ਦੀ ਯੋਗ ਭਾਈਵਾਲੀ ਦੀ ਹਰ ਇੱਛਾ ਨੂੰ ਮੁਕੰਮਲ ਤੌਰ 'ਤੇ ਨਕਾਰਾ ਕਰ ਦੇਵੇਗਾ। ਹੁਣ ਸਵਾਲ ਉਠਦਾ ਹੈ ਕਿ ਅਜਿਹੀ ਨਿਆਂਹੀਣਤਾ ਨੂੰ ਆਖਿਰ ਚਿਰਕਾਲ ਤੱਕ ਕਿਵੇਂ ਮਨਜ਼ੂਰ ਕੀਤਾ ਜਾ ਸਕਦਾ ਹੈ?

ਜਿਸ ਵੀ ਦੇਸ਼ ਜਾਂ ਰਾਸ਼ਟਰ ਨੇ ਫਿਰਕਾਪ੍ਰਸਤ ਬਹੁਵਾਦ ਨੂੰ ਰਾਜਸੱਤਾ ਦਾ ਆਧਾਰ ਬਣਾਇਆ ਹੈ, ਉਹ ਰਾਸ਼ਟਰ ਸਦਾ ਬਾਰੂਦ ਦੇ ਢੇਰ ਉਤੇ ਬੈਠੇ ਰਹਿੰਦੇ ਹਨ। ਸਾਡੇ ਗਵਾਂਢੀ ਮੁਲਕ ਪਾਕਿਸਤਾਨ ਦਾ ਹਸ਼ਰ ਸਾਡੇ ਸਾਹਮਣੇ ਹੈ। ਆਰਥਿਕ ਤੌਰ 'ਤੇ ਕੰਗਾਲ ਮੁਲਕ ਦੇ ਲੋਕਾਂ ਦੀ ਗੁਲਾਮ ਮਾਨਸਿਕਤਾ ਅੱਜ ਜਿਸ ਜਹਾਲਤ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ, ਇਹ ਸਭ ਫ਼ਿਰਕਾਪ੍ਰਸਤੀ ਅਤੇ ਬਹੁਵਾਦ ਦੇ ਹੀ ਨਤੀਜੇ ਹਨ।

ਇਸ ਤਫ਼ਸੀਲੀ ਦਾਸਤਾਨ ਦੀ ਵੇਦਨਾ ਇਹ ਹੈ ਕਿ ਵਿਸ਼ਵੀਕਰਨ ਦੇ ਦੌਰ ਵਿਚ ਸ਼ਾਇਦ ਇੰਨਾ ਆਸਾਨ ਨਹੀਂ ਹੋਵੇਗਾ ਕਿ ਦੇਸ਼ ਦੀਆਂ ਘੱਟਗਿਣਤੀਆਂ ਨੂੰ ਬਹੁਤੇ ਸਮੇਂ ਤਕ ਘੁਟਨ ਵਾਲੇ ਆਲਮ ਵਿਚ ਰਹਿਣ ਲਈ ਮਜਬੂਰ ਕੀਤਾ ਜਾ ਸਕੇ। ਇਹ ਘੁਟਨ ਦੇਸ਼ ਨੂੰ ਲੰਮੇ ਗ੍ਰਹਿ ਯੁੱਧ ਵੱਲ ਧੱਕ ਸਕਦੀ ਹੈ।


# ਆਰ.ਐਸ.ਐਸ. ਸਭ ਤੋਂ ਵੱਡੀ ਦਹਿਸ਼ਤਗਰਦ ਸੰਸਥਾ

***ਆਰ.ਐਸ.ਐਸ. ਵਲੋਂ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਅਤੇ ਅਦਾਲਤਾਂ ਉਪਰ ਸਿਆਸੀ ਦਬਾਓ ਪਾ ਕੇ ਹਿੰਦੁਤਵੀ ਅਤਿਵਾਦੀ ਸਰਗਨਿਆਂ ਨੂੰ ਕਲੀਨ ਚਿਟਾਂ ਦਿਵਾਈਆਂ ਜਾ ਰਹੀਆਂ ਹਨ। ਮਹਾਰਾਸ਼ਟਰ ਦੇ ਸਾਬਕਾ ਪੁਲਿਸ ਅਫਸਰ ਐਸ.ਐਮ. ਮੁਸ਼ਰਿਫ ਨੇ ਆਰ.ਐਸ.ਐਸ. ਦਾ ਪਰਦਾਫਾਸ਼ ਕਰਦਿਆਂ ਕਿਤਾਬਚਾ 'ਆਰ.ਐਸ.ਐਸ. ਸਭ ਤੋਂ ਵੱਡੀ ਦਹਿਸ਼ਤਗਰਦ ਸੰਸਥਾ' ਲਿਖਿਆ ਹੈ। ਇਸ ਕਿਤਾਬਚੇ ਤੋਂ ਆਰ.ਐਸ.ਐਸ. ਦੇ ਇਰਾਦਿਆਂ ਨੂੰ ਸਮਝਿਆ ਜਾ ਸਕਦਾ ਹੈ। ਅਸੀਂ ਆਪਣੇ ਪਾਠਕਾਂ ਲਈ ਇਹ ਅਹਿਮ ਕਿਤਾਬਚੇ ਲੜੀਵਾਰ ਛਾਪ ਰਹੇ ਹਾਂ ਜਿਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

***ਅਧਿਆਏ ਇਕ: ਕਰਕਰੇ ਦੇ ਆਉਣ ਨਾਲ ਸੰਘ ਦਾ ਪਰਦਾਫਾਸ਼***

ਆਰ.ਐਸ.ਐਸ. ਬ੍ਰਾਹਮਣਵਾਦੀਆਂ ਦੀ, ਬ੍ਰਾਹਮਣਵਾਦੀਆਂ ਦੇ ਹਿਤਾਂ ਲਈ ਅਤੇ ਬ੍ਰਾਹਮਣਵਾਦੀਆਂ ਵਲੋਂ ਚਲਾਈ ਜਾ ਰਹੀ ਫਿਰਕਾਪ੍ਰਸਤ ਜਥੇਬੰਦੀ ਹੈ। ਬ੍ਰਾਹਮਣਵਾਦੀਆਂ ਦਾ ਝੂਠਾ ਪ੍ਰਚਾਰ ਹੈ ਕਿ ਇਹ ਸੰਸਕ੍ਰਿਤਿਕ, ਸਮਾਜੀ, ਰਾਸ਼ਟਰਵਾਦੀ ਜਥੇਬੰਦੀ ਹੈ। ਬਹੁਜਨ ਅਤੇ ਦਲਿਤ ਨੌਜਵਾਨਾਂ ਨੂੰ ਸੰਘ ਨਾਲ ਜੋੜਨ ਲਈ ਇਹ ਝੂਠਾ ਪ੍ਰਚਾਰ ਕੀਤਾ ਜਾਂਦਾ ਹੈ। ਸਦੀਆਂ ਤੋਂ ਚਲੇ ਆ ਰਹੇ ਬੇਤੁਕੇ ਜਾਤਪਾਤੀ ਪ੍ਰਬੰਧ ਨੂੰ ਬਰਕਰਾਰ ਰੱਖਣਾ ਅਤੇ ਸਾਰੀਆਂ ਜਾਤਾਂ ਉਪਰ ਬ੍ਰਾਹਮਣਵਾਦੀ ਗ਼ਲਬਾ ਬਣਾਈ ਰੱਖਣਾ ਇਸ ਜਥੇਬੰਦੀ ਦਾ ਮੁੱਖ ਉਦੇਸ਼ ਹੈ। ਇਸ ਦੇ ਲਈ ਇਹ ਕਿਸੇ ਵੀ ਹੱਦ ਤਕ ਜਾ ਸਕਦੇ ਹਨ ਅਤੇ ਹਾਲਾਤ ਅਨੁਸਾਰ ਵੱਖ-ਵੱਖ ਸਾਜ਼ਿਸ਼ਾਂ ਨੂੰ ਅੰਜਾਮ ਦਿੰਦੇ ਹਨ।

ਗਿਣੇ-ਮਿਥੇ ਢੰਗ ਨਾਲ ਹਿੰਦੂ-ਮੁਸਲਿਮ ਦੰਗੇ ਕਰਵਾਉਣਾ ਇਨ੍ਹਾਂ ਦੀ 20ਵੀਂ ਸਦੀ ਦੀ ਸਭ ਤੋਂ ਵੱਡੀ ਸਾਜ਼ਿਸ਼ ਹੈ, ਲੇਕਿਨ 21ਵੀਂ ਸਦੀ ਵਿਚ ਆਰ.ਐਸ.ਐਸ. ਨੇ ਆਪਣੇ ਕੁਝ ਕਾਰਜਾਂ ਵਿਚ ਤਬਦੀਲੀ ਲਿਆਂਦੀ ਹੈ। ਹਿੰਦੂ-ਮੁਸਲਿਮ ਦੰਗੇ ਕਰਵਾਉਣ ਤੋਂ ਇਲਾਵਾ ਮੁਸਲਿਮ ਦਹਿਸ਼ਤਵਾਦ ਦਾ ਡਰ ਲੋਕਾਂ ਦੇ ਦਿਲੋ-ਦਿਮਾਗ ਵਿਚ ਭਰਨ ਦਾ ਕੰਮ ਆਰ.ਐਸ.ਐਸ. ਅਤੇ ਹੋਰ ਜੋਟੀਦਾਰ ਜਥੇਬੰਦੀਆਂ ਕਰ ਰਹੀਆਂ ਹਨ। ਇਸ ਕਾਰਜ ਵਿਚ ਖੁਫ਼ੀਆ ਏਜੰਸੀਆਂ ਵੀ ਇਨ੍ਹਾਂ ਨੂੰ ਸਹਿਯੋਗ ਦੇ ਰਹੀਆਂ ਹਨ। ਇਸ ਤੋਂ ਇਲਾਵਾ, ਆਪਣੇ ਮਨੋਰਥ ਨੂੰ ਨੇਪਰੇ ਚਾੜ੍ਹਨ ਲਈ ਕੱਟੜਵਾਦੀ ਬ੍ਰਾਹਮਣਵਾਦੀਆਂ ਨੇ ਇਕ ਹੋਰ ਜਥੇਬੰਦੀ 'ਅਭਿਨਵ ਭਾਰਤ' ਬਣਾਈ ਹੋਈ ਹੈ।



ਐਸ.ਐਮ. ਮੁਸ਼ਰਿਫ

2002 ਤੋਂ ਲੈ ਕੇ 2008 ਦਰਮਿਆਨ ਕਈ ਥਾਵਾਂ ਉਪਰ ਵੱਡੇ ਬੰਬ ਧਮਾਕੇ ਹੋਏ, ਇਹ ਸਾਰੇ ਆਰ.ਐਸ.ਐਸ. ਦਾ ਕਾਰਾ ਸਨ। ਜਿਉਂ ਹੀ ਕੋਈ ਵਾਰਦਾਤ ਹੁੰਦੀ, ਆਈ.ਬੀ. (ਇੰਟੈਲੀਜੈਂਸ ਬਿਊਰੋ) ਉਸੇ ਦਿਨ ਕਿਸੇ ਮੁਸਲਿਮ ਜਥੇਬੰਦੀ ਉਪਰ ਇਸ ਦਾ ਇਲਜ਼ਾਮ ਲਾ ਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਦੀ ਸੀ। ਅਗਲੇ ਦੋ-ਤਿੰਨ ਦਿਨਾਂ ਵਿਚ ਮੁਲਕ ਦੇ ਵੱਖ-ਵੱਖ ਥਾਵਾਂ ਤੋਂ ਮੁਸਲਿਮ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਸੀ ਅਤੇ ਮੀਡੀਆ ਇਨ੍ਹਾਂ ਖ਼ਬਰਾਂ ਨੂੰ ਬੜੇ ਜ਼ੋਰ-ਸ਼ੋਰ ਨਾਲ ਛਾਪਦਾ ਸੀ। ਇਸ ਤੋਂ ਬਾਅਦ ਟੀ.ਵੀ. ਉਪਰ ਪ੍ਰਾਈਮ ਟਾਈਮ ਚਰਚਾ ਸੈਸ਼ਨ, ਅਖ਼ਬਾਰਾਂ ਵਿਚ ਲੇਖ-ਟਿੱਪਣੀਆਂ ਵਗੈਰਾ ਵਿਚ ਇਹ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਸੀ। ਇਸ ਤੋਂ ਪਹਿਲਾਂ ਕਿ ਲੋਕ ਉਸ ਵਾਰਦਾਤ ਨੂੰ ਭੁੱਲ ਜਾਣ, ਉਦੋਂ ਤਕ ਇਕ ਹੋਰ ਨਵੀਂ ਵਾਰਦਾਤ ਹੋ ਜਾਂਦੀ।

ਇਸ ਸਿਲਸਿਲੇ ਵਿਚ ਥੋੜ੍ਹਾ ਜਿਹਾ ਖ਼ਲਲ ਉਦੋਂ ਪਿਆ, ਜਦੋਂ 2006 ਵਿਚ ਨਾਂਦੇੜ ਬੰਬ ਧਮਾਕਾ ਹੋਇਆ। ਆਰ.ਐਸ.ਐਸ. ਅਤੇ ਬਜਰੰਗ ਦਲ ਦੇ ਦਹਿਸ਼ਤਗਰਦ ਜਦੋਂ ਬੰਬ ਬਣਾ ਰਹੇ ਸਨ, ਉਸ ਵਕਤ ਬੰਬ ਫਟ ਗਿਆ। ਇਸ ਵਾਰਦਾਤ ਵਿਚ ਦੋ ਜਣਿਆਂ ਦੀ ਮੌਤ ਹੋ ਗਈ ਅਤੇ ਚਾਰ ਜ਼ਖ਼ਮੀ ਹੋ ਗਏ; ਲੇਕਿਨ ਮੀਡੀਆ ਨੇ ਇਸ ਵਾਰਦਾਤ ਦਾ ਜ਼ਿਆਦਾ ਪ੍ਰਸਾਰਨ ਨਹੀਂ ਕੀਤਾ। ਸਿੱਟੇ ਵਜੋਂ ਇਸ ਨੂੰ ਛੇਤੀ ਹੀ ਭੁਲਾ ਦਿੱਤਾ ਗਿਆ। ਕੁਝ ਸਮੇਂ ਬਾਅਦ ਨਵੇਂ ਸਿਰਿਓਂ ਵੱਡੇ ਬੰਬ ਧਮਾਕੇ ਹੋਣੇ ਸ਼ੁਰੂ ਹੋ ਗਏ। ਨਾਲ ਹੀ ਸ਼ੁਰੂ ਹੋ ਗਿਆ ਇਨ੍ਹਾਂ ਵਾਰਦਾਤਾਂ ਦਾ ਇਲਜ਼ਾਮ ਮੁਸਲਿਮ ਜਥੇਬੰਦੀਆਂ ਉਪਰ ਲਗਾਉਣ ਅਤੇ ਏ.ਟੀ.ਐਸ. ਵਰਗੀਆਂ ਸੂਬਾਈ ਪੱਧਰ ਦੀਆਂ ਏਜੰਸੀਆਂ ਵਲੋਂ ਮੁਸਲਿਮ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਦਾ ਸਿਲਸਿਲਾ। ਮੀਡੀਆ ਨੇ ਵੀ ਪਹਿਲਾਂ ਵਾਂਗ ਇਨ੍ਹਾਂ ਖ਼ਬਰਾਂ ਨੂੰ ਪੂਰ-ਜ਼ੋਰ ਤਰੀਕੇ ਨਾਲ ਛਾਪਣਾ ਸ਼ੁਰੂ ਕਰ ਦਿੱਤਾ। ਇਉਂ ਮੁਸਲਿਮ ਦਹਿਸ਼ਤਵਾਦ ਦਾ ਨਕਲੀ ਮਾਹੌਲ ਬਣਾਉਣ ਵਿਚ ਆਰ.ਐਸ.ਐਸ. ਸਹਿਜੇ-ਸਹਿਜੇ ਕਾਮਯਾਬ ਹੋਣਾ ਸ਼ੁਰੂ ਹੋ ਗਿਆ।

ਲੇਕਿਨ ਇਕ ਪੁਲਿਸ ਅਫਸਰ ਹੇਮੰਤ ਕਰਕਰੇ ਨੇ ਆਰ.ਐਸ.ਐਸ. ਦੀਆਂ ਤਮਾਮ ਯੋਜਨਾਵਾਂ ਉਪਰ ਪਾਣੀ ਫੇਰ ਦਿੱਤਾ। ਸਤੰਬਰ 2008 ਵਿਚ ਮਾਲੇਗਾਓਂ ਵਿਚ ਹੋਏ ਬੰਬ ਧਮਾਕੇ ਦੀ ਜਾਂਚ ਕਰਦਿਆਂ ਉਸ ਨੂੰ ਕੁਝ ਅਜਿਹੇ ਸਬੂਤ ਮਿਲੇ ਜਿਨ੍ਹਾਂ ਤੋਂ ਸਪਸ਼ਟ ਹੋ ਗਿਆ ਕਿ ਸਿਰਫ਼ ਮਾਲੇਗਾਓਂ 2008 ਹੀ ਨਹੀਂ, ਬਲਕਿ ਇਸ ਤੋਂ ਪਹਿਲਾਂ ਜੋ ਵੀ ਬੰਬ ਧਮਾਕੇ ਹੋਏ ਸਨ, ਉਨ੍ਹਾਂ ਵਿਚੋਂ ਜ਼ਿਆਦਾਤਰ ਧਮਾਕਿਆਂ ਦੇ ਲਈ ਆਰ.ਐਸ.ਐਸ., ਅਭਿਨਵ ਭਾਰਤ ਅਤੇ ਉਨ੍ਹਾਂ ਨਾਲ ਸਬੰਧਤ ਜਥੇਬੰਦੀਆਂ ਜ਼ਿੰਮੇਵਾਰ ਹਨ। ਇਕ ਸਮੇਂ ਸੰਘ ਪਰਿਵਾਰ ਖ਼ਿਲਾਫ਼ ਲਗਭਗ 18 ਕੇਸ ਚੱਲ ਰਹੇ ਸਨ। ਇਨ੍ਹਾਂ ਵਿਚੋਂ 14 ਸਿਰਫ਼ ਆਰ.ਐਸ.ਐਸ. ਖ਼ਿਲਾਫ਼ ਸਨ। ਹੋਰ ਵੀ ਕੁਝ ਵਾਰਦਾਤਾਂ ਦੀ ਦੁਬਾਰਾ ਜਾਂਚ ਹੋਣ ਨਾਲ ਇਨ੍ਹਾਂ ਵਿਚ ਵਾਧਾ ਹੋ ਸਕਦਾ ਹੈ।



ਸਮਝੌਤਾ ਧਮਾਕੇ ਦੀ ਝਲਕ।

ਸਪਸ਼ਟ ਹੈ ਕਿ ਪਿਛਲੇ 90 ਸਾਲਾਂ ਵਿਚ ਜੋ ਜਥੇਬੰਦੀ ਕਹਿਣ ਨੂੰ ਮੁਲਕ ਵਿਚ ਸਮਾਜੀ, ਸੰਸਕ੍ਰਿਤਿਕ, ਦੇਸ਼ ਪ੍ਰੇਮ ਦੀ ਭਾਵਨਾ ਜਗਾਉਣ ਦਾ ਕੰਮ ਕਰ ਰਹੀ ਹੈ, ਉਹ ਹਕੀਕਤ ਵਿਚ ਮੁਲਕ ਵਿਚ ਦਹਿਸ਼ਤ ਫੈਲਾਉਣ ਵਾਲੀ ਦਹਿਸ਼ਤਗਰਦ ਜਥੇਬੰਦੀ ਹੈ ਅਤੇ ਇਹ ਮੁਲਕ ਵਿਆਪੀ ਦੇਸ਼ ਧ੍ਰੋਹੀ ਸਾਜ਼ਿਸ਼ ਦੀ ਸੂਤਰਧਾਰ ਹੈ।

***ਅਧਿਆਏ ਦੋ: ਮਾਲੇਗਾਓਂ 2008 ਬੰਬ ਧਮਾਕਾ-ਦਹਿਸ਼ਤਵਾਦੀ ਬੰਬ ਧਮਾਕੇ ਦੀ ਪਹਿਲੀ ਸੱਚੀ ਜਾਂਚ***

29 ਸਤੰਬਰ 2008 ਨੂੰ ਮਾਲੇਗਾਓਂ ਦੇ ਭੀਕੂ ਚੌਕ ਵਿਚ ਧਮਾਕਾ ਹੋਇਆ। ਛੇ ਜਣਿਆਂ ਦੀ ਥਾਂ 'ਤੇ ਹੀ ਮੌਤ ਹੋ ਗਈ, ਸੌ ਤੋਂ ਵੱਧ ਜ਼ਖ਼ਮੀ ਹੋਏ। ਆਈ.ਬੀ. ਨੇ 'ਸਿਮੀ', ਇੰਡੀਅਨ ਮੁਜਾਹੀਦੀਨ, 'ਹੂਜੀ' ਵਰਗੀਆਂ ਜਥੇਬੰਦੀਆਂ 'ਤੇ ਸ਼ੱਕ ਜ਼ਾਹਿਰ ਕੀਤਾ। ਮੀਡੀਆ ਨੇ ਇਸ ਨੂੰ ਖ਼ਬਰ ਬਣਾ ਕੇ ਲੋਕਾਂ ਅੱਗੇ ਪਰੋਸਿਆ, ਪਰ ਮਹਾਰਾਸ਼ਟਰ ਏ.ਟੀ.ਐਸ. ਦਾ ਅਹੁਦਾ ਸੰਭਾਲਣ ਵਾਲੇ ਹੇਮੰਤ ਕਰਕਰੇ ਨੇ ਮਹਿਜ਼ ਸ਼ੱਕ ਦੇ ਆਧਾਰ 'ਤੇ ਹੀ ਕਿਸੇ ਨੂੰ ਗ੍ਰਿਫ਼ਤਾਰ ਕਰਨਾ ਵਾਜਬ ਨਾ ਸਮਝਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ।

ਹੇਮੰਤ ਕਰਕਰੇ ਨੇ ਸਭ ਤੋਂ ਪਹਿਲਾਂ ਧਿਆਨ ਵਕੂਆ-ਏ-ਵਾਰਦਾਤ ਉਪਰ ਕੇਂਦਰਤ ਕੀਤਾ। ਉਸ ਨੂੰ ਇਕ ਮੋਟਰ ਬਾਈਕ ਮਿਲਿਆ। ਉਸ ਉਪਰ ਰੱਖੀ ਹੋਈ ਆਰ.ਡੀ.ਐਕਸ. ਵਰਗੀ ਖ਼ਤਰਨਾਕ ਸਮੱਗਰੀ ਦੀ ਮਦਦ ਨਾਲ ਵਾਰਦਾਤ ਨੂੰ ਅੰਜਾਮ ਦੇਣ ਦੀ ਗੱਲ ਸਾਹਮਣੇ ਆਈ। ਜਾਂਚ ਪਿੱਛੋਂ ਪਤਾ ਲੱਗਾ ਕਿ ਬਾਈਕ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਦੀ ਹੈ। ਉਹ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.), ਵਿਸ਼ਵ ਹਿੰਦੂ ਪ੍ਰੀਸ਼ਦ ਦੀ ਦੁਰਗਾ ਵਾਹਿਨੀ ਆਦਿ ਜਥੇਬੰਦੀਆਂ ਨਾਲ ਜੁੜੀ ਹੋਈ ਸੀ। ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕਰੜੀ ਪੁੱਛਗਿੱਛ ਪਿੱਛੋਂ ਦੋ ਨਾਂ ਸਾਹਮਣੇ ਆਏ- ਸ਼ਾਮ ਲਾਲ ਸਾਹੂ ਤੇ ਸ਼ਿਵਨਰਾਇਣ ਕਾਲਸੰਗਰਾ। ਇਨ੍ਹਾਂ ਦੋਵਾਂ ਨੂੰ ਵੀ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ। ਇਹ ਦੋਵੇਂ ਆਰ.ਐਸ.ਐਸ. ਅਤੇ ਭਾਜਪਾ ਨਾਲ ਸਬੰਧਤ ਸਨ।

ਇਨ੍ਹਾਂ ਤਿੰਨਾਂ ਤੋਂ ਹੋਈ ਪੁੱਛਗਿੱਛ ਤੋਂ ਵਾਰਦਾਤ ਵਿਚ ਸ਼ਾਮਲ ਲੈਫਟੀਨੈਂਟ ਕਰਨਲ ਪ੍ਰਸਾਦ ਪੁਰੋਹਿਤ, ਮੇਜਰ (ਸੇਵਾਮੁਕਤ) ਰਮੇਸ਼ ਉਪਾਧਿਆਏ, ਜੰਮੂ ਸਥਿਤ ਸ਼ਾਰਦਾ ਪੀਠ ਦੇ ਮਹੰਤ ਦਇਆਨੰਦ ਪਾਂਡੇ, ਸਮੀਰ ਕੁਲਕਰਨੀ ਆਦਿ ਦੇ ਨਾਂ ਸਾਹਮਣੇ ਆਏ। ਵਾਰਦਾਤ ਵਿਚ ਸ਼ਾਮਲ ਕੁਲ 11 ਜਣਿਆਂ ਨੂੰ ਪੁਲਿਸ ਹਿਰਾਸਤ ਵਿਚ ਲੈ ਲਿਆ ਗਿਆ।

ਇਸ ਦੌਰਾਨ ਹੇਮੰਤ ਕਰਕਰੇ ਨੇ ਲੈਫਟੀਨੈਂਟ ਕਰਨਲ ਪ੍ਰਸਾਦ ਪੁਰੋਹਿਤ ਕੋਲੋਂ ਇਕ ਅਤੇ ਦਇਆਨੰਦ ਪਾਂਡੇ ਕੋਲੋਂ ਦੋ ਲੈਪਟਾਪ ਜ਼ਬਤ ਕੀਤੇ। ਇਨ੍ਹਾਂ ਅੰਦਰ ਜੋ ਜਾਣਕਾਰੀ ਸੀ, ਉਹ ਇਕ ਤਰ੍ਹਾਂ ਨਾਲ 'ਹਿੰਦੂ ਰਾਸ਼ਟਰ' ਦਾ ਬਲਿਊ ਪ੍ਰਿੰਟ ਹੀ ਸੀ। ਲੈਪਟਾਪ ਵਿਚ 'ਅਭਿਨਵ ਭਾਰਤ' ਬਾਰੇ ਜਾਣਕਾਰੀ ਅਤੇ ਉਨ੍ਹਾਂ ਦੀਆਂ ਸਾਰੀਆਂ ਮੀਟਿੰਗਾਂ ਦੇ ਆਡੀਓ-ਵੀਡੀਓ ਸਨ ਜਿਨ੍ਹਾਂ ਤੋਂ ਇਹ ਗੱਲਾਂ ਸਪਸ਼ਟ ਹੋਈਆਂ:

2002-03 ਦੌਰਾਨ ਕੱਟੜਵਾਦੀਆਂ ਨੇ 'ਅਭਿਨਵ ਭਾਰਤ' ਬਣਾਈ।

ਮੁੱਖ ਉਦੇਸ਼ ਹਿੰਦੁਸਤਾਨੀ ਜਮਹੂਰੀਅਤ ਨੂੰ ਤਹਿਸ-ਨਹਿਸ ਕਰਨਾ, ਲੋਕਤੰਤਰ ਅਨੁਸਾਰ ਸਥਾਪਤ ਮੌਜੂਦਾ ਸਰਕਾਰ ਨੂੰ ਕਮਜ਼ੋਰ ਕਰਨਾ ਅਤੇ ਉਸ ਦੀ ਥਾਂ ਮਨੂ ਸਮ੍ਰਿਤੀ ਤੇ ਵੇਦਾਂ ਉਪਰ ਆਧਾਰਤ 'ਆਰੀਆਵ੍ਰਤ' ਹਿੰਦੂ ਰਾਸ਼ਟਰ ਦਾ ਨਿਰਮਾਣ ਕਰਨਾ ਸੀ।

ਉਹ ਇਸ ਕਾਰਜ ਵਿਚ ਨੇਪਾਲ ਤੇ ਇਜ਼ਰਾਈਲ ਵਰਗੇ ਮੁਲਕਾਂ ਅਤੇ ਨਾਗਾ ਅਤਿਵਾਦੀਆਂ ਦੀ ਮਦਦ ਲੈ ਰਹੇ ਸਨ।

ਮੁਲਕ ਵਿਚ ਅਰਾਜਕਤਾ ਫੈਲਾਉਣ ਦੀ ਮਨਸ਼ਾ ਨਾਲ ਉਹ ਮੁਲਕ ਵਿਚ ਬੰਬ ਧਮਾਕੇ ਕਰਵਾਉਂਦੇ ਸਨ ਅਤੇ ਉਨ੍ਹਾਂ ਦਾ ਇਲਜ਼ਾਮ ਮੁਸਲਮਾਨਾਂ ਉਪਰ ਲਗਾਉਂਦੇ ਸਨ।

ਇਸ ਵਾਰਦਾਤ ਦੀ ਜਾਂਚ ਹੇਮੰਤ ਕਰਕਰੇ ਨੇ 26 ਨਵੰਬਰ 2008 ਤੋਂ ਪਹਿਲਾਂ ਹੀ ਮੁਕੰਮਲ ਕੀਤੀ ਸੀ, ਲੇਕਿਨ ਅਜੇ ਤਕ ਉਸ ਦੀ ਚਾਰਜਸ਼ੀਟ ਕੋਰਟ ਵਿਚ ਨਹੀਂ ਭੇਜੀ ਸੀ। ਉਸ ਦੀ ਮੌਤ ਤੋਂ ਬਾਅਦ ਜਨਵਰੀ 2009 ਵਿਚ ਚਾਰਜਸ਼ੀਟ ਭੇਜੀ ਗਈ। ਗ੍ਰਿਫ਼ਤਾਰ ਕੀਤੇ 11 ਦਹਿਸ਼ਤਗਰਦ ਅਤੇ ਤਿੰਨ ਮਫ਼ਰੂਰ ਦਹਿਸ਼ਤਗਰਦ (ਕੁਲ 14) ਵਾਰਦਾਤ ਵਿਚ ਸ਼ਾਮਲ ਸਨ: ਸਾਧਵੀ ਪ੍ਰੱਗਿਆ ਸਿੰਘ ਠਾਕੁਰ, ਸ਼ਾਮਲਾਲ ਸਾਹੂ, ਸ਼ਿਵਨਰਾਇਣ ਕਾਲਸੰਗਰਾ, ਲੈਫਟੀਨੈਂਟ ਕਰਨਲ ਪ੍ਰਸਾਦ ਪੁਰੋਹਤ, ਮੇਜਰ (ਸੇਵਾਮੁਕਤ) ਰਮੇਸ਼ ਉਪਾਧਿਆਏ, ਮਹੰਤ ਦਇਆਨੰਦ ਪਾਂਡੇ / ਸੁਧਾਰਕਰ ਧਰ ਦਿਵੇਦੀ, ਸਮੀਰ ਕੁਲਕਰਨੀ, ਅਜੈ ਰਾਹੀਰਕਰ, ਰਾਕੇਸ਼ ਧਾਵੜੇ, ਜਗਦੀਸ਼ ਮਹਾਤਰੇ, ਸੁਧਾਕਰ ਚਤੁਰਵੇਦੀ, ਰਾਮਜੀ ਕਾਲਸੰਗਰਾ (ਫ਼ਰਾਰ), ਸੰਦੀਪ ਡਾਂਗੇ (ਫ਼ਰਾਰ), ਪ੍ਰਵੀਨ ਮੁਤਾਲਿਕ (ਫ਼ਰਾਰ, ਬਾਅਦ ਵਿਚ ਗ੍ਰਿਫ਼ਤਾਰ)। ਇਹ ਸਾਰੇ 'ਅਭਿਨਵ ਭਾਰਤ' ਦੇ ਮੈਂਬਰ ਸਨ ਅਤੇ ਆਰ.ਐਸ.ਐਸ. ਨਾਲ ਸਬੰਧਤ ਸਨ।

ਮਾਲੇਗਾਓਂ 2008 ਦੀ ਜਾਂਚ ਵਿਚ ਲੈਫਟੀਨੈਂਟ ਕਰਨਲ ਪੁਰੋਹਿਤ ਅਤੇ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਦੇ ਨਾਰਕੋ ਟੈਸਟ ਅਤੇ ਬਰੇਨ ਮੈਪਿੰਗ ਟੈਸਟ ਹੋਏ ਸਨ। ਇਸ ਤੋਂ ਸਪਸ਼ਟ ਹੋਇਆ ਸੀ ਕਿ ਮਾਲੇਗਾਓਂ ਵਾਰਦਾਤ ਤੋਂ ਪਹਿਲਾਂ ਜੋ ਧਮਾਕੇ ਹੋਏ ਸਨ, ਜਿਵੇਂ ਸਮਝੌਤਾ ਐਕਸਪ੍ਰੈੱਸ, ਮਾਲੇਗਾਓਂ 2006, ਅਜਮੇਰ ਸ਼ਰੀਫ਼, ਮੱਕਾ ਮਸਜਿਦ (ਹੈਦਰਾਬਾਦ); ਇਹ ਸਾਰੇ ਧਮਾਕੇ 'ਅਭਿਨਵ ਭਾਰਤ' ਦੇ ਦਹਿਸ਼ਤਗਰਦਾਂ ਨੇ ਕੁਝ ਹੋਰ ਜਥੇਬੰਦੀਆਂ ਦੀ ਮਦਦ ਨਾਲ ਕੀਤੇ ਸਨ, ਲੇਕਿਨ ਇਨ੍ਹਾਂ ਵਾਰਦਾਤਾਂ ਦੀ ਮੁੜ ਜਾਂਚ ਕਈ ਸਾਲ ਤਕ ਨਹੀਂ ਕੀਤੀ ਗਈ।

ਹੇਮੰਤ ਕਰਕਰੇ ਨੇ ਜਿਹੜੇ ਤਿੰਨ ਲੈਪਟਾਪ ਜ਼ਬਤ ਕੀਤੇ ਸਨ, ਉਨ੍ਹਾਂ ਵਿਚੋਂ ਇਕ ਵਿਚ 'ਅਭਿਨਵ ਭਾਰਤ' ਦੀ ਪੂਰੀ ਜਾਣਕਾਰੀ ਸੀ। ਦੂਜੇ ਦੋ ਲੈਪਟਾਪ ਵਿਚ 'ਅਭਿਨਵ ਭਾਰਤ' ਦੀਆਂ ਮੁਲਕ ਭਰ ਵਿਚ ਹੋਈਆਂ ਮੀਟਿੰਗਾਂ ਦੇ 48 ਆਡੀਓ-ਵੀਡੀਓ ਕਲਿਪ ਸਨ। ਹੇਮੰਤ ਕਰਕਰੇ ਨੇ ਤਿੰਨ ਵੀਡੀਓ ਅਤੇ ਦੋ ਆਡੀਓ ਕਲਿਪ ਦਾ ਸ਼ਾਬਦਿਕ ਉਤਾਰਾ ਕਰ ਕੇ ਉਨ੍ਹਾਂ ਦੀ ਜਾਂਚ ਕੀਤੀ ਸੀ। ਬਾਕੀ 43 ਕਲਿਪ ਦਾ ਸ਼ਾਬਦਿਕ ਉਤਾਰਾ ਕਰਨ ਅਤੇ ਉਨ੍ਹਾਂ ਨਾਲ ਸਬੰਧਤ ਵਾਰਦਾਤਾਂ ਦੀ ਜਾਂਚ ਦਾ ਕੰਮ ਅਧੂਰਾ ਸੀ।

ਹੇਮੰਤ ਕਰਕਰੇ ਦੀ ਹੱਤਿਆ ਤੋਂ ਦੋ ਮਹੀਨੇ ਬਾਅਦ ਜਨਵਰੀ 2009 ਵਿਚ ਭੇਜੀ ਗਈ ਚਾਰਜ ਸ਼ੀਟ ਦੇ ਸਫ਼ਾ 69 ਉਪਰ ਲਿਖਿਆ ਹੈ- "ਜ਼ਬਤ ਕੀਤੇ ਲੈਪਟਾਪ ਦੇ ਬਾਕੀ ਕਲਿਪ, ਕੁਝ ਮੋਬਾਈਲ ਫ਼ੋਨਾਂ ਦੀ ਰਿਕਾਰਡ ਕੀਤੀ ਗੱਲਬਾਤ, ਪੈੱਨ ਡਰਾਈਵ ਵਿਚ ਰਿਕਾਰਡ ਕੀਤੀ ਜਾਣਕਾਰੀ ਅਤੇ ਹੋਰ ਦਸਤਾਵੇਜ਼ ਆਦਿ ਫਾਰੈਂਸਿਕ ਸਾਇੰਸ ਲੈਬਾਰਟਰੀ ਤੋਂ ਹਾਸਲ ਹੋਈ ਹੈ ਅਤੇ ਉਨ੍ਹਾਂ ਦੀ ਜਾਂਚ ਕਰਨਾ ਜ਼ਰੂਰੀ ਹੈ। ਕੁਝ ਹੋਰ ਆਡੀਓ-ਵੀਡੀਓ ਦਾ ਸ਼ਾਬਦਿਕ ਉਤਾਰਾ ਕਰਨ ਦਾ ਕੰਮ ਜਾਰੀ ਹੈ।" ਚਾਰਜਸ਼ੀਟ ਭੇਜੀ ਨੂੰ ਸੱਤ ਸਾਲ ਹੋ ਗਏ, ਲੇਕਿਨ ਅਜੇ ਤਕ ਅਗਲੀ ਜਾਂਚ ਨਹੀਂ ਕੀਤੀ ਗਈ। ਸਪਸ਼ਟ ਹੈ ਕਿ ਸਰਕਾਰ ਬ੍ਰਾਹਮਣਵਾਦੀਆਂ ਦੇ ਕਾਰਨਾਮਿਆਂ ਨੂੰ ਦਬਾਈ ਰੱਖਣਾ ਚਾਹੁੰਦੀ ਹੈ।

ਮੋਡਾਸਾ (ਗੁਜਰਾਤ) ਵਿਚ ਧਮਾਕਾ ਹੋਇਆ ਸੀ, ਉਸ ਵਿਚ ਇਕ ਮੌਤ ਹੋ ਗਈ ਅਤੇ ਕਈ ਜ਼ਖ਼ਮੀ ਹੋ ਗਏ ਸਨ। ਮ੍ਰਿਤਕਾਂ ਦੀ ਗਿਣਤੀ ਛੱਡ ਦੇਈਏ ਤਾਂ ਮਾਲੇਗਾਓਂ ਅਤੇ ਮੋਡਾਸਾ ਧਮਾਕੇ ਇਕੋ ਜਿਹੇ ਨਜ਼ਰ ਆਉਂਦੇ ਹਨ। ਮਿਸਾਲ ਵਜੋਂ, ਦੋਵੇਂ ਧਮਾਕੇ ਇਕੋ ਦਿਨ ਅਤੇ ਲਗਭਗ ਇਕ ਹੀ ਵਕਤ ਉਪਰ ਹੋਏ; ਦੋਹਾਂ ਵਿਚ ਹੀ ਆਰ.ਡੀ.ਐਕਸ ਇਸਤੇਮਾਲ ਕੀਤਾ ਗਿਆ; ਬੰਬ ਰੱਖਣ ਲਈ ਦੋਵਾਂ ਵਾਰਦਾਤਾਂ ਵਿਚ ਦੋ-ਪਹੀਆ ਵਾਹਨ (ਬਾਈਕ) ਇਸਤੇਮਾਲ ਕੀਤੇ ਗਏ; ਲੇਕਿਨ ਜਿਸ ਤਰ੍ਹਾਂ ਹੇਮੰਤ ਕਰਕਰੇ ਦੀ ਅਗਵਾਈ ਵਿਚ ਮਹਾਰਾਸ਼ਟਰ ਏ.ਟੀ.ਐਸ. ਨੇ ਮਾਲੇਗਾਓਂ ਬੰਬ ਧਮਾਕੇ ਦੀ ਕਰੜੀ ਜਾਂਚ ਕੀਤੀ, ਉਸ ਤਰ੍ਹਾਂ ਮੋਡਾਸਾ ਵਾਰਦਾਤ ਦੀ ਜਾਂਚ ਨਹੀਂ ਕੀਤੀ ਗਈ। ਫਿਰ ਐਨ.ਆਈ.ਏ. ਨੂੰ ਜਾਂਚ ਦੀ ਜ਼ਿੰਮੇਵਾਰੀ ਦਿੱਤੀ ਗਈ, ਲੇਕਿਨ ਅਜੇ ਤਕ ਜਾਂਚ ਮੁਕੰਮਲ ਨਹੀਂ ਹੋਈ।

*(ਚਲਦਾ)*

# ਮੋਦੀ ਦੀ ਹਿੰਦੂ ਅਤਿਵਾਦੀਆਂ ਨੂੰ ਖਤਰਨਾਕ ਗਲਵੱਕੜੀ

***ਅਮਰੀਕਾ ਦੇ ਮਸ਼ਹੂਰ ਅਖ਼ਬਾਰ 'ਦਿ ਨਿਊ ਯਾਰਕ ਟਾਈਮਜ਼' ਨੇ ਆਪਣੀ ਸੰਪਾਦਕੀ (23 ਮਾਰਚ 2017) ਵਿਚ ਉਤਰ ਪ੍ਰਦੇਸ਼ ਵਿਚ ਕੱਟੜ ਹਿੰਦੁਤਵੀ ਸਾਧ ਯੋਗੀ ਅਦਿਤਿਆਨਾਥ ਨੂੰ ਮੁੱਖ ਮੰਤਰੀ ਥਾਪੇ ਜਾਣ ਦੀ ਗੰਭੀਰ ਨੁਕਤਾਚੀਨੀ ਕੀਤੀ ਹੈ। ਇਸ ਵਿਚ ਇਸ ਤਾਜਪੋਸ਼ੀ ਦੀਆਂ ਖ਼ਤਰਨਾਕ ਅਰਥ-ਸੰਭਾਵਨਾਵਾਂ ਵੱਲ ਧਿਆਨ ਦਿਵਾਇਆ ਗਿਆ ਹੈ। -ਸੰਪਾਦਕ***

2014 ਵਿਚ ਚੁਣੇ ਜਾਣ ਦੇ ਸਮੇਂ ਤੋਂ ਹੀ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣੀ ਪਾਰਟੀ ਦੇ ਕੱਟੜ ਹਿੰਦੂ ਆਧਾਰ ਨੂੰ ਖ਼ੁਸ਼ ਕਰਨ ਅਤੇ ਨਾਲ ਦੀ ਨਾਲ ਵਿਕਾਸ ਤੇ ਆਰਥਿਕ ਵਾਧੇ ਦੇ ਧਰਮ ਨਿਰਪੱਖ ਟੀਚਿਆਂ ਨੂੰ ਉਤਸ਼ਾਹਤ ਕਰਨ ਦੀ ਸ਼ਾਤਰ ਖੇਡ ਖੇਡਦੇ ਆਏ ਹਨ। ਇਨ੍ਹਾਂ ਚਿੰਤਾਜਨਕ ਸੰਕੇਤਾਂ ਦੇ ਬਾਵਜੂਦ, ਕਿ ਉਹ ਹਿੰਦੂ ਅਤਿਵਾਦੀਆਂ ਦੀ ਗੱਲ ਮੰਨਣ ਲਈ ਰਾਜ਼ੀ ਹਨ, ਸ੍ਰੀਮਾਨ ਮੋਦੀ ਮੁਸਲਿਮ ਘੱਟਗਿਣਤੀ ਦੇ ਖ਼ਿਲਾਫ਼ ਹਿੰਸਾ ਨੂੰ ਖੁੱਲ੍ਹੇਆਮ ਮਨਜ਼ੂਰੀ ਦੇਣ ਤੋਂ ਗੁਰੇਜ਼ ਕਰਦੇ ਰਹੇ।

ਐਤਵਾਰ ਨੂੰ ਸ੍ਰੀ ਮੋਦੀ ਨੇ ਆਪਣੇ ਇਰਾਦੇ ਜ਼ਾਹਿਰ ਕਰ ਦਿੱਤੇ। ਹਿੰਦੁਸਤਾਨ ਦੇ ਸਭ ਤੋਂ ਵੱਡੇ ਸੂਬੇ, ਉਤਰ ਪ੍ਰਦੇਸ਼ ਦੀਆਂ ਹਾਲੀਆ ਚੋਣਾਂ ਵਿਚ ਹੂੰਝਾ-ਫੇਰੂ ਜਿੱਤ ਤੋਂ ਹੌਸਲੇ ਵਿਚ ਆ ਕੇ, ਉਸ ਦੀ ਪਾਰਟੀ ਨੇ ਭੜਕਾਊ ਹਿੰਦੂ ਪੁਜਾਰੀ ਯੋਗੀ ਅਦਿਤਿਆਨਾਥ ਨੂੰ ਸੂਬੇ ਦੀ ਮੁਖੀ ਥਾਪ ਦਿੱਤਾ। ਇਹ ਕਦਮ ਧਾਰਮਿਕ ਘੱਟਗਿਣਤੀਆਂ ਨੂੰ ਸਦਮਾ ਦੇਣ ਵਾਲੀ ਘੁਰਕੀ ਹੈ, ਅਤੇ ਇਸ ਦਾ ਸੰਕੇਤ ਹੈ ਕਿ 2019 ਦੀਆਂ ਚੋਣਾਂ ਦੇ ਮੱਦੇਨਜ਼ਰ ਕਠੋਰ ਗਿਣਤੀਆਂ-ਮਿਣਤੀਆਂ ਵਿਚੋਂ ਸ੍ਰੀ ਮੋਦੀ ਦੀ ਭਾਰਤੀ ਜਨਤਾ ਪਾਰਟੀ ਨੂੰ ਇਹ ਪੱਕਾ ਯਕੀਨ ਹੋ ਗਿਆ ਹੈ ਕਿ ਧਰਮ ਨਿਰਪੱਖ ਗਣਰਾਜ ਨੂੰ ਹਿੰਦੂ ਸਟੇਟ ਵਿਚ ਬਦਲਣ ਦੇ ਉਨ੍ਹਾਂ ਦੇ ਲੰਮੇ ਸਮੇਂ ਦੇ ਸੁਪਨੇ ਦੇ ਪੂਰਾ ਹੋਣ ਵਿਚ ਹੁਣ ਕੁਝ ਵੀ ਅੜਿੱਕਾ ਨਹੀਂ ਬਣ ਸਕਦਾ।

ਸ੍ਰੀ ਅਦਿਤਿਆਨਾਥ ਨੇ ਆਪਣਾ ਸਿਆਸੀ ਭਵਿਖ ਮੁਸਲਮਾਨਾਂ ਦਾ ਦਾਨਵੀਕਰਨ ਕਰ ਕੇ "ਲਵ ਜਹਾਦ" ਵਰਗੇ ਮਨਘੜਤ ਮਨਸੂਬਿਆਂ ਖ਼ਿਲਾਫ਼ ਕੜਕਵੇਂ ਭਾਸ਼ਣ ਦੇ ਕੇ ਬਣਾਇਆ ਹੈ: ਇਸ ਪਿੱਛੇ ਸੋਚ ਇਹ ਹੈ ਕਿ ਮੁਸਲਿਮ ਮਰਦ ਹਿੰਦੂ ਔਰਤਾਂ ਨੂੰ ਵਰਗਲਾਉਣ ਦੀ ਮਨਸ਼ਾ ਨਾਲ ਆਪਣੇ ਪ੍ਰੇਮ-ਜਾਲ ਵਿਚ ਫਸਾ ਕੇ ਭਾਰੂ ਹਿੰਦੂ ਬਹੁਗਿਣਤੀ ਨੂੰ ਖੋਰਾ ਲਾ ਰਹੇ ਹਨ। ਉਸ ਨੇ ਉਸ ਹਿੰਦੂ ਹਜੂਮ ਦਾ ਸ਼ਰੇਆਮ ਪੱਖ ਪੂਰਿਆ ਜਿਸ ਨੇ 2015 ਵਿਚ ਇਸ ਸ਼ੱਕ ਅਧੀਨ ਇਕ ਮੁਸਲਮਾਨ ਦਾ ਕਤਲ ਕਰ ਦਿੱਤਾ ਸੀ ਕਿ ਉਸ ਦਾ ਪਰਿਵਾਰ ਗਊ ਦਾ ਮਾਸ ਖਾ ਰਿਹਾ ਸੀ। ਉਸ ਨੇ ਇਹ ਵੀ ਕਿਹਾ ਕਿ ਯੋਗ ਕਰਦੇ ਹੋਏ ਸੂਰਿਆ ਨਮਸਕਾਰ ਕਰਨ ਵਾਲੇ ਮੁਸਲਮਾਨਾਂ ਨੂੰ "ਸਮੁੰਦਰ ਵਿਚ ਡੁੱਬ ਕੇ ਮਰ ਜਾਣਾ ਚਾਹੀਦਾ ਹੈ"। 20 ਕਰੋੜ ਆਬਾਦੀ ਵਾਲੇ ਉਤਰ ਪ੍ਰਦੇਸ਼ ਨੂੰ ਵਿਚਾਰਧਾਰਕ ਮਜਮੇਬਾਜ਼ੀ ਦੀ ਨਹੀਂ, ਵਿਕਾਸ ਦੀ ਜ਼ਰੂਰਤ ਹੈ। ਮੁਲਕ ਵਿਚ ਇਸ ਸੂਬੇ ਦੀ ਬੱਚਿਆਂ ਦੀ ਮੌਤ ਦਰ ਸਭ ਤੋਂ ਵੱਧ ਹੈ। ਇਸ ਦੇ ਤਕਰੀਬਨ ਅੱਧੇ ਬੱਚੇ ਸਰੀਰਕ ਤੌਰ 'ਤੇ ਪੂਰੇ ਵਿਕਸਤ ਨਹੀਂ ਹੁੰਦੇ। ਪੜ੍ਹਾਈ ਦੇ ਨਤੀਜੇ ਨਿਰਾਸ਼ਾਜਨਕ ਹਨ। ਨੌਜਵਾਨਾਂ ਵਿਚ ਬੇਰੁਜ਼ਗਾਰੀ ਬਹੁਤ ਜ਼ਿਆਦਾ ਹੈ।

ਸ੍ਰੀ ਅਦਿਤਿਆਨਾਥ ਨੇ ਇਹ ਸਹੀ ਕਿਹਾ ਕਿ, "ਮੇਰੀ ਸਰਕਾਰ ਸਾਰਿਆਂ ਲਈ ਕੰਮ ਕਰੇਗੀ, ਕਿਸੇ ਜਾਤ ਜਾਂ ਫਿਰਕੇ ਲਈ ਉਚੇਚੇ ਤੌਰ 'ਤੇ ਨਹੀਂ", ਤੇ ਉਸ ਨੇ ਉਤਰ ਪ੍ਰਦੇਸ਼ ਨੂੰ ਸ੍ਰੀ ਮੋਦੀ ਦੇ ਵਿਕਾਸ ਮਾਡਲ ਦਾ "ਸੁਪਨ ਦੇਸ਼" ਬਣਾਉਣ ਦਾ ਵਾਅਦਾ ਕੀਤਾ ਹੈ।

ਪਰ ਅਦਿਤਿਆਨਾਥ ਦੀ ਨਿਯੁਕਤੀ ਦਿਖਾਉਂਦੀ ਹੈ ਕਿ ਸ੍ਰੀ ਮੋਦੀ ਆਰਥਿਕ ਵਿਕਾਸ ਅਤੇ ਧੌਂਸਬਾਜ਼ ਹਿੰਦੂ ਰਾਸ਼ਟਰਵਾਦ ਦਰਮਿਆਨ ਕੋਈ ਵਿਰੋਧ ਨਹੀਂ ਦੇਖ ਰਹੇ ਜਿਸ ਨੂੰ ਖ਼ੁਰਾਕ ਹੀ ਮੁਸਲਿਮ ਵਿਰੋਧੀ ਭਾਵਨਾਵਾਂ ਨੂੰ ਚੁਆਤੀ ਲਾਉਣ ਤੋਂ ਮਿਲਦੀ ਹੈ। ਸ੍ਰੀ ਮੋਦੀ ਦੀਆਂ ਆਰਥਿਕ ਨੀਤੀਆਂ ਨਾਲ ਆਰਥਿਕਤਾ ਵਧੀ ਹੈ, ਪਰ ਇਸ ਨੇ ਨੌਕਰੀਆਂ ਨਹੀਂ ਦਿੱਤੀਆਂ। ਰੋਜ਼ਗਾਰ ਦੀ ਮੰਗ ਨੂੰ ਪੂਰਾ ਕਰਨ ਲਈ ਹਿੰਦੁਸਤਾਨ ਨੂੰ ਹਰ ਮਹੀਨੇ ਦਸ ਲੱਖ ਨੌਕਰੀਆਂ ਪੈਦਾ ਕਰਨ ਦੀ ਜ਼ਰੂਰਤ ਹੈ। ਜੇ ਸ੍ਰੀ ਅਦਿਤਿਆਨਾਥ ਰੋਜ਼ਗਾਰ ਦੇਣ ਵਿਚ ਅਸਫਲ ਰਹਿੰਦਾ ਹੈ, ਤਾਂ ਪੂਰਾ ਡਰ ਹੈ ਕਿ ਉਹ- ਤੇ ਸ੍ਰੀ ਮੋਦੀ ਦੀ ਪਾਰਟੀ- ਸੱਤਾ 'ਚ ਬਣੇ ਰਹਿਣ ਲਈ ਮੁਸਲਮਾਨਾਂ ਨੂੰ ਸਤਾਉਣ ਦੀ ਚਾਲ ਦਾ ਸਹਾਰਾ ਲੈਣਗੇ। ਇਸ ਨਾਲ ਸ੍ਰੀ ਮੋਦੀ ਦਾ ਸੁਪਨਦੇਸ਼ ਹਿੰਦੁਸਤਾਨ ਦੀਆਂ ਘੱਟਗਿਣਤੀਆਂ ਲਈ ਡਰਾਉਣਾ ਸੁਪਨਾ ਬਣ ਜਾਵੇਗਾ ਅਤੇ ਸ੍ਰੀ ਮੋਦੀ ਨੇ 'ਸਭ ਕਾ ਵਿਕਾਸ' ਦਾ ਜੋ ਵਾਅਦਾ ਕੀਤਾ ਹੈ, ਉਸ ਲਈ ਖ਼ਤਰਾ ਪੈਦਾ ਹੋ ਜਾਵੇਗਾ।

***-ਤਰਜਮਾ: ਬੂਟਾ ਸਿੰਘ***

*ਇਲੈਕਟਰੀਕਲ ਵੋਟਿੰਗ ਮਸ਼ੀਨ (ਈ.ਵੀ.ਐਮ.) ਇਕ ਵਾਰ ਫਿਰ ਵਿਵਾਦ ਵਿਚ ਘਿਰ ਗਈ ਹੈ। ਇਸ ਵਾਰ ਉਤਰ ਪ੍ਰਦੇਸ਼ ਅਤੇ ਪੰਜਾਬ ਵਿਚ ਵੋਟਾਂ ਦੀ ਹੇਰਾ-ਫੇਰੀ ਦਾ ਮੁੱਦਾ ਕ੍ਰਮਵਾਰ ਬਹੁਜਨ ਸਮਾਜ ਪਾਰਟੀ ਅਤੇ ਆਮ ਆਦਮੀ ਪਾਰਟੀ ਨੇ ਉਠਾਇਆ ਹੈ। ਫਿਲਹਾਲ ਭਾਰਤੀ ਚੋਣ ਕਮਿਸ਼ਨ ਨੇ ਇਨ੍ਹਾਂ ਦੋਸ਼ਾਂ ਨੂੰ ਕੋਈ ਵਜ਼ਨ ਨਹੀਂ ਦਿੱਤਾ ਹੈ, ਪਰ ਮੱਧ ਪ੍ਰਦੇਸ਼ ਵਿਚ ਇਨ੍ਹਾਂ ਮਸ਼ੀਨਾਂ ਦੀ ਡੈਮੋ ਦੌਰਾਨ ਜੋ ਤੱਥ ਸਾਹਮਣੇ ਆਏ, ਉਸ ਨੇ ਇਨ੍ਹਾਂ ਮਸ਼ੀਨਾਂ ਦੀ ਭਰੋਸੇਯੋਗਤਾ ਉਤੇ ਸਵਾਲੀਆ ਨਿਸ਼ਾਨ ਜ਼ਰੂਰ ਲਗਾ ਦਿੱਤਾ ਹੈ। ਡੈਮੋ ਦੌਰਾਨ ਹਰ ਇਕ ਬਟਨ ਦੱਬਣ 'ਤੇ ਪਰਚੀ ਭਾਰਤੀ ਜਨਤਾ ਪਾਰਟੀ ਵਾਲੀ ਹੀ ਨਿਕਲੀ। ਇਸ ਮਸ਼ੀਨ ਬਾਰੇ ਸੀਨੀਅਰ ਪੱਤਰਕਾਰ ਸਿੱਧੂ ਦਮਦਮੀ ਨੇ ਇਹ ਲੇਖ ਭੇਜਿਆ ਹੈ ਜਿਸ ਵਿਚ ਇਨ੍ਹਾਂ ਮਸ਼ੀਨਾਂ ਦੀ ਭਰੋਸੇਯੋਗਤਾ ਅਤੇ ਹੋਣ ਵਾਲੀ ਸੰਭਾਵੀ ਹੇਰਾ-ਫੇਰੀ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। -ਸੰਪਾਦਕ*

# ਵੋਟ ਮਸ਼ੀਨ ਬਾਰੇ ਸ਼ੱਕ ਅਤੇ ਸੁਆਲ

ਮੈਸੂਰ 'ਚ ਕੰਨੜ ਦੇ ਗਿਆਨਪੀਠ ਪੁਰਸਕਾਰ ਵਿਜੇਤਾ ਲੇਖਕ ਕੁਵੈਂਪੂ ਨੂੰ ਮਿਲਣ ਦਾ ਸਬੱਬ ਨਾ ਬਣਦਾ ਤਾਂ ਉਸ ਸ਼ਖਸੀਅਤ ਨਾਲ ਮੁਲਾਕਾਤ ਨਹੀਂ ਸੀ ਹੋਣੀ ਜਿਸ ਦੀ ਡਿਜ਼ਾਈਨ ਕੀਤੀ ਮਸ਼ੀਨ ਭਾਰਤ 'ਚ ਪਿਛਲੇ 28 ਸਾਲਾਂ ਤੋਂ ਹੁੰਦੀ ਆ ਰਹੀ ਹਰ ਚੋਣ ਸਮੇਂ ਚਰਚਾ 'ਚ ਰਹਿੰਦੀ ਹੈ!...

ਗੱਲ ਅੱਸੀ ਦੇ ਅੱਧ-ਦਹਾਕੇ ਦੀ ਹੈ। ਤਦ ਮੈਂ ਭਾਰਤੀ ਸੂਚਨਾ ਸੇਵਾ ਵਿਚ ਸਾਂ ਅਤੇ ਮਨਾਸਾ ਗੰਗੋਤਰੀ ਯੂਨੀਵਰਸਿਟੀ ਵਿਚੋਂ ਪਤਰਾਚਾਰ ਰਾਹੀਂ ਕਰਵਾਈ ਜਾ ਰਹੀ ਪੱਤਰਕਾਰੀ ਦੀ ਡਿਗਰੀ ਦਾ ਇਮਤਹਾਨ ਦੇਣ ਚੰਡੀਗੜ੍ਹ ਤੋਂ ਮੈਸੂਰ ਗਿਆ ਹੋਇਆ ਸਾਂ। ਪਰਚੇ ਖਤਮ ਹੋਏ ਤਾਂ ਯੂਨੀਵਰਸਿਟੀ ਦੇ ਫੋਟੋ ਆਰਟਿਸਟ ਤਿਪੈ ਸਵਾਮੀ ਨੇ ਕੁਵੈਂਪੂ ਨਾਲ ਮੁਲਾਕਾਤ ਲਈ ਸਮਾਂ ਲੈ ਦਿਤਾ (ਮਾਸਕ ਪਰਚੇ 'ਆਰਸੀ' ਨੇ ਇਹ ਮੁਲਾਕਾਤ ਤਸਵੀਰ ਸਾਹਿਤ ਛਾਪੀ ਸੀ)। ਮਹਾਂਰਥੀ ਲੇਖਕ ਦੇ ਨਾਂ 'ਤੇ ਵਸਾਏ



**ਸਿੱਧੂ ਦਮਦਮੀ (ਅਮਰੀਕਾ)**
ਫੋਨ: 626-400-3567

'ਕੁਵੈਂਪੂ ਨਗਰ' ਵਿਚਲੇ ਘਰ ਵਿਚ ਜਦੋਂ ਮੈਂ ਪਹੁੰਚਿਆ ਤਾਂ ਇਤਫਾਕਨ ਰੰਗਾਰਾਜਨ ਉਥੇ ਆਏ ਹੋਏ ਸਨ। ਉਨ੍ਹਾਂ ਬਾਰੇ ਮੈਨੂੰ ਪਹਿਲਾਂ ਕੋਈ ਵਾਕਫੀ ਨਹੀਂ ਸੀ, ਪਰ ਜਦੋਂ ਕੁਵੈਂਪੂ ਤੋਂ ਰੰਗਾਰਾਜਨ ਦੇ ਰਚਨਾ ਸੰਸਾਰ ਬਾਰੇ ਸੁਣਿਆ ਤਾਂ ਹਾਲਤ ਮੂੰਹ ਵਿਚ ਉਂਗਲ ਪੈਣ ਵਾਲੀ ਹੋ ਗਈ: ਦਰਜਨਾਂ ਨਾਵਲ, ਦਰਜਨਾਂ ਫਿਲਮਾਂ ਦੇ ਸੰਵਾਦ ਤੇ ਸਕਰਿਪਟਾਂ, ਦਰਜਨਾਂ ਕਾਵਿ ਤੇ ਕਹਾਣੀ ਸੰਗ੍ਰਿਹ; ਪਰ ਮੇਰੇ ਲਈ ਇਸ ਬਹੁਰੰਗੇ ਸਿਰਜਕ ਦੀ ਜਾਣ-ਪਛਾਣ ਉਦੋਂ ਹੋਰ ਖਿੜ ਗਈ ਜਦੋਂ ਪਤਾ ਲੱਗਿਆ ਕਿ ਉਹ ਨਾ ਕੇਵਲ ਭਾਰਤ ਇਲੈਕਟ੍ਰੀਕਲਜ਼ ਲਿਮਟਿਡ ਦੇ ਜਾਣੇ-ਪਛਾਣੇ ਇਲੈਕਟਰੀਕਲ ਇੰਜਨੀਅਰ ਸਨ, ਸਗੋਂ ਭਾਰਤ ਦੀ ਪਹਿਲੀ ਇਲੈਕਟਰੀਕਲ ਵੋਟਿੰਗ ਮਸ਼ੀਨ (ਈ.ਵੀ.ਐਮ.) ਨੂੰ ਡਿਜ਼ਾਇਨ ਕਰਨ ਅਤੇ ਬਣਾਉਣ ਵਾਲੀ ਟੀਮ ਦੇ ਮੁਖੀ ਵੀ ਰਹੇ ਸਨ। ਫਿਰ ਕੁਵੈਂਪੂ ਨਾਲ ਬਾਕਾਇਦਾ ਮੁਲਾਕਾਤ ਸ਼ੁਰੂ ਕਰਨ ਅਤੇ ਰੰਗਾਰਾਜਨ ਦੇ ਰੁਖਸਤ ਹੋਣ ਤਕ ਇੰਜਨੀਅਰਿੰਗ ਬਨਾਮ ਸਾਹਿਤ ਅਤੇ ਈ.ਵੀ.ਐਮ. ਬਨਾਮ ਚੋਣਾਂ ਹੀ ਸਾਡੀ ਗਲਬਾਤ ਦਾ ਮੌਜ਼ੂ ਬਣੇ ਰਹੇ। ਉਨ੍ਹਾਂ ਨੂੰ ਈ.ਵੀ.ਐਮ. ਦੇ 'ਮੇਡ ਇਨ ਇੰਡੀਆ' ਹੋਣ ਦਾ ਬਹੁਤ ਮਾਣ ਸੀ। ਤਦ ਤਕ ਵੋਟਿੰਗ ਮਸ਼ੀਨਾਂ ਦੀ ਭਰੋਸੇਯੋਗਤਾ ਬਾਰੇ ਟਾਵਾਂ-ਟੱਲਾ ਸ਼ੱਕ ਪ੍ਰਗਟ ਕੀਤਾ ਜਾਣ ਲੱਗਿਆ ਸੀ। ਜਦ ਮੈਂ ਰੰਗਾਰਾਜਨ ਨੂੰ ਇਸ ਪੱਖੋਂ ਕੁਰੇਦਿਆ ਤਾਂ ਉਸ ਦਾ ਸਪਸ਼ਟ ਕਹਿਣਾ ਸੀ- 'ਮਸ਼ੀਨ ਫੂਲਪਰੂਫ ਹੈ, ਏਕਦਮ'!

ਇਸ ਮੁਲਾਕਾਤ ਕਾਰਨ ਹੁਣ ਜਦੋਂ ਕਦੇ ਵੀ ਭਾਰਤੀ ਇਲੈਕਟਰਾਨਕ ਵੋਟਿੰਗ ਮਸ਼ੀਨ ਬਾਰੇ ਕਿਸੇ ਕਾਰਨ ਚਰਚਾ ਛਿੜਦੀ ਹੈ- ਜਿਵੇਂ ਇਸ ਦੀ ਭਰੋਸੇਯੋਗਤਾ ਨੂੰ ਲੈ ਕੇ ਹੁਣ ਛਿੜੀ ਹੋਈ ਹੈ, ਤਾਂ 2008 ਵਿਚ ਗੁਜ਼ਰ ਗਏ ਐਸ. ਰੰਗਾਰਾਜਨ ਤੇ ਉਸ ਦੀ ਕਾਢ ਯਾਦ ਆ ਜਾਂਦੇ ਹਨ। ਨਾਲ ਹੀ ਯਾਦ ਆ ਜਾਂਦਾ ਹੈ, ਮਸ਼ੀਨ ਦੇ ਫੂਲਪਰੂਫ ਹੋਣ ਬਾਰੇ ਉਸ ਦਾ ਹਿੱਕ ਠੋਕ ਕੇ ਕੀਤਾ ਦਾਅਵਾ।


ਰੌਚਕ ਗੱਲ ਇਹ ਕਿ ਭਾਰਤ ਦੇ ਕਰੋੜਾਂ ਵੋਟਰਾਂ ਨਾਲ ਨਜਿੱਠਣ ਵਾਲੇ ਵੋਟਿੰਗ ਸਿਸਟਮ ਦੇ ਇਸ ਅਹਿਮ ਡਿਜੀਟਲ ਯੰਤਰ ਵਿਚ ਇਸ ਦੇ ਨਿਰਮਾਤਾ ਵਾਂਗ ਭਾਰਤੀ ਚੋਣ ਕਮਿਸ਼ਨ ਦਾ ਵੀ ਅਟੱਲ ਯਕੀਨ ਹੈ, ਪਰ ਇਸ ਵਾਰ ਉਤਰ ਪ੍ਰਦੇਸ਼ ਵਿਚ ਚੋਣ ਹਾਰ ਗਈ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਦੇ 'ਮੋਦੀ ਨੇ ਨਹੀਂ, ਮਸ਼ੀਨ ਨੇ ਹਰਾਇਆ' ਤੋਂ ਲੈ ਕੇ ਪੰਜਾਬ ਹਾਰ ਗਏ ਆਮ ਆਦਮੀ ਪਾਰਟੀ (ਆਪ) ਦੇ ਮੁਖੀ ਕੇਜਰੀਵਾਲ ਦੇ 'ਕੁਝ ਤਾਂ ਜ਼ਰੂਰ ਹੋਇਆ ਹੈ' ਤਕ ਈ.ਵੀ.ਐਮ. ਦੀ ਭਰੋਸੇਯੋਗਤਾ ਬਾਰੇ ਇਸ ਵਾਰ ਲਾਏ ਜਾ ਰਹੇ ਇਲਜ਼ਾਮ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਗੰਭੀਰ ਜਾਪਦੇ ਹਨ। ਪਿਛਲੇ ਦਿਨੀਂ ਮੱਧ ਪ੍ਰਦੇਸ਼ ਅਸੈਂਬਲੀ ਦੀ ਇਕ ਸੀਟ ਦੀ ਚੋਣ ਸਮੇਂ ਜਿਵੇਂ ਉਚ ਚੋਣ ਅਫਸਰਾਂ ਦੀ ਹਾਜ਼ਰੀ ਵਿਚ ਟੈਸਟ ਕੀਤੀ ਜਾ ਰਹੀ ਮਸ਼ੀਨ ਦਾ ਹਰ ਬਟਨ ਦਬਾਇਆਂ ਵੋਟ ਪਰਚੀ ਭਾਜਪਾ ਦੀ ਹੀ ਨਿਕਲੀ, ਤਾਂ ਉਸ ਤੋਂ ਮਾਮਲਾ ਗੰਭੀਰ ਮੋੜ ਕਟ ਰਿਹਾ ਲਗਦਾ ਹੈ। ਬਿਨਾਂ ਸ਼ੱਕ, ਇਨ੍ਹਾਂ ਸੁਆਲਾਂ ਦਾ ਆਧਾਰ ਬਣਾਏ ਜਾ ਰਹੇ ਤੱਥਾਂ ਦੀ ਪੁਸ਼ਟੀ ਅਤੇ ਇਨ੍ਹਾਂ ਬਾਰੇ ਅਦਾਲਤੀ ਫੈਸਲੇ ਅਜੇ ਹੋਣੇ ਹਨ। ਇਥੇ ਇਹ ਵੀ ਵਰਨਣਯੋਗ ਹੈ ਕਿ ਇਸੇ ਮੁੱਦੇ 'ਤੇ ਦੇਸ਼ ਦੀਆਂ ਅਦਾਲਤਾਂ ਵਿਚ ਵੱਖ-ਵੱਖ ਪੱਧਰ 'ਤੇ ਦਰਜਨਾਂ ਮਾਮਲੇ ਪਹਿਲਾਂ ਹੀ ਲਮਕੇ ਹੋਏ ਹਨ। ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ 1989 ਵਿਚ ਵੋਟਿੰਗ ਮਸ਼ੀਨਾਂ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤਕ ਦੇਸ਼ ਦੀਆਂ ਲਗਪਗ ਸਾਰੀਆਂ ਵੱਡੀਆਂ ਰਾਸ਼ਟਰੀ ਤੇ ਖੇਤਰੀ ਪਾਰਟੀਆਂ ਅਤੇ ਇਨ੍ਹਾਂ ਦੇ ਲੀਡਰ ਸਮੇਂ ਸਮੇਂ ਈ.ਵੀ.ਐਮ. ਬਾਰੇ ਬੇਵਸਾਹੀ ਪ੍ਰਗਟ ਕਰਦੇ ਆਏ ਹਨ। ਜਿਹੜੀ ਪਾਰਟੀ ਚੋਣ ਹਾਰਨ 'ਤੇ ਵੋਟਿੰਗ ਮਸ਼ੀਨ ਵਿਚ ਆਪਣਾ ਭਰੋਸਾ ਟੁੱਟਣ ਦਾ ਰੌਲਾ ਪਾਉਂਦੀ ਹੈ, ਉਹੀ ਕੋਈ ਹੋਰ ਚੋਣ ਜਿੱਤਣ ਪਿੱਛੋਂ ਇਸ ਮੁੱਦੇ 'ਤੇ ਖਾਮੋਸ਼ ਹੋ ਜਾਂਦੀ ਰਹੀ ਹੈ। ਮਸਲਨ 2009 ਦੀਆਂ ਆਮ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਲਾਲ ਕ੍ਰਿਸ਼ਨ ਅਡਵਾਨੀ ਨੇ ਵੀ ਈ.ਵੀ.ਐਮ. ਦੇ ਸੁਰੱਖਿਅਤ ਹੋਣ ਬਾਰੇ ਨਾ ਕੇਵਲ ਸ਼ੱਕ ਪ੍ਰਗਟ ਕੀਤਾ ਸੀ, ਸਗੋਂ ਪਾਰਟੀ ਦੇ ਬੁਲਾਰੇ ਜੀ.ਵੀ.ਐਲ. ਨਰਸਿਮਹਾ ਰਾਉ ਦੀ ਇਸੇ ਵਿਸ਼ੇ 'ਤੇ ਲਿਖੀ ਕਿਤਾਬ 'ਡੈਮੋਕਰੇਸੀ ਐਟ ਰਿਸਕ-ਕੈਨ ਵਈ ਟਰਸਟ ਅਵਰ ਇਲੈਕਟਰਾਨਿਕ ਵੋਟਿੰਗ ਮਸ਼ੀਨਜ਼' ਦੀ ਭੂਮਿਕਾ ਵੀ ਲਿਖੀ, ਪਰ ਉਸ ਤੋਂ ਬਾਅਦ ਦੀਆਂ ਚੋਣਾਂ ਵਿਚ ਭਾਜਪਾ ਇਸ ਮੁੱਦੇ 'ਤੇ ਚੁੱਪ ਹੀ ਰਹੀ ਹੈ। ਇਵੇਂ ਹੀ ਪੰਜਾਬ ਵਿਧਾਨ ਸਭਾ ਦੀਆਂ ਪਿਛਲੀਆਂ ਚੋਣਾਂ ਹਾਰ ਜਾਣ 'ਤੇ ਕਾਂਗਰਸ ਦੇ ਸੂਬਾ ਪ੍ਰਧਾਨ ਨੇ ਈ.ਵੀ.ਐਮ. ਦੀ ਵਿਸ਼ਵਾਸਯੋਗਤਾ 'ਤੇ ਚੋਣ ਕਮਿਸ਼ਨ ਕੋਲ ਸੁਆਲ ਖੜ੍ਹੇ ਕੀਤੇ ਸਨ, ਪਰ ਇਸ ਵਾਰ ਚੋਣ ਜਿੱਤਣ 'ਤੇ ਉਨ੍ਹਾਂ ਦੀ ਰਾਏ ਬਦਲ ਗਈ ਹੈ। ਸ਼ਾਇਦ ਸਿਆਸੀ ਪਾਰਟੀਆਂ ਦੇ ਇਸੇ ਦੋਗਲੇ ਸਟੈਂਡ ਕਾਰਨ ਚੋਣ ਕਮਿਸ਼ਨ ਨੇ ਇਸ ਮਾਮਲੇ ਨੂੰ ਲੋੜੀਂਦੀ ਗੰਭੀਰਤਾ ਤੇ ਤੱਤਪਰਤਾ ਨਾਲ ਨਹੀਂ ਲਿਆ।

ਲੋਕਰਾਜ ਦੀ ਮੂਲ ਪ੍ਰਕਿਰਿਆ ਨਿਭਾਉਣ ਵਾਲੇ ਕੰਪਿਊਟਰ ਆਧਾਰਿਤ ਇਸ ਯੰਤਰ ਦੀ ਭਰੋਸੇਯੋਗਤਾ ਬਾਰੇ ਸ਼ੱਕ ਮਿਟਣ ਦੀ ਥਾਂ ਵਧਦੇ ਰਹੇ ਹਨ। ਦੂਜੇ ਪਾਸੇ ਰੰਗਾਰਾਜਨ ਦੇ ਤੁਰ ਜਾਣ ਪਿੱਛੋਂ ਵੀ ਈ.ਵੀ.ਐਮ. ਦੀ ਭਰੋਸੇਯੋਗਤਾ ਬਾਰੇ ਚੋਣ ਕਮਿਸ਼ਨ ਦੀ ਧਾਰਨਾ ਉਹਦੇ ਵਾਲੀ ਹੀ ਹੈ ਕਿ ਇਹ ਸੌ ਫੀਸਦੀ ਫੂਲਪਰੂਫ ਹੈ; ਜਦੋਂਕਿ ਡਿਜੀਟਲ ਮਸ਼ੀਨਾਂ ਨੂੰ ਹਰ ਦੇਸ਼ ਵਿਚ ਲੱਗ ਰਹੀਆਂ ਸੰਨ੍ਹਾਂ ਤੋਂ ਚਿੰਤਤ ਸੂਚਨਾ ਤਕਨਾਲੋਜੀ ਦੇ ਮਾਹਰ ਹਾਲੀ ਅਜਿਹਾ ਇਕ ਵੀ ਕੰਪਿਊਟਰ ਨਹੀਂ ਬਣਾ ਸਕੇ ਜਿਸ ਨੂੰ ਸੰਨ੍ਹ ਨਾ ਲਾਈ ਜਾ ਸਕੇ। ਦੂਜੇ ਪਾਸੇ 'ਵਿਕੀਲੀਕਸ' ਦੇ ਜੋਟੀਦਾਰਾਂ ਦੀ ਗਿਣਤੀ ਅਤੇ ਮੁਹਾਰਤ ਇੰਨੀ ਤੇਜ਼ੀ ਨਾਲ ਵਧ ਰਹੀ ਹੈ ਕਿ ਉਨ੍ਹਾਂ ਨੇ ਅਮਰੀਕਾ ਜਿਹੀ ਸੁਪਰ-ਪਾਵਰ ਦੀ ਸਾਇਬਰ ਸੁਰੱਖਿਆ ਨੂੰ ਵੀ ਤਾਰ ਤਾਰ ਕਰ ਦਿੱਤਾ ਹੈ। ਸੋ, ਪਿਛਲੇ ਵਰ੍ਹਿਆਂ ਦੇ ਉਲਟ ਹੁਣ ਭਾਰਤੀ ਇਲੈਕਟਰਾਨਿਕ ਵੋਟਿੰਗ ਮਸ਼ੀਨਾਂ ਦੀ ਭਰੋਸੇਯੋਗਤਾ ਦੇ ਮੁੱਦੇ ਨੂੰ ਵੀ ਇਸ ਬਦਲੇ ਹੋਏ ਪ੍ਰਸੰਗ ਵਿਚ ਜਾਚਣ ਦੀ ਜ਼ਰੂਰਤ ਹੈ, ਨਾ ਕਿ ਲਾਲਫੀਤਾਸ਼ਾਹੀ ਨਾਲ ਕੱਜਣ ਦੀ, ਤੇ ਨਾ ਇਸ ਦੀਆਂ ਖਾਮੀਆਂ ਨਸ਼ਰ ਕਰਨ ਵਾਲੇ ਹਰੀ ਪ੍ਰਸਾਦ ਜਿਹੇ ਲੋਕ ਹਿਤੈਸ਼ੀਆਂ ਨੂੰ ਦਬਕਾਉਣ ਤੇ ਗ੍ਰਿਫਤਾਰ ਕਰਵਾਉਣ ਦੀ।

ਮੂਲ ਰੂਪ ਵਿਚ ਰੰਗਾਰਾਜਨ ਵਲੋਂ ਬਣਾਈ ਈ.ਵੀ.ਐਮ. ਦੇ ਸੁਰੱਖਿਆ ਪਖੋਂ ਫੂ.ਲਪਰੂਫ ਹੋਣ ਦਾ ਦਾਅਵਾ ਮੁੱਖ ਤੌਰ .ਤੇ ਜਿਨ੍ਹਾਂ ਤੱਥਾਂ 'ਤੇ ਟਿਕਿਆ ਹੋਇਆ ਹੈ, ਉਹ ਹਨ: ਵਰਤਣ ਵੇਲੇ ਇਸ ਦਾ ਨੈੱਟਵਰਕ ਨਾਲ ਜੁੜੀ ਨਾ ਹੋਣਾ, ਭਾਵ ਇਸ ਦਾ ਕਿਸੇ ਸਰਕਾਰ ਨਾਲ ਸਬੰਧਤ ਨਾ ਹੋਣਾ; ਸਿਲੀਕੋਨ ਚਿਪ ਵਿਚ ਖੁਣੀ ਇਸ ਦੀ ਪ੍ਰੋਗਰਾਮਿੰਗ ਵਿਚ ਮਸ਼ੀਨ ਦੇ ਇਕ ਵਾਰ ਬਣ ਜਾਣ ਪਿਛੋਂ ਕੋਈ ਤਬਦੀਲੀ ਨਾ ਹੋ ਸਕਣਾ; ਸੰਨ੍ਹ ਲਾਉਣ ਲਈ ਸੰਨ੍ਹਬਾਜ਼ ਦੀ ਈ.ਵੀ.ਐਮ. ਤਕ ਜਿਹੜੀ ਨਾਜਾਇਜ਼ ਪਹੁੰਚ ਹੋਣੀ ਚਾਹੀਦੀ ਹੈ, ਉਸ ਦਾ ਨਾਮੁਮਕਿਨ ਹੋਣਾ, ਕਿਉਂਕਿ ਪੋਲਿੰਗ ਤੋਂ ਲੈ ਕੇ ਨਤੀਜਿਆਂ ਤਕ ਈ.ਵੀ.ਐਮ. ਸਖਤ ਪਹਿਰੇ ਹੇਠ ਰੱਖੀਆਂ ਜਾਂਦੀਆਂ ਹਨ ਜਿਸ ਦੀ ਨਜ਼ਰਸਾਨੀ ਸੁਰੱਖਿਆ ਕਰਮਚਾਰੀਆਂ ਤੋਂ ਇਲਾਵਾ ਉਮੀਦਵਾਰ ਅਤੇ ਉਨ੍ਹਾਂ ਦੇ ਏਜੰਟ ਕਰਦੇ ਹਨ। ਮਸ਼ੀਨਾਂ ਦੀ ਭਰੋਸੇਯੋਗਤਾ ਦੇ ਹੱਕ ਵਿਚ ਚੋਣ ਕਮਿਸ਼ਨ ਦੀ ਇਹ ਵੀ ਧਾਰਨਾ ਹੈ ਕਿ ਇਕ ਚੋਣ 'ਤੇ ਅਸਰ ਪਾਉਣ ਲਈ ਸੈਂਕੜੇ/ਹਜ਼ਾਰਾਂ ਮਸ਼ੀਨਾਂ ਵਿਚ ਹੇਰਾਫੇਰੀ ਕਰਨ ਦੀ ਲੋੜ ਹੋਵੇਗੀ ਅਤੇ ਅਜਿਹੀ ਵੱਡੀ ਕਾਰਵਾਈ ਨੂੰ ਅੰਜ਼ਾਮ ਦੇਣ ਲਈ ਨਾ ਕੇਵਲ ਭਾਰੀ ਗਿਣਤੀ ਵਿਚ ਉਚ-ਮਾਹਰ ਤਾਇਨਾਤ ਕਰਨੇ ਪੈਣਗੇ, ਸਗੋਂ ਇੰਨੀ ਵੱਡੀ ਪੱਧਰ 'ਤੇ ਗੁਪਤ ਕੰਮ ਨੇਪਰੇ ਚਾੜ੍ਹਨ ਲਈ ਜਿੰਨਾ ਸਮਾਂ ਚਾਹੀਦਾ ਹੋਵੇਗਾ, ਇੰਨੀ ਸਖਤ ਪਹਿਰੇਦਾਰੀ ਦੇ ਹੁੰਦਿਆਂ ਉਹ ਸੰਭਵ ਨਹੀਂ ਹੋ ਸਕਦਾ। ਵੋਟਾਂ ਪੈਣੀਆਂ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਪੋਲਿੰਗ ਖਤਮ ਹੋਣ 'ਤੇ ਮਸ਼ੀਨ ਨੂੰ ਲਾਖ ਦੀਆਂ ਮੋਹਰਾਂ ਨਾਲ ਸੀਲ ਕੀਤਾ ਜਾਂਦਾ ਹੈ ਜਿਨ੍ਹਾਂ 'ਤੇ ਉਮੀਦਵਾਰਾਂ ਦੇ ਪੋਲਿੰਗ ਏਜੰਟਾਂ ਵਲੋਂ ਸਹੀ ਪਾਈ ਜਾਂਦੀ ਹੈ। ਇਸ ਲਈ ਸੀਲ ਤੋੜੇ ਬਿਨਾਂ ਮਸ਼ੀਨ ਵਿਚ ਹੇਰਫੇਰ ਨਹੀਂ ਕੀਤੀ ਜਾ ਸਕਦੀ। ਇਥੇ ਹੀ ਬਸ ਨਹੀਂ, ਇਨ੍ਹਾਂ ਮਸ਼ੀਨਾਂ ਦੇ ਪ੍ਰੋਗਰਾਮਿੰਗ ਦੀ ਡਿਜੀਟਲ ਕੁੰਜੀ ਨੂੰ ਅਤਿ ਗੁਪਤ ਰੱਖਿਆ ਜਾਂਦਾ ਹੈ।

ਚੋਣ ਕਮਿਸ਼ਨ ਵਲੋਂ ਵੋਟਿੰਗ ਮਸ਼ੀਨ ਦੀ ਭਰੋਸੇਯੋਗਤਾ ਦੇ ਹੱਕ ਵਿਚ ਦਿਤੀਆਂ ਜਾ ਰਹੀਆਂ ਇਨ੍ਹਾਂ ਦਲੀਲਾਂ ਨੂੰ ਵੀ ਸਾਨੂੰ ਕੰਪਿਊਟਰ ਸੰਨ੍ਹਬਾਜ਼ੀ ਦੇ ਖੇਤਰ ਵਿਚ ਅਤਿ ਦੀ ਤੇਜ਼ੀ ਨਾਲ ਵਾਪਰ ਰਹੀਆਂ ਤਬਦੀਲੀਆਂ ਦੇ ਪ੍ਰਸੰਗ ਵਿਚ ਵਾਚਣਾ ਪਵੇਗਾ। ਹੁਣ ਜਦੋਂ ਰੂਸ ਅਤੇ ਕੁਝ ਹੋਰ ਦੇਸ਼ਾਂ ਵਿਚ ਨੈਟਵਰਕ ਨਾਲ ਜੋੜੇ ਬਿਨਾਂ ਹੀ ਕੰਪਿਊਟਰ ਵਲੋਂ ਪੈਦਾ ਕੀਤੇ ਜਾ ਰਹੇ ਚੁੰਬਕੀ ਖੇਤਰ ਅਤੇ ਗਰਮਾਇਸ਼ ਰਾਹੀਂ ਇਸ ਅੰਦਰਲਾ ਡਾਟਾ ਚੋਰੀ/ਤਬਦੀਲ ਕਰਨ ਵਾਲੇ ਜਸੂਸੀ ਯੰਤਰ ਬਣਾਉਣ ਦੀਆਂ ਖਬਰਾਂ ਆ ਰਹੀਆਂ ਹਨ, ਤਾਂ ਮਸ਼ੀਨ ਦੇ ਫੂਲਪਰੂਫ ਹੋਣ ਦੀ ਬਿਨਾ 'ਤੇ ਇਸ ਵਿਚ ਪ੍ਰਗਟਾਏ ਜਾ ਰਹੇ ਭਰੋਸੇ ਦਾ ਆਧਾਰ ਹਿੱਲ ਸਕਦਾ ਹੈ।

*ਚੋਣ ਕਮਿਸ਼ਨ ਵਲੋਂ ਵੋਟਿੰਗ ਮਸ਼ੀਨ ਦੀ ਭਰੋਸੇਯੋਗਤਾ ਦੇ ਹੱਕ ਵਿਚ ਦਿਤੀਆਂ ਜਾ ਰਹੀਆਂ ਦਲੀਲਾਂ ਨੂੰ ਕੰਪਿਊਟਰ ਸੰਨ੍ਹਬਾਜ਼ੀ ਦੇ ਖੇਤਰ ਵਿਚ ਤੇਜ਼ੀ ਨਾਲ ਵਾਪਰ ਰਹੀਆਂ ਤਬਦੀਲੀਆਂ ਦੇ ਪ੍ਰਸੰਗ ਵਿਚ ਵਾਚਣਾ ਪਵੇਗਾ। ਹੁਣ ਜਦੋਂ ਨੈਟਵਰਕ ਨਾਲ ਜੋੜੇ ਬਿਨਾਂ ਡਾਟਾ ਚੋਰੀ/ਤਬਦੀਲ ਕਰਨ ਵਾਲੇ ਜਸੂਸੀ ਯੰਤਰ ਬਣਾਉਣ ਦੀਆਂ ਖਬਰਾਂ ਆ ਰਹੀਆਂ ਹਨ, ਤਾਂ ਮਸ਼ੀਨ ਦੇ ਫੂਲਪਰੂਫ ਹੋਣ ਦੀ ਬਿਨਾ 'ਤੇ ਇਸ ਵਿਚ ਪ੍ਰਗਟਾਏ ਜਾ ਰਹੇ ਭਰੋਸੇ ਦਾ ਆਧਾਰ ਹਿੱਲ ਸਕਦਾ ਹੈ।*



ਬੀ.ਬੀ.ਸੀ. ਅਨੁਸਾਰ ਸਕਿਉਰਿਟੀ ਦੇ ਪੱਖ ਤੋਂ ਭਾਰਤੀ ਈ.ਵੀ.ਐਮ. ਦਾ ਕੱਚ-ਸੱਚ ਲੱਭਣ ਲਈ ਅਮਰੀਕਾ ਦੀ ਯੂਨੀਵਰਸਿਟੀ ਆਫ ਮਿਸ਼ੀਗਨ ਦੇ ਪ੍ਰੋ. ਜੇ. ਅਲੈਕਸ ਹਾਲਡਰਮੈਨ ਦੀ ਅਗਵਾਈ ਵਿਚ ਕੀਤੀ ਗਈ ਖੋਜ ਦਾ ਇਹ ਸਿੱਟਾ ਨਿਕਲਿਆ ਹੈ ਕਿ ਭਾਵੇਂ ਕੁਝ ਮਿੰਟਾਂ ਲਈ ਹੀ ਸਹੀ, ਜੇ ਕੰਪਿਊਟਰ ਸੰਨ੍ਹਬਾਜ਼ਾਂ ਦੇ ਹੱਥ ਵੋਟਿੰਗ ਮਸ਼ੀਨ ਲੱਗ ਜਾਵੇ ਤਾਂ ਨਾ ਕੇਵਲ ਉਹ ਇਸ ਅੰਦਰਲੀ ਪ੍ਰੋਗਰਾਮਿੰਗ ਤੇ ਡਿਸਪਲੇਅ ਬੋਰਡ ਬਦਲ ਸਕਦੇ ਹਨ, ਸਗੋਂ ਇਸ ਅੰਦਰ ਮਾਇਕਰੋ-ਪ੍ਰੋਸੈਸਰ ਤੇ ਬਲੂਟੁੱਥ ਛੁਪਾ ਕੇ ਇਸ ਨੂੰ ਰਿਮੋਟ ਰਾਹੀਂ ਕੰਟਰੋਲ ਵੀ ਕਰ ਸਕਦੇ ਹਨ। ਬੀ.ਬੀ.ਸੀ. ਵਲੋਂ 18 ਮਈ 2010 ਨੂੰ ਪ੍ਰਸਾਰਤ ਤੇ ਯੂਟਿਊਬ ਉਤੇ ਮੁਹੱਈਆ ਜੂਲੀਅਨ ਸਿੱਡਲ ਦੀ ਰਿਪੋਰਟ ਅਨੁਸਾਰ ਪ੍ਰੋ. ਹਾਲਡਰਮੈਨ ਦਾ ਇਹ ਵੀ ਕਹਿਣਾ ਹੈ ਕਿ ਈ.ਵੀ.ਐਮ. ਵਿਚ ਚੋਰੀ-ਛੁਪੇ ਲਾਏ ਮਾਇਕਰੋ-ਪ੍ਰੋਸੈਸਰ ਰਾਹੀਂ ਵੋਟਾਂ ਪੈਣ ਅਤੇ ਵੋਟਾਂ ਗਿਣਨ ਦੇ ਵਕਫੇ ਦੌਰਾਨ ਉਮੀਦਵਾਰਾਂ ਨੂੰ ਪਈਆਂ ਵੋਟਾਂ ਵਿਚ ਅਦਲਾ-ਬਦਲੀ ਕਰਨੀ ਵੀ ਸੰਭਵ ਹੈ।

*ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਸਿਸਟਮ ਵਿਚ ਵੋਟਰਾਂ ਦਾ ਵਿਸ਼ਵਾਸ ਬਹਾਲ ਕਰਨ ਅਤੇ ਸਿਸਟਮ ਵਿਚ ਪਾਰਦਸ਼ਤਾ ਲਿਆਉਣ ਲਈ ਪੁਰਾਣੀਆਂ ਈ.ਵੀ.ਐਮ. ਦੀ ਥਾਂ ਵੋਟ ਪਾਉਣ ਵੇਲੇ ਹੀ ਤਸਦੀਕੀ ਕਾਗਜ਼-ਪਰਚੀ ਪ੍ਰਿੰਟ ਕਰਨ ਵਾਲੀਆਂ ਵੀ.ਵੀ.ਪੀ.ਏ.ਟੀ. ਮਸ਼ੀਨਾਂ ਲਾਉਣ ਲਈ ਹੁਕਮ ਦਿੱਤਾ ਸੀ, ਪਰ ਚਾਰ ਸਾਲ ਬੀਤਣ 'ਤੇ ਵੀ ਚੋਣ ਕਮਿਸ਼ਨ 2019 ਦੀਆਂ ਚੋਣਾਂ ਵਿਚ ਵੀ ਅਜਿਹਾ ਕਰਨ ਸਕਣ ਦੇ ਸਮਰਥ ਨਹੀਂ ਹੋਵੇਗਾ।*

ਅਸਲ ਵਿਚ ਈ.ਵੀ.ਐਮ. ਉਨਾ ਚਿਰ ਹੀ ਛੇੜਛਾੜ ਤੋਂ ਸੁਰੱਖਿਅਤ ਹਨ ਜਿੰਨਾ ਚਿਰ ਇਸ ਦੇ ਤਕਨੀਕੀ, ਮਕੈਨੀਕਲ ਤੇ ਸਾਫਟਵੇਅਰ ਵੇਰਵੇ ਕਿਸੇ ਸੰਨ੍ਹਬਾਜ਼ ਦੇ ਢਹੇ ਨਹੀਂ ਚੜ੍ਹਦੇ, ਗੁਪਤ ਰਹਿੰਦੇ ਹਨ। ਹਕੀਕਤ ਇਹ ਹੈ ਕਿ ਜੇ ਮੌਕਾ ਮਿਲੇ ਤਾਂ ਕੋਈ ਵੀ ਚੰਗਾ ਕੰਪਿਊਟਰ ਮਾਹਰ ਵੋਟਿੰਗ ਮਸ਼ੀਨ ਨੂੰ ਖੋਲ੍ਹ ਕੇ ਥੋੜ੍ਹੇ ਚਿਰ ਵਿਚ ਹੀ ਇਹ ਸਾਰੇ ਵੇਰਵੇ ਪ੍ਰਾਪਤ ਕਰ ਸਕਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਹੈਦਰਾਬਾਦ ਤੇ ਬੰਗਲੌਰ ਵਿਚ ਤਿਆਰ ਹੋਣ ਤੋਂ ਲੈ ਕੇ ਵਰਤੋਂ ਦੀ ਹਰ ਸਟੇਜ 'ਤੇ ਚੋਣ ਕਮਿਸ਼ਨ ਮਸ਼ੀਨਾਂ ਦੀ ਸਖਤ ਪਹਿਰੇਦਾਰੀ ਕਰਵਾਉਂਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਈ.ਵੀ.ਐਮ. ਦੇ ਪਾਰਦਰਸ਼ੀ ਨਾ ਹੋਣ ਦੀ ਸ਼ਿਕਾਇਤ ਲਾਉਣ ਵਾਲਿਆਂ ਨੂੰ ਕਮਿਸ਼ਨ ਦੇ ਅਧਿਕਾਰੀਆਂ ਵਲੋਂ ਮਸ਼ੀਨ ਨੂੰ ਬਿਨਾ ਹੱਥ ਲਾਏ ਆਪਣੀ ਸ਼ਿਕਾਇਤ ਦੇ ਸਬੂਤ ਪੈਦਾ ਕਰਨ ਲਈ ਕਿਹਾ ਜਾਂਦਾ ਰਿਹਾ ਹੈ। ਭਾਰਤ ਵਿਚ ਚੋਣ ਜਿੱਤਣ ਲਈ ਜਿਸ ਕਿਸਮ ਦੇ ਹੱਥਕੰਡੇ ਅਪਣਾਏ ਜਾਂਦੇ ਹਨ; ਜਿਸ ਤਰ੍ਹਾਂ ਪੈਸਾ ਵਹਾਇਆ ਜਾਂਦਾ ਹੈ; ਚੋਣਾਂ ਤੇ ਕਾਲੇ ਧਨ ਦਾ ਜਿਸ ਤਰ੍ਹਾਂ ਦਾ ਗੂੜ੍ਹਾ ਰਿਸ਼ਤਾ ਬਣ ਰਿਹਾ ਹੈ; ਜਿਸ ਤਰ੍ਹਾਂ ਕਈ ਵਾਰ ਅਤਿ ਅਹਿਮ ਤੇ ਗੁਪਤ ਸੂਚਨਾਵਾਂ ਨੂੰ ਸਰਕਾਰੀ ਗਲਿਆਰਿਆਂ ਵਿਚ ਪੈਸਿਆਂ ਵੱਟੇ ਖਰੀਦਿਆ/ਵੇਚਿਆ ਜਾਂਦਾ ਹੈ; ਜਿਸ ਤਰ੍ਹਾਂ ਰਸੂਖਵਾਨਾਂ ਵਲੋਂ ਸਰਕਾਰੀ ਦਫਤਰਾਂ ਵਿਚ ਬਾਹੂਬਲ ਤੇ ਪੈਸੇ ਦੀ ਧੌਂਸ 'ਤੇ ਸੀਲਾਂ ਲਵਾਈਆਂ ਤੇ ਤੁੜਵਾਈਆਂ ਜਾਂਦੀਆਂ ਹਨ, ਉਸ ਨਾਲ ਕਮਿਸ਼ਨ ਦੇ ਵਾਰ ਵਾਰ ਸਪਸ਼ਟੀਕਰਨ ਦੇਣ ਦੇ ਬਾਵਜੂਦ ਵੋਟਰਾਂ ਦੇ ਕੁਝ ਵਰਗਾਂ ਦਾ ਈ.ਵੀ.ਐਮ. ਵਿਚ ਭਰੋਸਾ ਥਿੜਕਣਾ ਗੈਰਕੁਦਰਤੀ ਨਹੀਂ ਕਿਹਾ ਜਾ ਸਕਦਾ। ਪਾਈ ਗਈ ਵੋਟ ਦੇ ਸਹੀ ਭੁਗਤਣ ਦੀ ਤਸਦੀਕ ਕਰਨ ਦਾ ਕੋਈ ਪ੍ਰਬੰਧ ਨਾ ਹੋਣਾ ਵੀ ਇਸ ਈ.ਵੀ.ਐਮ. ਦੀ ਵੱਡੀ ਕਮਜ਼ੋਰੀ ਹੈ। ਇਸੇ ਕਾਰਨ ਨਾ ਕੇਵਲ ਈ.ਵੀ.ਐਮ. ਦੀ ਪਾਰਦਰਸ਼ਤਾ ਬਾਰੇ ਪ੍ਰਸ਼ਨ ਪੈਦਾ ਹੋ ਗਏ ਹਨ, ਸਗੋਂ ਵੋਟਾਂ ਦੀ ਕਥਿਤ ਡਿਜੀਟਲ ਚੋਰੀ ਦੇ ਮੁੱਦੇ ਨੂੰ ਵੀ ਹਵਾ ਮਿਲ ਰਹੀ ਹੈ। ਇਸੇ ਕਾਰਨ ਬਹੁਤੇ ਯੂਰਪੀ ਤੇ ਅਮਰੀਕੀ ਦੇਸ਼ਾਂ ਨੇ ਇਲੈਕਟਰਾਨਿਕ ਵੋਟਿੰਗ ਦੀ ਵਰਤੋਂ ਪੂਰੀ ਤਰ੍ਹਾਂ ਬੰਦ ਕਰ ਕੇ ਪਰਚੀਆਂ ਨਾਲ ਵੋਟਾਂ ਪਵਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਥੋਂ ਤਕ ਕਿ ਯੂਰਪੀ ਯੂਨੀਅਨ ਦਾ ਅਤਿ ਅਹਿਮ ਰੈਫਰੈਂਡਮ ਵੀ ਕਾਗਜ਼ ਦੀਆਂ ਪਰਚੀਆਂ ਨਾਲ ਹੋਇਆ ਹੈ।

ਦਿਲਚਸਪ ਗੱਲ ਇਹ ਕਿ ਭਾਰਤੀ ਆਈ.ਵੀ.ਐਮ. ਦੇ ਕੰਮਕਾਜ ਵਿਚ ਪਾਰਦਰਸ਼ਤਾ ਦੀ ਘਾਟ ਦਾ ਸੁਪਰੀਮ ਕੋਰਟ ਨੇ ਵੀ ਨੋਟਿਸ ਲਿਆ ਹੋਇਆ ਹੈ। ਇਸੇ ਮੁੱਦੇ ਉਤੇ 8 ਅਕਤੂਬਰ 2013 ਨੂੰ ਭਾਰਤੀ ਜਨਤਾ ਪਾਰਟੀ ਦੇ ਲੀਡਰ ਸੁਬਰਾਮਨੀਅਮ ਸਵਾਮੀ ਦੀ ਰਿਟ ਪਟੀਸ਼ਨ 'ਤੇ ਫੈਸਲਾ ਦਿੰਦਿਆਂ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਸਿਸਟਮ ਵਿਚ ਵੋਟਰਾਂ ਦਾ ਵਿਸ਼ਵਾਸ ਬਹਾਲ ਕਰਨ ਅਤੇ ਸਿਸਟਮ ਵਿਚ ਪਾਰਦਸ਼ਤਾ ਲਿਆਉਣ ਲਈ ਪੁਰਾਣੀਆਂ ਈ.ਵੀ.ਐਮ. ਦੀ ਥਾਂ ਵੋਟ ਪਾਉਣ ਵੇਲੇ ਹੀ ਤਸਦੀਕੀ ਕਾਗਜ਼-ਪਰਚੀ ਪ੍ਰਿੰਟ ਕਰਨ ਵਾਲੀਆਂ ਵੀ.ਵੀ.ਪੀ.ਏ.ਟੀ. ਮਸ਼ੀਨਾਂ ਲਾਉਣ ਲਈ ਹੁਕਮ ਦਿੱਤਾ ਸੀ, ਪਰ ਚਾਰ ਸਾਲ ਬੀਤਣ 'ਤੇ ਵੀ ਚੋਣ ਕਮਿਸ਼ਨ 2019 ਦੀਆਂ ਆ ਰਹੀਆਂ ਆਮ ਚੋਣਾਂ ਵਿਚ ਵੀ ਅਜਿਹਾ ਕਰਨ ਸਕਣ ਦੇ ਸਮਰਥ ਨਹੀਂ ਹੋਵੇਗਾ। ਖਬਰਾਂ ਅਨੁਸਾਰ, ਅਦਾਲਤੀ ਹੁਕਮਾਂ ਦੇ ਬਾਵਜੂਦ ਕੇਂਦਰੀ ਸਰਕਾਰ ਵਲੋਂ ਚੋਣ ਕਮਿਸ਼ਨ ਨੂੰ ਇਸ ਮੰਤਵ ਲਈ ਲੋੜੀਂਦੇ ਫੰਡ ਨਾ ਦੇਣ ਕਾਰਨ ਅਜਿਹਾ ਹੋ ਰਿਹਾ ਹੈ। ਵਿਰੋਧੀ ਧਿਰ ਇਸ ਪਿਛੇ ਕੇਂਦਰ ਵਿਚ ਸਤਾਧਾਰੀ ਪਾਰਟੀ ਦਾ ਲੁਕਵਾਂ ਮੰਤਵ ਵੇਖ ਰਹੇ ਹਨ: ਵੀ.ਵੀ.ਪੀ.ਏ.ਟੀ. ਲਈ ਫੰਡ ਨਹੀਂ ਆਉਣਗੇ ਤਾਂ 2019 ਦੀਆਂ ਲੋਕ ਸਭਾ ਚੋਣਾਂ ਵਿਚ ਮਜਬੂਰੀ ਵਸ ਕਮਿਸ਼ਨ ਨੂੰ ਸ਼ੱਕ ਦੇ ਘੇਰੇ ਵਿਚ ਆ ਚੁਕੀਆਂ ਪੁਰਾਣੀਆਂ ਈ.ਵੀ.ਐਮ. ਨੂੰ ਹੀ ਚਾਲੂ ਰੱਖਣਾ ਪਵੇਗਾ। ਇਹ ਦੂਜੀ ਗੱਲ ਹੈ ਕਿ ਅਜਿਹੇ ਸਿਆਸੀ ਮਾਹੌਲ ਵਿਚ ਹੋਰ ਕਈ ਪਾਰਟੀਆਂ ਬਹੁਜਨ ਸਮਾਜ ਪਾਰਟੀ ਦੀ ਮੁਖੀ ਦੀ ਤਰਜ਼ 'ਤੇ ਪਰਚੀਆਂ ਨਾਲ ਚੋਣ ਕਰਵਾਉਣ ਦੀ ਮੰਗ ਕਰ ਸਕਦੀਆਂ ਹਨ।

ਲੇਖ ਮੁਕੰਮਲ ਕਰਨ ਤੋਂ ਪਹਿਲਾਂ ਭਾਰਤ ਦੀ ਪਹਿਲੀ ਈ.ਵੀ.ਐਮ. ਬਣਾਉਣ ਵਾਲਾ ਰੰਗਾਰਾਜਨ ਫਿਰ ਯਾਦ ਆ ਗਿਆ ਹੈ। ਉਸ ਨੇ ਦਰਜਨਾਂ ਨਾਵਲ ਲਿਖੇ ਸਨ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਜਸੂਸੀ ਨਾਵਲਾਂ ਦੀ ਸੀ। ਸੋਚ ਰਿਹਾ ਹਾਂ, ਜੇ ਉਹ ਹੁਣ ਹੁੰਦਾ ਤਾਂ ਆਪਣੀ ਬਣਾਈ ਇਲੈਕਟਰਾਨਿਕ ਵੋਟਿੰਗ ਮਸ਼ੀਨ ਦੁਆਲੇ ਤਕੜਾ ਜਸੂਸੀ ਨਾਵਲ ਉਸਾਰਦਾ।

ੴ ਸਤਿਗੁਰ ਪ੍ਰਸਾਦਿ॥

# ਸਮੂਹ ਸੰਗਤਾਂ ਨੂੰ ਖਾਲਸਾ ਸਿਰਜਣਾ ਦਿਹਾੜੇ ਦੀ

# ਲੱਖ ਲੱਖ ਵਧਾਈ



ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ

## ਪ੍ਰੋਗਰਾਮ

**14 ਅਪਰੈਲ 2017** ਅਰੰਭ ਸ੍ਰੀ ਅਖੰਡ ਪਾਠ ਸਵੇਰੇ 11 ਵਜੇ

**16 ਅਪਰੈਲ 2017** ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 10:30 ਵਜੇ

ਸ਼ਬਦ ਕੀਰਤਨ: ਸਵੇਰੇ 11 ਤੋਂ ਦੁਪਹਿਰ ਇਕ ਵਜੇ ਤੱਕ
ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਅਤੇ ਭਾਈ ਸੁਰਜੀਤ ਸਿੰਘ ਬੰਬੇ ਵਾਲੇ
ਕਥਾ ਵਿਆਖਿਆ: ਕਥਾਵਾਚਕ ਭਾਈ ਹਰਜਿੰਦਰ ਸਿੰਘ ਸੁਲਤਾਨਪੁਰ ਲੋਧੀ ਵਾਲੇ

*ਲੰਗਰ ਅਤੇ ਅਖੰਡ ਪਾਠ ਸਾਹਿਬ ਦੀ ਸੇਵਾ ਅਵਤਾਰ ਸਿੰਘ ਅਤੇ ਪਰਿਵਾਰ ਵਲੋਂ*

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸੰਗਤਾਂ ਦੇ ਦਾਸ: ਸਮੂਹ ਪ੍ਰਬੰਧਕ ਕਮੇਟੀ ਅਤੇ ਮਿਲਵਾਕੀ ਦੀ ਸਾਧ ਸੰਗਤ**

# Sikh Temple Of Wisconsin

7512 South Howell Ave. Oak Creek, WI 53154
Ph. 414-764-7454 Web Site: sikhtempleofwisconsin.com

# 'ਪੰਜਾਬ ਟਾਈਮਜ਼' ਨੇ 17ਵੀਂ ਵਰ੍ਹੇਗੰਢ ਸ਼ਾਨ ਨਾਲ ਮਨਾਈ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਕੁਲਜੀਤ ਸਿੰਘ):** ਪੰਜਾਬ ਟਾਈਮਜ਼ ਦੀ 17ਵੀਂ ਵਰ੍ਹੇਗੰਢ ਦੇ ਜਸ਼ਨ ਮੌਕੇ ਜਿਥੇ ਉਤਰੀ ਅਮਰੀਕਾ ਵਿਚ ਪੰਜਾਬੀ ਪੱਤਰਕਾਰੀ ਦੇ ਹਾਲਾਤ ਅਤੇ ਪੰਜਾਬ ਟਾਈਮਜ਼ ਦੇ ਪੱਤਰਕਾਰੀ ਮਿਆਰਾਂ ਬਾਰੇ ਵਿਚਾਰ-ਚਰਚਾ ਹੋਈ, ਉਥੇ ਗੀਤ-ਸੰਗੀਤ ਦਾ ਦੌਰ ਵੀ ਚੱਲਿਆ। ਇਸ ਮੌਕੇ ਮਿਡਵੈਸਟ ਦੀਆਂ ਧਾਰਮਿਕ, ਸਭਿਆਚਾਰਕ ਤੇ ਖੇਡ ਸੰਸਥਾਵਾਂ ਦੇ ਨੁਮਾਇੰਦੇ ਅਤੇ ਪੰਜਾਬ ਟਾਈਮਜ਼ ਦੇ ਪ੍ਰਸ਼ੰਸਕ ਹੁਮਹੁਮਾ ਕੇ ਪਹੁੰਚੇ।

ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਵਿਚਾਰ ਪ੍ਰਗਟਾਏ ਕਿ 'ਪੰਜਾਬ ਟਾਈਮਜ਼' ਵਿਚ ਗਿਆਨ ਭਰਪੂਰ ਸਮੱਗਰੀ ਤੋਂ ਇਲਾਵਾ ਮਿਆਰੀ ਸਾਹਿਤ, ਸਥਾਈ ਕਾਲਮ ਤਾਂ ਪੜ੍ਹਨ ਨੂੰ ਮਿਲਦੇ ਹੀ ਹਨ, ਇਸ ਦੀ ਖਾਸੀਅਤ ਵੱਖ ਵੱਖ ਮੁੱਦਿਆਂ ਉਤੇ ਵਿਚਾਰ ਭਰਪੂਰ ਲੇਖ ਹਨ। 'ਪੰਜਾਬ ਟਾਈਮਜ਼' ਦਾ ਸਰੋਕਾਰ ਲੋਕ ਹਿੱਤ ਤੇ ਪੰਜਾਬੀ ਦਾ ਪ੍ਰਸਾਰ ਹੈ ਅਤੇ ਇਹ ਬੇਬਾਕ ਰਾਏ ਪ੍ਰਗਟ ਕਰਨ ਤੋਂ ਨਹੀਂ ਝਿਜਕਦਾ। ਪੰਜਾਬੀ ਪੱਤਰਕਾਰੀ ਦੇ ਆਪਣੇ ਉਚ ਮਿਆਰਾਂ ਕਰਕੇ ਇਹ ਇਸ ਸਮੇਂ ਨਾ ਸਿਰਫ ਉਤਰੀ ਅਮਰੀਕਾ ਵਿਚ ਹੀ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਪੰਜਾਬੀ ਹਫਤਾਵਾਰੀ ਅਖਬਾਰ ਹੈ ਸਗੋਂ ਵੈਬਸਾਈਟ ਰਾਹੀਂ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਵੀ ਇਸ ਦੇ ਪਾਠਕਾਂ ਦੀ ਗਿਣਤੀ ਵਸੀਹ ਹੈ।

ਯੂਬਾ ਸਿਟੀ ਤੋਂ ਆਏ ਪੱਤਰਕਾਰੀ ਨਾਲ ਨੇੜਿਓਂ ਜੁੜੇ ਰਹੇ ਚਿੰਤਕ ਸ. ਹਰਜਿੰਦਰ ਸਿੰਘ ਦੁਸਾਂਝ ਨੇ ਕਿਹਾ ਕਿ ਅਮਰੀਕਾ ਵਿਚ ਪੇਸ਼ੇਵਰ ਪੰਜਾਬੀ ਪੱਤਰਕਾਰੀ ਦਾ ਸਹੀ ਅਰਥਾਂ ਵਿਚ ਆਗਾਜ਼ 'ਪੰਜਾਬ ਟਾਈਮਜ਼' ਅਖਬਾਰ ਨਾਲ ਹੋਇਆ। ਇਸ ਤੋਂ ਪਹਿਲਾਂ ਕੈਲੀਫੋਰਨੀਆ ਵਿਚ ਬੇਸ਼ਕ ਕਈ ਪੰਜਾਬੀ ਪਰਚੇ ਸ਼ੁਰੂ ਹੋਏ ਪਰ ਬਹੁਤੀ ਦੇਰ ਚੱਲ ਨਾ ਸਕੇ। ਪੰਜਾਬ ਟਾਈਮਜ਼ ਤੋਂ ਕੁਝ ਹੀ ਮਹੀਨੇ ਪਹਿਲਾਂ ਅਜਿਹਾ ਹੀ ਇਕ ਹੋਰ ਪਰਚਾ ਨਿਊ ਯਾਰਕ ਤੋਂ 'ਸ਼ੇਰ-ਏ-ਪੰਜਾਬ' ਨਿਕਲਿਆ। ਹਾਲਾਂਕਿ ਇਸ ਪਰਚੇ ਪਿਛੇ ਸ਼ੁਰੂ ਵਿਚ ਇਕ ਵੱਡੀ ਹਸਤੀ ਗੋਪਾਲ ਰਾਜੂ ਸੀ ਪ੍ਰੰਤੂ ਅੱਜ ਪੰਜਾਬ ਟਾਈਮਜ਼ ਉਸ ਤੋਂ ਕਿਤੇ ਅੱਗੇ ਨਿਕਲ ਚੁਕਾ ਹੈ। ਅਮਰੀਕਾ ਵਿਚ ਬੇਸ਼ਕ ਇਸ ਵੇਲੇ ਬਹੁਤ ਸਾਰੇ ਪੰਜਾਬੀ ਪਰਚੇ ਨਿਕਲ ਰਹੇ ਹਨ ਪ੍ਰੰਤੂ ਉਨ੍ਹਾਂ ਵਿਚੋਂ ਬਹੁਤਿਆਂ ਦਾ ਪੱਤਰਕਾਰੀ ਪੱਖੋਂ ਕੋਈ ਮਿਆਰ ਨਹੀਂ।

ਸ. ਦੁਸਾਂਝ ਨੇ ਕਿਹਾ ਕਿ ਸੰਪਾਦਕ ਅਮੋਲਕ ਸਿੰਘ, ਜਿਨ੍ਹਾਂ ਨੂੰ ਪੱਤਰਕਾਰੀ ਦਾ ਲੰਮਾ ਤਜਰਬਾ ਹੈ, ਨੇ ਪਾਠਕਾਂ ਦੀ ਰੁਚੀ ਮੁਤਾਬਕ ਸਹੀ ਅਰਥਾਂ ਵਿਚ ਇਕ ਮਿਆਰੀ ਅਖਬਾਰ 'ਪੰਜਾਬ ਟਾਈਮਜ਼' ਸ਼ੁਰੂ ਕੀਤਾ। ਆਮ ਤੌਰ 'ਤੇ ਕਿਹਾ ਜਾਂਦਾ ਸੀ ਕਿ ਪੇਪਰ ਈਸਟ ਕੋਸਟ ਤੇ ਵੈਸਟ ਕੋਸਟ ਤੋਂ ਤਾਂ ਚਲ ਸਕਦਾ ਹੈ ਪਰ ਮਿਡਵੈਸਟ ਵਿਚੋਂ ਨਹੀਂ। ਸ਼ਿਕਾਗੋ ਦਾ ਪੰਜਾਬੀ ਭਾਈਚਾਰਾ ਪ੍ਰਸ਼ੰਸਾ ਦਾ ਹੱਕਦਾਰ ਹੈ ਕਿ 'ਪੰਜਾਬ ਟਾਈਮਜ਼' ਦਾ ਜੋ ਬੂਟਾ ਉਨ੍ਹਾਂ ਲਾਇਆ ਸੀ, ਅੱਜ ਪੱਤਰਕਾਰੀ ਦੇ ਮਿਆਰਾਂ ਪੱਖੋਂ ਉਤਰੀ ਅਮਰੀਕਾ 'ਚ ਸਭ ਤੋਂ ਅੱਗੇ ਹੈ। ਸ਼ਿਕਾਗੋ ਤੋਂ ਮੈਗਜ਼ੀਨ ਸਾਈਜ਼ ਵਿਚ ਸ਼ੁਰੂ ਹੋਏ ਇਸ ਅਖਬਾਰ ਦੇ ਹੁਣ ਤਿੰਨ ਐਡੀਸ਼ਨ (ਮਿਡਵੈਸਟ, ਨਿਊ ਯਾਰਕ ਤੇ ਕੈਲੀਫੋਰਨੀਆ) ਹਨ ਜੋ ਆਪਣੇ ਆਪ 'ਚ ਇਕ ਵੱਡੀ ਪ੍ਰਾਪਤੀ ਹੈ।

ਸ. ਦੁਸਾਂਝ ਨੇ ਹਵਾਲਾ ਦਿੱਤਾ ਕਿ ਭਾਰਤ ਦਾ ਇਲਸਟ੍ਰੇਟਿਡ ਵੀਕਲੀ ਮੈਗਜ਼ੀਨ ਜਦ ਬੰਦ ਹੋਣ ਦੇ ਕਰੀਬ ਸੀ ਤਾਂ ਖੁਸ਼ਵੰਤ ਸਿੰਘ ਨੇ ਸੰਪਾਦਕ ਵਜੋਂ ਮਿਹਨਤ ਨਾਲ ਇਸ ਮੈਗਜ਼ੀਨ ਵਿਚ ਜਾਨ ਪਾ ਦਿੱਤੀ ਸੀ। ਸੰਪਾਦਕ ਅਮੋਲਕ ਸਿੰਘ ਆਪਣੀ ਲਾਇਲਾਜ ਬਿਮਾਰੀ ਕਰਕੇ ਦਰਪੇਸ਼ ਸਭ ਮੁਸ਼ਕਿਲਾਂ ਦੇ ਬਾਵਜੂਦ ਅਖਬਾਰ ਨੂੰ ਉਚ ਪੱਧਰ 'ਤੇ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਅਖਬਾਰ ਬਿਜਨਸ ਨਹੀਂ ਕਰ ਰਿਹਾ ਕਿਉਂਕਿ ਇਹ ਹੀ ਇਕੋ ਇਕ ਅਖਬਾਰ ਹੈ ਜਿਸ ਵਿਚ ਤਾਂਤਰਿਕਾਂ ਤੇ ਪੀਰ ਬਾਬਿਆਂ, ਮੁੰਡਾ ਹੈ ਜਾਂ ਕੁੜੀ ਜਿਹੇ ਮਿਆਰੋਂ ਲੱਥੇ ਇਸ਼ਤਿਹਾਰ ਨਹੀਂ ਮਿਲਣਗੇ।

ਸ. ਦੁਸਾਂਝ ਨੇ ਟਿੱਪਣੀ ਕੀਤੀ ਕਿ 'ਪੰਜਾਬ ਟਾਈਮਜ਼' ਕਿਸੇ ਇਕ ਖਾਸ ਵਿਚਾਰਧਾਰਾ, ਸਿਆਸੀ ਜਾਂ ਧਾਰਮਿਕ ਧੜੇ ਨਾਲ ਜੁੜਿਆ ਹੋਇਆ ਨਹੀਂ ਹੈ, ਸਗੋਂ ਇਹ ਸਭ ਧਿਰਾਂ ਨੂੰ ਨਿਰਪੱਖਤਾ ਨਾਲ ਬਣਦੀ ਥਾਂ ਦਿੰਦਾ ਹੈ। ਇਸ ਵਿਚ ਸਭ ਵਰਗਾਂ ਦੇ ਪਾਠਕਾਂ/ਲੇਖਕਾਂ ਲਈ ਪੜ੍ਹਨ ਸਮੱਗਰੀ ਮੌਜੂਦ ਹੁੰਦੀ ਹੈ। ਅਹਿਮ ਮਾਮਲਿਆਂ 'ਤੇ ਨਿਰਪੱਖ ਅਤੇ ਖੁੱਲ੍ਹੀ ਵਿਚਾਰ-ਚਰਚਾ ਦਾ ਮੰਚ ਮੁਹੱਈਆ ਕਰਨਾ ਇਸ ਦੀ ਖਾਸੀਅਤ ਹੈ।

ਸ਼ਿਕਾਗੋ ਦੇ ਸਭਿਆਚਾਰਕ ਹਲਕਿਆਂ ਵਿਚ ਜਾਣੀ-ਪਛਾਣੀ ਹਸਤੀ ਸ. ਠਾਕੁਰ ਸਿੰਘ ਬਸਾਤੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ 'ਪੰਜਾਬ ਟਾਈਮਜ਼' ਵਿਚ ਨਵੇਂ ਤੋਂ ਨਵਾਂ ਮੈਟਰ ਪੜ੍ਹਨ ਨੂੰ ਮਿਲਦਾ ਹੈ। ਹਮੇਸ਼ਾ ਅਗਲੇ ਅੰਕ ਦੀ ਉਡੀਕ ਲੱਗੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਸੰਪਾਦਕ ਅਮੋਲਕ ਸਿੰਘ ਹਰ ਲਿਖਤ ਨੂੰ ਚੰਗੀ ਤਰ੍ਹਾਂ ਘੋਖ ਕੇ ਛਾਪਣ ਦਾ ਉਪਰਾਲਾ ਕਰਦੇ ਹਨ। ਉਨ੍ਹਾਂ ਅਖਬਾਰ ਦੀ ਤਰੱਕੀ ਅਤੇ ਇਸ ਦੇ ਪਾਠਕਾਂ ਦੀ ਗਿਣਤੀ ਵਿਚ ਹੋਰ ਵਾਧਾ ਹੋਣ ਦੀ ਅਰਦਾਸ ਕੀਤੀ।

ਸਥਾਨਕ ਹਰੀ ਓਮ ਮੰਦਿਰ, ਮੈਡਾਈਨਾ ਦੇ ਗਾਰਡੀਅਨ ਅਤੇ 'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਦੇ ਮੈਂਬਰ ਸ੍ਰੀ ਅਯੁਧਿਆ ਸਲਵਾਨ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਂ 'ਪੰਜਾਬ ਟਾਈਮਜ਼' ਨੂੰ ਇਸ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਆਪਣੀਆਂ ਅੱਖਾਂ ਨਾਲ ਵਧਦਾ-ਫੁਲਦਾ ਵੇਖਿਆ ਹੈ। ਉਨ੍ਹਾਂ ਆਪਣੀ ਇਕ ਯਾਦ ਸਾਂਝੀ ਕੀਤੀ ਕਿ ਜਦੋਂ ਅਮੋਲਕ ਸਿੰਘ ਨੇ ਪੰਜਾਬੀ ਅਖਬਾਰ ਸ਼ੁਰੂ ਕਰਨ ਦੀ ਗੱਲ ਕੀਤੀ ਤਾਂ ਸੱਚੀ ਮੁੱਚੀ ਮੈਨੂੰ ਵਿਆਹ ਜਿੰਨਾ ਚਾਅ ਚੜ੍ਹ ਗਿਆ ਸੀ। ਅਜ ਇਹ 18ਵੇਂ ਸਾਲ ਵਿਚ ਦਾਖਲ ਹੋ ਗਿਆ ਹੈ ਤੇ ਇਸ ਦਾ ਕੋਈ ਸਾਨੀ ਨਹੀਂ।

ਸ੍ਰੀ ਸਲਵਾਨ ਨੇ ਕਿਹਾ ਕਿ ਇਹ ਇਕੋ ਇਕ ਅਖਬਾਰ ਹੈ ਜੋ ਸਭ ਦੀ ਆਵਾਜ਼ ਬੇਖੌਫ, ਨਿਰਪੱਖ, ਨਿਧੜਕ ਹੋ ਕੇ ਸਭ ਤੱਕ ਪਹੁੰਚਾਉਂਦਾ ਹੈ। ਇਸ ਦੀ ਸੰਪਾਦਕੀ ਕਲਾਸਿਕ ਹੁੰਦੀ ਹੈ। ਉਨ੍ਹਾਂ ਆਪਣੇ ਮਨ ਦਾ ਵਲਵਲਾ ਸਾਂਝਾ ਕੀਤਾ ਕਿ 'ਪੰਜਾਬ ਟਾਈਮਜ਼ ਨਾਈਟ' ਵਾਲੇ ਦਿਨ ਦਾ ਮੈਨੂੰ ਅਮੋਲਕ ਦੇ ਮੁੰਡੇ ਮਨਦੀਪ ਦੇ ਵਿਆਹ ਵਰਗਾ ਚਾਅ ਚੜ੍ਹ ਜਾਂਦਾ ਹੈ। ਉਨ੍ਹਾਂ ਪ੍ਰਭੂ ਅੱਗੇ ਅਮੋਲਕ ਸਿੰਘ ਦੀ ਸਿਹਤਯਾਬੀ ਲਈ ਅਰਜੋਈ ਕਰਦਿਆਂ ਅਖਬਾਰ ਦੀ ਹੋਰ ਤਰੱਕੀ ਦੀ ਕਾਮਨਾ ਕੀਤੀ।

ਮਿਡਵੈਸਟ ਦੇ ਸਭ ਤੋਂ ਪੁਰਾਣੇ ਗੁਰਦੁਆਰਾ ਪੈਲਾਟਾਈਨ ਦੇ ਲੰਮਾ ਸਮਾਂ ਗ੍ਰੰਥੀ ਰਹੇ ਅਤੇ ਅੱਜ ਕੱਲ੍ਹ ਗੁਰਦੁਆਰਾ ਵ੍ਹੀਟਨ ਦੇ ਮੁੱਖ ਗ੍ਰੰਥੀ ਭਾਈ ਮਹਿੰਦਰ ਸਿੰਘ ਨੇ ਕਿਹਾ ਕਿ ਪੰਜਾਬੀ ਅਖਬਾਰ ਸ਼ੁਰੂ ਕਰਨਾ ਮੁਸ਼ਕਿਲ ਤਾਂ ਹੈ ਹੀ, ਪਰ ਇਸ ਦੇ ਮਿਆਰ ਕਾਇਮ ਰੱਖਣਾ ਹੋਰ ਵੀ ਮੁਸ਼ਕਿਲ ਹੁੰਦਾ ਹੈ। ਅਮੋਲਕ ਸਿੰਘ ਦੀ ਹਿੰਮਤ, ਹੌਸਲੇ ਤੇ ਵਿਸ਼ਵਾਸ ਨੂੰ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਸਿਹਤ ਦੀਆਂ ਮਜਬੂਰੀਆਂ ਦੇ ਬਾਵਜੂਦ ਅਜਿਹਾ ਕਰ ਦਿਖਾਇਆ ਹੈ। ਜੇ ਸੋਚ ਚੰਗੀ ਹੋਵੇ ਤਾਂ ਅਸੰਭਵ ਕੰਮ ਵੀ ਸੰਭਵ ਹੋ ਜਾਂਦਾ ਹੈ।

ਪੰਜਾਬ ਵਿਚ ਲੰਮਾ ਸਮਾਂ ਅਧਿਆਪਕ ਰਹੇ ਅਤੇ ਪਿਛਲੇ ਇਕ ਅਰਸੇ ਤੋਂ ਸ਼ਿਕਾਗੋਲੈਂਡ ਰਹਿ ਰਹੇ ਬੀਬੀ ਕਿਰਪਾਲ ਕੌਰ ਨੇ ਜਜ਼ਬਾਤੀ ਹੁੰਦਿਆਂ ਕਿਹਾ ਕਿ ਬੁਧਵਾਰ ਨੂੰ ਸਵੇਰੇ ਜਦੋਂ ਅਖਬਾਰ ਮਿਲਦਾ ਹੈ ਤਾਂ ਇਕ ਕਰਮਯੋਗੀ ਤੇ ਤਪੱਸਵੀ ਦਾ ਪ੍ਰਸ਼ਾਦ ਸਮਝ ਕੇ ਮੈਂ ਪਹਿਲਾਂ ਮੱਥੇ ਨਾਲ ਲਾਉਂਦੀ ਹਾਂ। ਉਨ੍ਹਾਂ ਕਿਹਾ ਕਿ ਅਮੋਲਕ ਸਿੰਘ ਦਾ ਸਿਹਤ ਦੇ ਇਸ ਦੌਰ ਵਿਚੋਂ ਗੁਜਰ ਕੇ ਪਾਠਕਾਂ ਲਈ ਪੇਪਰ ਪੁਜਦਾ ਕਰਨਾ ਇੱਕ ਅੰਚਭੇ ਤੋਂ ਘਟ ਨਹੀਂ। ਸ. ਜੰਮੂ ਦੀ ਪਤਨੀ ਜਸਪ੍ਰੀਤ ਕੌਰ 'ਦੋ ਰੂਪ ਇਕ ਜੋਤ' ਕਥਨ ਨੂੰ ਸਹੀ ਸਿੱਧ ਕਰਦਿਆਂ ਹਰ ਮੁਸ਼ਕਿਲ ਘੜੀ ਵਿਚ ਆਪਣੇ ਪਤੀ ਦਾ ਸਾਥ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਸ. ਜੰਮੂ 'ਅਮੋਲਕ'

(ਬਾਕੀ ਅਗਲੇ ਸਫੇ 'ਤੇ)


ਮੇਜਰ ਗੁਰਚਰਨ ਸਿੰਘ ਝੱਜ


ਹਰਜਿੰਦਰ ਸਿੰਘ ਦੁਸਾਂਝ


ਅਯੁਧਿਆ ਸਲਵਾਨ


ਰਾਜਬੀਰ ਸਿੰਘ ਬੋਪਾਰਾਏ


ਬੀਬੀ ਜਸਬੀਰ ਕੌਰ ਸਲੂਜਾ


ਠਾਕਰ ਸਿੰਘ ਬਸਾਤੀ


ਭਾਈ ਮਹਿੰਦਰ ਸਿੰਘ


ਬੀਬੀ ਕਿਰਪਾਲ ਕੌਰ


ਸਿਕੰਦਰ ਸਿੰਘ


ਅਵਤਾਰ ਸਿੰਘ ਸਪਰਿੰਗਫੀਲਡ


ਮੁੱਖ ਮਹਿਮਾਨ ਮੇਜਰ ਗੁਰਚਰਨ ਸਿੰਘ ਝੱਜ ਦਾ ਸਨਮਾਨ ਕਰਦੇ ਹੋਏ ਅਖਬਾਰ ਦੀ ਸਲਾਹਕਾਰ ਕਮੇਟੀ ਦੇ ਮੈਂਬਰ


ਗੁਰਮੁਖ ਸਿੰਘ ਭੁੱਲਰ


ਡਾ. ਹਰਜਿੰਦਰ ਸਿੰਘ ਖਹਿਰਾ


ਜਗਮੀਤ ਸਿੰਘ


ਜਸਦੇਵ ਸਿੰਘ


ਤਾਰਾ ਮੁਲਤਾਨੀ


ਮਨਦੀਪ ਸਿੰਘ ਸੈਣੀ



# ਪੰਜਾਬ ਟਾਈਮਜ਼ ਨਾਈਟ

***(ਪਿਛਲੇ ਸਫੇ ਦੀ ਬਾਕੀ)***



ਹਨ ਤਾਂ ਇਹ ਬੀਬੀ 'ਅਨਮੋਲ' ਹੈ। ਉਨ੍ਹਾਂ ਆਖਿਆ ਕਿ ਇਹ ਸ. ਜੰਮੂ ਦੇ ਦਲੇਰ ਮਾਤਾ-ਪਿਤਾ ਦੀ ਸਿਖਿਆ ਤੇ ਹੱਲਾਸ਼ੇਰੀ ਹੀ ਹੈ ਕਿ ਜ਼ਿੰਦਗੀ ਨਾਲ ਜੂਝਣ ਦਾ ਉਨ੍ਹਾਂ ਦਾ ਹੌਸਲਾ ਚਰਮ ਸੀਮਾ 'ਤੇ ਹੈ। ਪੱਤਰਕਾਰੀ ਇਕ ਜੋਖਮ ਤੇ ਚੈਲੇਂਜ ਭਰਿਆ ਕਾਰਜ ਹੈ ਅਤੇ ਅਮੋਲਕ ਨੇ ਇਸ ਨੂੰ ਖਿੜੇ ਮੱਥੇ ਸਵੀਕਾਰ ਕੀਤਾ ਹੈ।

'ਪੰਜਾਬ ਟਾਈਮਜ਼' ਦੇ ਲੰਮੇ ਸਮੇਂ ਤੋਂ ਸੁਪੋਰਟਰ ਸ. ਅਵਤਾਰ ਸਿੰਘ ਸਪਰਿੰਗਫੀਲਡ ਨੇ ਅਖਬਾਰ ਦੀ ਵਰ੍ਹੇਗੰਢ 'ਤੇ ਵਧਾਈ ਦਿੰਦਿਆਂ ਆਪਣੀ ਇਕ ਕਵਿਤਾ ਪੜ੍ਹੀ, "ਦਿੰਦਾ ਰਹੀਂ ਲੋਅ ਇਥੇ, ਉਏ ਅਸਮਾਨ ਦਿਆ ਤਾਰਿਆ; ਮੈਨੂੰ ਤੇ ਪੰਜਾਬ ਟਾਈਮਜ਼ ਦੀਆਂ ਮੁਹੱਬਤਾਂ ਨੇ ਮਾਰਿਆ।"

ਪੰਜਾਬੀ ਕਲਚਰਲ ਸੁਸਾਇਟੀ, ਮਿਸ਼ੀਗਨ



ਦੇ ਨੁਮਾਇੰਦੇ ਸ. ਰਾਜਬੀਰ ਸਿੰਘ ਬੋਪਾਰਾਏ ਨੇ ਕਿਹਾ ਕਿ ਪੰਜਾਬੀ ਦੇ 35 ਅੱਖਰ ਜੇ ਕਿਸੇ ਪੈਗੰਬਰ ਦੇ ਹੱਥ ਆ ਜਾਣ ਤਾਂ ਉਹ ਗ੍ਰੰਥ ਤੇ ਸਿਮ੍ਰਤੀਆਂ ਦਾ ਰਚੈਤਾ ਬਣਦਾ ਹੈ। ਇਹੀ ਸ਼ਬਦ ਅਮੋਲਕ ਹੱਥ ਆਏ ਤਾਂ ਉਸ ਨੇ ਆਪਣੀ ਸੰਪਾਦਨ ਕਲਾ ਨਾਲ ਇਨ੍ਹਾਂ ਅੱਖਰਾਂ ਨੂੰ ਪਰੋ ਕੇ 'ਪੰਜਾਬ ਟਾਈਮਜ਼' ਵਰਗਾ ਮਿਆਰੀ ਅਖਬਾਰ ਬਣਾ ਦਿੱਤਾ। ਉਨ੍ਹਾਂ ਕਿਹਾ ਕਿ ਅਮੋਲਕ ਸਿੰਘ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਜੇ ਦ੍ਰਿੜ ਵਿਸ਼ਵਾਸ ਅਤੇ ਸੱਚੀ ਲਗਨ ਹੋਵੇ ਤਾਂ ਇਨਸਾਨ ਆਪਣੀ ਮੰਜ਼ਿਲ ਪਾ ਹੀ ਲੈਂਦਾ ਹੈ। ਉਨ੍ਹਾਂ ਸ. ਜੰਮੂ ਨੂੰ ਆਪਣਾ ਪ੍ਰੇਰਨਾ ਸਰੋਤ ਕਰਾਰ ਦਿੱਤਾ।

ਮਿਸ਼ੀਗਨ ਤੋਂ ਹੀ ਆਏ ਸ. ਸਿਕੰਦਰ ਸਿੰਘ ਨੇ ਆਪਣੀ ਤਕਰੀਰ ਵਿਚ ਕਿਹਾ ਕਿ 'ਪੰਜਾਬ ਟਾਈਮਜ਼' ਹਮੇਸ਼ਾ ਹੀ ਨਿਡਰ ਤੇ ਬੇਬਾਕ ਹੋ ਕੇ ਆਪਣੀ ਗੱਲ ਕਹਿੰਦਾ ਹੈ ਅਤੇ ਸ. ਜੰਮੂ ਇਸ ਨੂੰ ਧੜੇਬੰਦਕ ਸਿਆਸਤ ਤੋਂ ਉਪਰ ਉਠ ਕੇ ਚਲਾਉਂਦੇ ਹਨ।

ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਸਬੀਰ ਕੌਰ ਸਲੂਜਾ ਨੇ ਅਖਬਾਰ ਦੇ ਮਿਆਰਾਂ ਦੀ ਤਾਰੀਫ ਕਰਦਿਆਂ ਇਸ ਦੀ ਤਰੱਕੀ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਮੈਂ ਅੱਖੀਂ ਦੇਖਿਆ ਹੈ, ਅਮੋਲਕ ਸਿੰਘ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਬੜੀ ਹਿੰਮਤ ਤੇ ਦ੍ਰਿੜਤਾ ਨਾਲ ਕੰਮ ਕਰ ਰਹੇ ਹੁੰਦੇ ਹਨ। ਉਹ ਅਖਬਾਰ ਦੇ ਹਰ ਪੰਨੇ ਦਾ ਬੌਧਿਕ ਇਮਾਨਦਾਰੀ ਤੇ ਡੂੰਘੀ ਨੀਝ ਨਾਲ ਵਿਸ਼ਲੇਸ਼ਣ ਕਰਦੇ ਹਨ। ਉਨ੍ਹਾਂ ਹਾਜ਼ਰੀਨ ਨੂੰ ਪੰਜਾਬ ਟਾਈਮਜ਼ ਦੀ ਵੱਧ ਤੋਂ ਵੱਧ ਮਾਲੀ ਮਦਦ ਕਰਨ ਦਾ ਸੱਦਾ ਦਿੱਤਾ ਅਤੇ ਆਪ ਵੀ ਨਾਲ ਖੜ੍ਹੇ ਹੋਣ ਦਾ ਯਕੀਨ ਦਿਵਾਇਆ।

ਸਮਾਗਮ ਦੇ ਮੁੱਖ ਮਹਿਮਾਨ, ਸਥਾਨਕ ਸਿੱਖ ਹਲਕਿਆਂ ਵਿਚ ਇਕ ਉਘੀ ਹਸਤੀ, ਮੇਜਰ ਗੁਰਚਰਨ ਸਿੰਘ ਝੱਜ ਨੇ ਕਿਹਾ ਕਿ ਅਖਬਾਰ ਦੀ ਸੰਪਾਦਕੀ ਵਿਚ ਤਰਕ ਭਰਪੂਰ ਤੇ ਬੇਬਾਕ ਟਿੱਪਣੀ ਪੜ੍ਹਨ ਨੂੰ ਮਿਲਦੀ ਹੈ। ਅਮੋਲਕ ਸਿੰਘ ਵਾਂਗ ਸਿਰੜੀ ਤੇ ਸਮਰਪਿਤ ਹੋ ਕੇ ਪੰਜਾਬੀ ਪੱਤਰਕਾਰੀ ਦਾ ਇਕ ਮੁਕਾਮ ਹਾਸਲ ਕਰਨਾ, ਵੱਡੀ ਘਾਲਣਾ ਬਿਨਾ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਸਮਾਜ ਤੇ ਲੋਕਾਂ ਦੇ ਦੁਖ-ਦਰਦ ਨੂੰ ਅਖਬਾਰ ਰਾਹੀਂ ਜ਼ੁਬਾਨ ਦੇਣੀ ਅਮੋਲਕ ਜਾਣਦਾ ਹੈ। ਇਹੋ ਵਜ੍ਹਾ ਹੈ ਕਿ 'ਪੰਜਾਬ ਟਾਈਮਜ਼' ਲੋਕਾਂ ਵਿਚ ਇੰਨਾ ਮਕਬੂਲ ਹੈ। ਉਨ੍ਹਾਂ ਆਖਿਆ ਕਿ ਅਮੋਲਕ ਸਿੰਘ ਤੇ ਪੰਜਾਬ ਟਾਈਮਜ਼ ਦਾ ਘੇਰਾ ਬੜਾ ਵਸੀਹ ਹੈ, ਜਿਸ ਦਾ ਸਬੂਤ ਅੱਜ ਮਿਡਵੈਸਟ ਦੀਆਂ ਸਭ ਖੇਡ ਕਲੱਬਾਂ, ਧਾਰਮਿਕ ਤੇ ਸਭਿਆਚਾਰਕ ਸੰਸਥਾਵਾਂ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦਾ ਇਥੇ ਮੌਜੂਦ ਹੋਣਾ ਹੈ। ਉਨ੍ਹਾਂ ਅਦਾਰਾ ਪੰਜਾਬ ਟਾਈਮਜ਼ ਨੂੰ ਸ਼ੁਭ ਇੱਛਾਵਾਂ ਭੇਟ ਕਰਦਿਆਂ ਇਸ ਦੀ ਤਰੱਕੀ ਦੀ ਕਾਮਨਾ ਕੀਤੀ।

'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਨੇ ਸ. ਝੱਜ ਨੂੰ ਯਾਦਗਾਰੀ ਪਲੈਕ ਦੇ ਕੇ ਉਨ੍ਹਾਂ ਦਾ ਉਚੇਚਾ ਸਨਮਾਨ ਕੀਤਾ। ਸਮਾਗਮ ਦੇ ਮੁੱਖ ਸਪਾਂਸਰ ਸ. ਰਘਬੀਰ ਸਿੰਘ ਘੁੰਨ, ਸ. ਪ੍ਰੀਤਮ ਸਿੰਘ ਗਰੇਵਾਲ ਅਤੇ ਗੁਲਜ਼ਾਰ ਸਿੰਘ ਮੁਲਤਾਨੀ ਜ਼ਰੂਰੀ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ।

ਗੀਤ-ਸੰਗੀਤ ਦੇ ਦੌਰ ਵਿਚ ਤਾਰਾ



***ਸ. ਜੰਮੂ ਆਪਣੀ ਧਰਮ ਮਾਂ ਬੀਬੀ ਭਗਵੰਤ ਕੌਰ ਦੀ ਅਸੀਸ ਲੈਂਦੇ ਹੋਏ***

ਮੁਲਤਾਨੀ ਤੇ ਮਨਦੀਪ ਸਿੰਘ ਸੈਣੀ ਨੇ ਆਪਣੀ ਗਾਇਕੀ ਨਾਲ ਆਏ ਮਹਿਮਾਨਾਂ ਦਾ ਭਰਪੂਰ ਮਨੋਰੰਜਨ ਕੀਤਾ। ਉਨ੍ਹਾਂ ਮਿਲ ਕੇ ਗੁਰਦਾਸ ਮਾਨ ਦਾ ਮਸ਼ਹੂਰ ਗੀਤ 'ਕੀ ਬਣੂੰ ਦੁਨੀਆਂ ਦਾ' ਅਤੇ 'ਛੱਲਾ' ਗਾ ਕੇ ਖੂਬ ਰੰਗ ਬੰਨਿਆ। ਤਾਰਾ ਮੁਲਤਾਨੀ ਨੇ ਲਾਲ ਚੰਦ ਯਮਲਾ ਜੱਟ ਨੂੰ ਯਾਦ ਕਰਦਿਆਂ 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ' ਤੇ 'ਚਰਖਾ ਰੋਂਦਾ ਵੇਖਿਆ ਮੈਂ ਮੁਟਿਆਰ ਬਿਨਾ' ਗਾ ਕੇ ਯਮਲਾ ਜੱਟ ਨੂੰ ਸ਼ਰਧਾਂਜਲੀ ਭੇਟ ਕੀਤੀ। ਫਿਰ ਉਸ ਨੇ 'ਕੋਈ ਕਮੀ ਮੇਰੇ ਵਿਚ ਹੋਵੇਗੀ' ਅਤੇ 'ਆ ਜਾ ਭਾਬੀ ਝੂਟ ਲੈ ਪੀਂਘ ਹੁਲਾਰੇ ਲੈਂਦੀ' ਗਾ ਕੇ ਵਾਹ ਵਾਹ ਖੱਟੀ।

ਮਨਦੀਪ ਸਿੰਘ ਸੈਣੀ ਨੇ ਗੀਤ 'ਮਿੱਟੀ ਦਾ ਬਾਵਾ' ਪੇਸ਼ ਕਰ ਕੇ ਮਾਹੌਲ ਨੂੰ ਇਕ ਵੱਖਰਾ ਰੰਗ ਦਿੱਤਾ। ਫਿਰ ਤਾਰੇ ਤੇ ਮਨਦੀਪ ਨੇ 'ਮਾਂਵਾਂ ਠੰਡੀਆਂ ਛਾਂਵਾਂ', 'ਤਿੰਨ ਰੰਗ ਨਹੀਂ ਲੱਭਣੇ ਬੀਬਾ-ਹੁਸਨ, ਜਵਾਨੀ ਤੇ ਮਾਪੇ' ਅਤੇ 'ਜੇ ਤੇਰਾ ਆਸਰਾ ਹੋਵੇ ਤਾਂ ਸਹਾਰੇ ਹੀ ਸਹਾਰੇ ਨੇ' ਗੀਤ ਗਾ ਕੇ ਦਾਦ ਹਾਸਿਲ ਕੀਤੀ। ਅਖੀਰ ਵਿਚ ਦੋਹਾਂ ਨੇ ਰਲ ਕੇ ਬੋਲੀਆਂ ਪਾ ਕੇ ਆਏ ਮਹਿਮਾਨਾਂ ਨੂੰ ਖੂਬ ਨਚਾਇਆ। ਅਖਬਾਰ ਦੀ ਸਲਾਹਕਾਰ ਕਮੇਟੀ ਵਲੋਂ ਤਾਰੇ ਤੇ ਮਨਦੀਪ ਦਾ ਮਾਣ-ਤਾਣ ਵੀ ਕੀਤਾ ਗਿਆ।

ਇਸ ਤੋਂ ਪਹਿਲਾਂ ਜਗਮੀਤ ਸਿੰਘ ਨੇ 'ਤੇਰੀ ਜੀਨ ਕੁੜੀਏ' ਗੀਤ ਅਤੇ ਜਸਦੇਵ ਸਿੰਘ ਨੇ ਅੱਲਗ ਤਰ੍ਹਾਂ ਦੇ ਗੀਤ 'ਛੋਟਾ ਜਿਹਾ ਕੰਮ ਧੰਦੇ ਕਰ ਦੇ ਗਰੀਬ ਦਾ' ਨਾਲ ਹਾਜ਼ਰੀ ਲੁਆਈ।

ਮੰਚ ਸੰਚਾਲਨ ਡਾ. ਹਰਜਿੰਦਰ ਸਿੰਘ ਖਹਿਰਾ ਅਤੇ ਗੁਰਮੁਖ ਸਿੰਘ ਭੁੱਲਰ ਨੇ ਬਾਖੂਬੀ ਕੀਤਾ। ਪੰਜਾਬੀ ਵਿਰਾਸਤ ਸੰਸਥਾ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਟਾਈਮਜ਼ ਦੇ ਵਿਸ਼ੇਸ਼ ਸਹਿਯੋਗੀ ਜੈਰਾਮ ਸਿੰਘ ਕਾਹਲੋਂ ਨੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ।

ਇਸ ਸ਼ਾਮ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਡਾ. ਹਰਗੁਰਮੁਖਪਾਲ ਸਿੰਘ, ਜੈਦੇਵ ਸਿੰਘ ਭੱਠਲ, ਦਰਸ਼ਨ ਸਿੰਘ ਗਰੇਵਾਲ, ਬਲਵਿੰਦਰ ਕੌਰ (ਨਿੱਕੀ) ਸੇਖੋਂ, ਮਨਦੀਪ ਸਿੰਘ ਭੁਰਾ, ਡਾ. ਨਵਦੀਪ ਕੌਰ ਸੰਧੂ, ਸਰਵਣ ਸਿੰਘ ਟਿਵਾਣਾ ਅਤੇ ਜਗਦੀਸ਼ਰ ਸਿੰਘ ਕਲੇਰ ਹਾਜ਼ਰ ਸਨ ਜਦਕਿ ਜੱਸੀ ਗਿੱਲ, ਡਾ. ਤੇਜਿੰਦਰ ਸਿੰਘ ਮੰਡੇਰ, ਹਰਜੀਤ ਸਿੰਘ ਸਾਹੀ, ਦਰਸ਼ਨ ਸਿੰਘ ਦਰੜ, ਸਵਰਨਜੀਤ ਸਿੰਘ ਢਿੱਲੋਂ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਬਲਵਿੰਦਰ (ਬਾਬ) ਸਿੰਘ ਸੰਧੂ, ਅਮੋਲਕ ਸਿੰਘ ਗਾਖਲ, ਰਾਜਿੰਦਰ ਸਿੰਘ ਬੈਂਸ ਅਤੇ ਵਰਿੰਦਰ ਕੌਰ ਗਿੱਲ (ਸੁਪਤਨੀ ਮਰਹੂਮ ਗੁਰਿੰਦਰ ਸਿੰਘ ਗਿੱਲ) ਜ਼ਰੂਰੀ ਰੁਝੇਵਿਆਂ ਕਾਰਨ ਪਹੁੰਚ ਨਾ ਸਕੇ ਪਰ ਉਨ੍ਹਾਂ ਨੇ ਆਪਣੀਆਂ ਸ਼ੁਭ ਇੱਛਾਵਾਂ ਭੇਜੀਆਂ।

ਸਥਾਨਕ ਸਭਿਆਚਾਰਕ ਸੰਸਥਾਵਾਂ-ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ), ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ (ਪੀ.ਐਚ.ਓ), ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਪੀ.ਏ.ਓ.); ਖੇਡ ਸੰਸਥਾਵਾਂ-ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਅਤੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ ਤੋਂ ਇਲਾਵਾ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੀ ਸਥਾਨਕ ਇਕਾਈ ਦੇ ਨੁਮਾਇੰਦੇ ਵੀ ਹਾਜ਼ਰ ਸਨ। ਨਿਊ ਯਾਰਕ ਤੋਂ ਗੁਰਦੁਆਰਾ ਸੰਤ ਸਾਗਰ, ਬੈਲਰੋਜ਼ ਦੇ ਮੁੱਖ ਸੇਵਾਦਾਰ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਸੱਜਣ ਸਿੰਘ ਨੇ ਅਖਬਾਰ ਲਈ ਸ਼ੁਭ ਕਾਮਨਾਵਾਂ ਭੇਜੀਆਂ ਅਤੇ ਸੰਪਾਦਕ ਅਮੋਲਕ ਸਿੰਘ ਜੰਮੂ ਦੀ ਸਿਹਤਯਾਬੀ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ।

ਸਿਨਸਿਨੈਟੀ, ਓਹਾਇਓ ਤੋਂ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਚਰਨਜੀਤ ਸਿੰਘ ਬਰਾੜ, ਸੁਰਜੀਤ ਸਿੰਘ ਮਾਵੀ, ਗੁਰਮਿੰਦਰ ਸੰਧੂ, ਗੁਰਪ੍ਰੀਤ ਗਿੱਲ, ਬਹਾਦਰ ਸਿੰਘ ਮੁੰਡੀ ਆਪਣੇ ਹੋਰ ਸਾਥੀ ਲੈ ਕੇ ਪਹੁੰਚੇ।

ਮਿਲਵਾਕੀ ਤੋਂ ਹਰਵਿੰਦਰ ਸਿੰਘ ਆਹੂਜਾ, ਅੰਮ੍ਰਿਤਪਾਲ ਗਿੱਲ, ਹਰਵਿੰਦਰ ਸਿੰਘ (ਲਾਲੀ) ਸਿੱਧੂ, ਗੁਰਦੇਵ ਸਿੰਘ ਜੌੜਾ, ਪਰਮਜੀਤ ਸਿੰਘ ਬਿਲਕੂ, ਦਰਸ਼ਨ ਗਰੇਵਾਲ, ਮੇਜਰ ਸਿੰਘ ਕੈਲੇ, ਡਾ. ਗੁਰਚਰਨ ਸਿੰਘ ਗਰੇਵਾਲ, ਆਰ.ਐਸ. ਰਿਹਾਲ ਤੇ ਸਾਥੀ ਅਤੇ 'ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ' ਦੇ ਸੁਖਦੇਵ ਸਿੰਘ ਖਾਲਸਾ, ਜਰਨੈਲ ਸਿੰਘ, ਪਰਮਿੰਦਰ ਸਿੰਘ ਗੋਲਡੀ, ਜੱਗੀ ਸਿੰਘ ਘੋਤੜਾ, ਸਤਪਾਲ ਸਿੰਘ ਬੈਂਸ ਤੇ ਸਾਥੀ ਹਾਜ਼ਰ ਹੋਏ।

ਪੰਜਾਬੀ ਹੈਰੀਟੇਜ ਸੁਸਾਇਟੀ, ਕੈਲਮਜ਼ੂ (ਮਿਸ਼ੀਗਨ) ਵਲੋਂ ਦਲਬਾਰਾ ਸਿੰਘ ਮਾਂਗਟ, ਕੁਲਵਿੰਦਰ ਗਿੱਲ, ਮਨਜਿੰਦਰ ਸਿੰਘ ਬੈਨੀਪਾਲ, ਪਾਲੀ ਧਾਲੀਵਾਲ ਤੇ ਸਾਥੀ ਰੌਣਕ ਵਧਾ ਰਹੇ ਸਨ। ਪੰਜਾਬੀ ਕਲਚਰਲ ਸੁਸਾਇਟੀ, ਮਿਸ਼ੀਗਨ ਵਲੋਂ ਕੁਲਦੀਪ ਸਿੰਘ ਗਿੱਲ, ਪਲਵਿੰਦਰ ਸਿੰਘ ਬਾਠ, ਤਰਸੇਮ ਸਿੰਘ, ਸੁਖਵੀਰ ਸਿੰਘ, ਮੁਖਤਿਆਰ ਸਿੰਘ ਖਹਿਰਾ, ਕਰਮਜੀਤ ਸਿੰਘ ਜਰੀਆ, ਧਰਮਵੀਰ ਸਿੰਘ, ਰਾਜ ਗਰੇਵਾਲ ਅਤੇ ਨਰਿੰਦਰ ਮੁੰਦਰ ਪਹੁੰਚੇ ਹੋਏ ਸਨ। ਇੰਡੀਆਨਾ ਤੋਂ ਜਸਵਿੰਦਰ ਸਿੰਘ ਸਾਹੀ, ਸੰਦੀਪ ਸਿੰਘ ਤੇ ਚਰਨਜੀਤ ਸਮਰਾ ਅਤੇ ਪੰਜਾਬੀ ਅਮੈਰਿਕਨ ਯੂਥ ਕਲੱਬ, ਇੰਡੀਆਨਾ ਤੋਂ ਸਤਵਿੰਦਰ ਸਿੰਘ ਸੱਤਾ, ਕੁਲਦੀਪ ਸਿੰਘ ਛੱਠ, ਰਣਜੀਤ ਸਿੰਘ ਕਾਹਲੋਂ, ਬਲਪ੍ਰੀਤ ਸਿੰਘ ਮਾਨ, ਜੱਗਾ ਸਿੰਘ, ਜਸਪਾਲ ਸਿੰਘ ਜੱਸੀ ਤੇ ਸਾਥੀ ਹਾਜ਼ਰ ਸਨ।

ਹੋਰ ਮੁਅੱਜ਼ਜ਼ ਮਹਿਮਾਨਾਂ 'ਚ ਵਰਜੀਨੀਆ ਤੋਂ ਗੁਰਮੇਲ ਸਿੰਘ ਕੰਗ ਤੇ ਪਰਿਵਾਰ; ਮਿਸ਼ੀਗਨ ਦੇ ਸਿਆਸੀ ਹਲਕਿਆਂ ਵਿਚ ਸਰਗਰਮ ਤੇ ਮਿਸ਼ੀਗਨ ਸੈਣੀ ਸਭਾ ਦੇ ਮੁਖੀ ਸੰਨੀ ਧੂੜ, ਮਿਸ਼ੀਗਨ ਤੋਂ ਹੀ ਬਲਬੀਰ ਸਿੰਘ ਗਰੇਵਾਲ ਅਤੇ ਫਿਲਮ ਨਿਰਮਾਤਾ-ਨਿਰਦੇਸ਼ਕ ਬਾਬ ਖਹਿਰਾ, ਓਹਾਇਓ ਤੋਂ ਡਾ. ਦਰਸ਼ਨ ਸਿੰਘ ਸਹਿਬੀ ਤੇ ਪਰਿਵਾਰ ਜਸ਼ਨ ਦਾ ਹਿੱਸਾ ਬਣੇ।

ਸ਼ਿਕਾਗੋ ਤੋਂ ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਮਹਾਂਬੀਰ ਸਿੰਘ ਬਰਾੜ, ਸਾਬਕਾ ਪ੍ਰਧਾਨ ਇਕਬਾਲ ਸਿੰਘ ਚੋਪੜਾ, ਬੋਰਡ ਮੈਂਬਰ ਸੁਰਿੰਦਰ ਕੌਰ ਸੈਣੀ ਤੇ ਗੁਰਮੀਤ ਸਿੰਘ ਬੈਂਸ, ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਬੋਰਡ ਮੈਂਬਰ ਗਿਆਨ ਸਿੰਘ ਸੀਹਰਾ, ਗੁਰਦੁਆਰਾ ਪੈਲਾਟਾਈਨ ਵਿਚ ਕਾਰ ਸੇਵਾ ਪ੍ਰਾਜੈਕਟ ਦੇ ਕਨਵੀਨਰ ਸਤਨਾਮ ਸਿੰਘ ਔਲਖ ਤੇ ਸਾਥੀ; ਪੀ.ਸੀ.ਐਸ. ਦੇ ਪ੍ਰਧਾਨ ਸੁਖਮੇਲ ਸਿੰਘ ਅਟਵਾਲ, ਸਾਬਕਾ ਪ੍ਰਧਾਨ ਅਮਰਜੀਤ ਕੌਰ ਅਟਵਾਲ, ਵਿੱਕ ਸਿੰਘ ਤੇ ਹਰਿੰਦਰਪਾਲ ਸਿੰਘ ਲੈਲ; ਅਕਾਲੀ ਆਗੂ ਤੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦੇ ਪ੍ਰਧਾਨ ਅਮਰੀਕ ਸਿੰਘ (ਅਮਰ ਕਾਰਪੈਟਸ), ਸਾਬਕਾ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ, ਲਵਦੀਪ ਸਿੰਘ ਦੁੱਲਤ, ਮਨਮਿੰਦਰ ਸਿੰਘ ਹੀਰ, ਹਰਵਿੰਦਰ ਸਿੰਘ ਬਿੱਲਾ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਚੱਠਾ, ਸਾਬਕਾ ਪ੍ਰਧਾਨ ਅਮਰਦੇਵ ਸਿੰਘ ਬੰਦੇਸ਼ਾ ਤੇ ਪਰਮਿੰਦਰ ਸਿੰਘ ਵਾਲੀਆ, ਦਰਸ਼ਨ ਪੰਮਾ, ਲਖਵਿੰਦਰ ਬਿਹਾਰੀਪੁਰੀਆ, ਜੋਧ ਸਿੰਘ ਸਿੱਧੂ; ਪੀ.ਏ.ਓ. ਵਲੋਂ ਪ੍ਰਧਾਨ ਦਵਿੰਦਰ ਸਿੰਘ, ਇੰਦਰ ਹੁੰਝਣ, ਹੈਪੀ ਮੁਲਤਾਨੀ ਤੇ ਸਾਥੀ; ਸਵਰਨ ਸਿੰਘ ਸੇਖੋਂ, ਦਰਸ਼ਨ ਸਿੰਘ ਬੈਨੀਪਾਲ, ਭੁਪਿੰਦਰ ਸਿੰਘ ਬਾਵਾ, ਜਸਵਿੰਦਰ ਸਿੰਘ ਸੰਧੂ, ਗੁਰਬਚਨ ਸਿੰਘ, ਮੱਤ ਸਿੰਘ ਢਿੱਲੋਂ, ਲਾਲ ਸਿੰਘ, ਗੁਰਦੀਪ ਸਿੰਘ ਸੈਣੀ,



ਲਖਬੀਰ ਸਿੰਘ ਸੰਧੂ, ਸ਼ਮਿੰਦਰ ਸਿੰਘ ਬਰਾੜ, ਡਾ. ਸਵਰਨਜੀਤ ਸਿੰਘ, ਬਜ਼ੁਰਗ ਦੌੜਾਕ ਕੁਲਦੀਪ ਸਿੰਘ ਸਿੱਬਲ, ਡਾ. ਜਸਵਿੰਦਰ ਸਿੰਘ ਚਾਵਲਾ ਤੇ ਪਰਿਵਾਰ, ਹਰਜਿੰਦਰ ਸਿੰਘ ਸੰਧੂ ਤੇ ਪਰਿਵਾਰ, ਓਂਕਾਰ ਸਿੰਘ ਸੰਘਾ ਤੇ ਪਰਿਵਾਰ, ਮਿੱਕੀ ਕਾਹਲੋਂ, ਬਲਵਿੰਦਰ ਸਿੰਘ ਨਿੱਕ, ਰਵਿੰਦਰ ਰਵੀ (ਆਰ.ਕੇ. ਕਾਰਪੈਟਸ), ਸੰਤੋਖ ਸਿੰਘ, ਜਸਬੀਰ ਕੌਰ ਮਾਨ ਤੇ ਪਰਸ਼ਨ ਸਿੰਘ ਮਾਨ, ਦਵਿੰਦਰ ਸਿੰਘ ਰੰਗੀ, ਢੋਲ ਰੇਡੀਓ ਦੇ ਸੁਖਪਾਲ ਗਿੱਲ ਤੇ ਅਮਨ, ਸਿੱਖ ਟੀ.ਵੀ. ਦੇ ਇੰਦਰਮੋਹਨ ਸਿੰਘ ਛਾਬੜਾ, ਮਹਿੰਦਰ ਸਿੰਘ ਰਕਾਲਾ ਅਤੇ ਕਮਲਜੀਤ ਸਿੰਘ ਵਿਰਦੀ ਤੋਂ ਇਲਾਵਾ ਕਈ ਹੋਰ ਪਤਵੰਤੇ ਸੱਜਣ ਅਖਬਾਰ ਪ੍ਰਤੀ ਆਪਣੀ ਸਾਂਝ ਪ੍ਰਗਟਾਉਣ ਲਈ ਪਹੁੰਚੇ। ਕਿਰਪਾਲ ਸਿੰਘ ਰੰਧਾਵਾ, ਸਰਬਜੀਤ ਸਿੰਘ ਭੰਡਾਲ, ਮੱਖਣ ਸਿੰਘ ਕਲੇਰ, ਹਰਿੰਦਰ ਸਿੰਘ (ਐਮ.ਆਈ.ਟੀ.ਐਸ.) ਅਤੇ ਗੁਰਬਖਸ਼ ਰਾਹੀ ਆ ਨਹੀਂ ਸਕੇ ਪਰ ਉਨ੍ਹਾਂ ਸ਼ੁਭ ਕਾਮਨਾਵਾਂ ਦਿੰਦਿਆਂ ਪੰਜਾਬ ਟਾਈਮਜ਼ ਦੇ ਨਾਲ ਖੜ੍ਹੇ ਹੋਣ ਦਾ ਭਰੋਸਾ ਦਿੱਤਾ।

ਸਵਾਦੀ ਖਾਣਾ ਕੇ.ਕੇ. ਪੰਮਾ ਨੇ ਪਰੋਸਿਆ।

***(ਹੋਰ ਤਸਵੀਰਾਂ ਸਫਾ 16 ਤੇ 17 ਉਤੇ)***

***ਤਸਵੀਰਾਂ: ਸਿਆਨ ਵੀਡੀਓ, ਮਿਸ਼ੀਗਨ***






# 'ਪੰਜਾਬ ਟਾਈਮਜ਼ ਨਾਈਟ-2017' ਤਸਵੀਰਾਂ ਦੀ ਜ਼ੁਬਾਨੀ









































# ਸੰਤ ਸੀਚੇਵਾਲ ਤੇ ਜੋਸ਼ੀ ਸਮੇਤ 39 ਸ਼ਖਸੀਅਤਾਂ ਨੂੰ ਪਦਮ ਪੁਰਸਕਾਰ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਸਾਬਕਾ ਕੇਂਦਰੀ ਮੰਤਰੀ ਤੇ ਭਾਜਪਾ ਦੇ ਸੀਨੀਅਰ ਨੇਤਾ ਡਾ. ਮੁਰਲੀ ਮਨੋਹਰ ਜੋਸ਼ੀ,



ਐਨ.ਸੀ.ਪੀ ਨੇਤਾ ਸ਼ਰਦ ਪਵਾਰ, ਮਰਹੂਮ ਲੋਕ ਸਭਾ ਸਪੀਕਰ ਪੀ.ਏ. ਸੰਗਮਾ, ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ, ਉਘੇ ਵਾਤਾਵਰਨ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ, ਰੀਓ ਪੈਰਾਲੰਪਿਕ 'ਚ ਚਾਂਦੀ ਦਾ ਤਗਮਾ ਜਿੱਤਣ ਵਾਲੀ ਦੀਪਾ ਮਲਿਕ ਤੇ ਨਾਮਵਰ ਗਾਇਕਾ ਅਨੁਰਾਧਾ ਪੌਡਵਾਲ ਸਮੇਤ 39 ਸ਼ਖ਼ਸੀਅਤਾਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਹੈ।

ਰਾਸ਼ਟਰਪਤੀ ਭਵਨ ਦੇ ਇਤਿਹਾਸਕ ਦਰਬਾਰ ਹਾਲ 'ਚ ਕਰਵਾਏ ਗਏ ਸਮਾਗਮ ਦੌਰਾਨ ਰਾਸ਼ਟਰਪਤੀ ਨੇ 4 ਸ਼ਖਸੀਅਤਾਂ ਨੂੰ ਪਦਮ ਵਿਭੂਸ਼ਣ, 2 ਨੂੰ ਪਦਮ ਭੂਸ਼ਣ ਤੇ 33 ਨੂੰ ਪਦਮਸ੍ਰੀ ਪੁਰਸਕਾਰਾਂ ਨਾਲ ਸਨਮਾਨਤ ਕੀਤਾ। ਭਾਰਤ ਦੇ ਦੂਸਰੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਵਿਭੂਸ਼ਣ ਪੁਰਸਕਾਰ ਨਾਲ ਸ੍ਰੀ ਜੋਸ਼ੀ, ਸ਼ਰਦ ਪਵਾਰ, ਪੁਲਾੜ ਵਿਗਿਆਨੀ ਪ੍ਰੋ. ਉਦੀਪੀ ਰਾਮਾਚੰਦਰ ਰਾਉ ਤੇ ਮਰਹੂਮ ਪੀ ਏ ਸੰਗਮਾ ਨੂੰ ਸਨਮਾਨਤ ਕੀਤਾ। ਯੋਗਾ ਗੁਰੂ ਸਵਾਮੀ ਨਿੰਰਜਣਨੰਦ ਸਰਸਵਤੀ ਤੇ ਥਾਈ ਰਾਜਕੁਮਾਰੀ ਮਹਾ ਚਕਰੀ ਸਿਰੀਨਧੋਰਨ ਨੂੰ ਪਦਮ ਭੂਸ਼ਣ ਨਾਲ ਸਨਮਾਨਤ ਕੀਤਾ ਗਿਆ।

ਪਦਮਸ੍ਰੀ ਪ੍ਰਾਪਤ ਕਰਨ ਵਾਲਿਆਂ 'ਚ ਉਘੇ ਵਾਤਾਵਰਣ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ, ਕ੍ਰਿਕਟ ਖਿਡਾਰੀ ਵਿਰਾਟ ਕੋਹਲੀ, ਦੀਪਾ ਮਲਿਕ, ਪੀ.ਆਰ. ਸ੍ਰੀਜੇਸ਼, ਗਾਇਕਾ ਅਨੁਰਾਧਾ ਪੌਡਵਾਲ, ਲੋਕ ਗਾਇਕਾ ਬਸੰਤੀ ਬਿਸ਼ਟ, ਪ੍ਰੋ. ਅਨੰਤ ਅਗਰਵਾਲ, ਸ੍ਰੀ ਪੂਨਮ ਸੂਰੀ ਡਾ. ਟੀ.ਕੇ. ਵਿਸ਼ਵਾਨਾਥਨ ਤੇ ਨਾਮਵਰ ਗਾਇਨਾਕੋਲਜਿਸ਼ਟ ਭਕਤੀ ਯਾਦਵ, ਐਮ.ਐਮ. ਗੋਡਵਿਲੇ, ਫਰੈਂਚ ਇਤਿਹਾਸਕਾਰ ਮਿਸ਼ੇਲ ਦਨੀਨੋ ਆਦਿ ਸ਼ਾਮਲ ਹਨ।

# ਨਸ਼ਿਆਂ ਵਿਰੋਧੀ ਹੈਲਪਲਾਈਨ ਆਫਰੀ

**ਨਵੀਂ ਦਿੱਲੀ:** ਪੰਜਾਬ ਪੁਲਿਸ ਨੂੰ 181 ਨੰਬਰ ਹੈਲਪਲਾਈਨ 'ਤੇ ਹਫਤੇ ਤੋਂ ਵੀ ਘੱਟ ਸਮੇਂ ਵਿਚ ਸੈਂਕੜੇ ਸ਼ਿਕਾਇਤਾਂ ਮਿਲੀਆਂ ਹਨ। ਇਸ ਸਬੰਧੀ ਹੁਣ ਤੱਕ ਤਕਰੀਬਨ 500 ਤੋਂ ਵੱਧ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਵਿਰੋਧੀ ਮੁਹਿੰਮ ਦੇ ਚੰਗੇ ਨਤੀਜੇ ਨਿਕਲਣ ਲੱਗੇ ਹਨ ਅਤੇ ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਹਰਪ੍ਰੀਤ ਸਿੰਘ ਵੱਲੋਂ ਅਹੁਦਾ ਸੰਭਾਲਣ ਤੋਂ ਬਾਅਦ ਇਸ ਮੁਹਿੰਮ ਨੂੰ ਹੁਲਾਰਾ ਮਿਲੇਗਾ। ਬਾਦਲ ਸਰਕਾਰ ਦੇ ਸ਼ਾਸਨ ਦੌਰਾਨ ਨਕਾਰਾ ਕੀਤੀ ਚੌਵੀ ਘੰਟੇ ਚੱਲਣ ਵਾਲੀ ਹੈਲਪਲਾਈਨ ਦੇ ਸਫਲਤਾਪੂਰਨ ਮੁੜ ਸ਼ੁਰੂ ਹੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਪੁਲਿਸ ਤੇ ਖੁਫ਼ੀਆ ਏਜੰਸੀਆਂ ਨੂੰ ਆਉਂਦੇ ਦਿਨਾਂ ਦੌਰਾਨ ਨਸ਼ਿਆਂ ਵਿਰੁੱਧ ਮੁਹਿੰਮ ਹੋਰ ਤੇਜ਼ ਕਰਨ ਅਤੇ ਇਸ ਸਬੰਧੀ ਆਮ ਲੋਕਾਂ ਦੀ ਮਦਦ ਲੈਣ ਲਈ ਨਿਰਦੇਸ਼ ਦਿੱਤੇ ਹਨ ਤਾਂ ਜੋ ਸੂਬੇ ਵਿਚੋਂ ਚਾਰ ਹਫਤਿਆਂ ਵਿਚ ਨਸ਼ਿਆਂ ਦਾ ਸਫਾਇਆ ਕਰਨ ਦਾ ਟੀਚਾ ਪ੍ਰਾਪਤ ਕੀਤਾ ਜਾ ਸਕੇ। ਸਰਕਾਰ ਨੇ ਭਰੋਸਾ ਦਿਵਾਇਆ ਸੀ ਕਿ ਨਸ਼ਿਆਂ ਵਿਰੁੱਧ ਸੂਹ ਦੇਣ ਵਾਲੇ ਦੀ ਸ਼ਨਾਖਤ ਗੁਪਤ ਰੱਖੀ ਜਾਵੇਗੀ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਹਰੇਕ ਸੂਹ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਇਸ ਦੀ ਪੁਸ਼ਟੀ ਤੋਂ ਬਾਅਦ ਮੁਲਜ਼ਮਾਂ ਵਿਰੁੱਧ ਸਖਤ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਸੂਹਾਂ ਨਸ਼ਿਆਂ ਦੀ ਵਿਕਰੀ ਵਾਲੇ ਅੱਡਿਆਂ ਅਤੇ ਨਸ਼ੇ ਦੇ ਵਪਾਰ ਵਿਚ ਸ਼ਾਮਲ ਲੋਕਾਂ ਬਾਰੇ ਮਿਲ ਰਹੀਆਂ ਹਨ। ਉਨ੍ਹਾਂ ਦੁਹਰਾਇਆ ਕਿ ਨਸ਼ਿਆਂ ਵਿਰੁੱਧ ਮੁਹਿੰਮ ਵਿਚ ਲੱਗੀ ਪੁਲਿਸ ਤੇ ਹੋਰ ਏਜੰਸੀਆਂ ਵੱਲੋਂ ਨਸ਼ੇ ਦੀ ਵਰਤੋਂ ਕਰਨ ਵਾਲਿਆਂ ਨੂੰ ਪ੍ਰੇਸ਼ਾਨ ਨਹੀਂ ਕੀਤਾ ਜਾਵੇਗਾ।



## ਕੈਪਟਨ ਵੱਲੋਂ ਨਿੱਕੇ ਨਸ਼ੇੜੀਆਂ ਨੂੰ ਭਰੋਸਾ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਨਸ਼ੇ ਦੇ ਆਦੀ ਛੋਟੇ ਨਸ਼ੇੜੀਆਂ ਨੂੰ ਤੰਗ ਪ੍ਰੇਸ਼ਾਨ ਨਹੀਂ ਕਰੇਗੀ ਜਿਵੇਂ ਬਾਦਲ ਸਰਕਾਰ ਵੇਲੇ ਹੁੰਦਾ ਸੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਵੱਡੇ ਮਗਰਮੱਛਾਂ ਨੂੰ ਹੀ ਹੱਥ ਪਾਇਆ ਜਾਵੇਗਾ। ਪੰਜਾਬ 'ਚ ਨਸ਼ਾ ਹਰ ਹਾਲ 'ਚ ਖਤਮ ਕੀਤਾ ਜਾਵੇਗਾ। ਨਸ਼ੇ ਖਿਲਾਫ਼ ਗਠਿਤ ਕੀਤੀ ਐਸ.ਆਈ.ਟੀ. ਆਪਣਾ ਕੰਮ ਕਰ ਰਹੀ ਤੇ ਸਰਕਾਰ ਉਸ ਦੇ ਕੰਮ 'ਚ ਕੋਈ ਦਖਲ ਨਹੀਂ ਦੇਵੇਗੀ।

## ਸਰਹੱਦ ਪਾਰੋਂ ਹੈਰੋਇਨ ਵੱਡੀ ਚੁਣੌਤੀ

**ਅੰਮ੍ਰਿਤਸਰ:** ਨਵੀਂ ਸਰਕਾਰ ਵੱਲੋਂ ਭਾਵੇਂ ਨਸ਼ਿਆਂ ਖਿਲਾਫ਼ ਸਖਤੀ ਨਾਲ ਮੁਹਿੰਮ ਛੇੜੀ ਹੋਈ ਹੈ, ਪਰ ਸਰਹੱਦ ਪਾਰੋਂ ਹੈਰੋਇਨ ਦੀ ਸਪਲਾਈ ਅਜੇ ਵੀ ਨਿਰੰਤਰ ਜਾਰੀ ਹੈ। ਇਹ ਖੁਲਾਸਾ ਕੌਮੀ ਨਾਰਕੋਟਿਸ ਕੰਟਰੋਲ ਬਿਊਰੋ ਵੱਲੋਂ ਗ੍ਰਿਫਤਾਰ ਕੀਤੇ ਅੰਮ੍ਰਿਤਸਰ ਦੇ ਸਰਹੱਦੀ ਖੇਤਰ ਦੇ 2 ਤਸਕਰਾਂ ਕੋਲੋਂ ਪੁੱਛਗਿੱਛ ਦੇ ਆਧਾਰ 'ਤੇ ਹੋਇਆ ਹੈ। ਇਹ ਤਸਕਰ ਪਾਕਿਸਤਾਨੋਂ ਹੈਰੋਇਨ ਮੰਗਵਾਉਂਦੇ ਸਨ ਤੇ ਆਪਣੇ ਸੰਪਰਕ ਸੂਤਰਾਂ ਰਾਹੀਂ ਪ੍ਰਚੂਨ 'ਤੇ ਵੇਚ ਦਿੰਦੇ ਸਨ। ਨਾਰਕੋਟਿਸ ਕੰਟਰੋਲ ਬਿਊਰੋ ਦੇ ਚੰਡੀਗੜ੍ਹ ਜ਼ੋਨ ਮੁੱਖੀ ਡਾ. ਕੋਸ਼ਤੂਭ ਸ਼ਰਮਾ ਅਨੁਸਾਰ ਇਨ੍ਹਾਂ ਕੁਝ ਦਿਨ ਪਹਿਲਾਂ ਹੀ 4 ਕਿਲੋ ਹੈਰੋਇਨ ਪਾਕਿ ਤੋਂ ਮੰਗਵਾਈ ਸੀ, ਜਿਨ੍ਹਾਂ 'ਚ 2 ਕਿਲੋਗ੍ਰਾਮ ਇਥੇ ਅੰਮ੍ਰਿਤਸਰ ਦੇ ਹੀ ਇਕ ਹੋਰ ਤਸਕਰ ਬਲਕਾਰ ਸਿੰਘ ਨੂੰ ਵੇਚ ਦਿੱਤੀ ਤੇ ਬਾਕੀ ਵੇਚਣ ਦੀ ਫਿਰਾਕ 'ਚ ਸਨ। ਉਨ੍ਹਾਂ ਦੱਸਿਆ ਕਿ ਨੋਟਬੰਦੀ ਕਾਰਨ ਭਾਵੇਂ ਆਮ ਲੋਕਾਂ ਦੇ ਕਾਰੋਬਾਰ ਮੱਠੇ ਪਏ ਹੋਣ, ਪਰ ਤਸਕਰਾਂ ਨੇ ਇਸ ਦੌਰਾਨ ਵੀ ਡਿਉੜੀ ਕਮਾਈ ਕੀਤੀ ਹੈ ਜੋ ਕਿ 70 ਹਜ਼ਾਰ ਦੀ ਹੈਰੋਇਨ ਵੇਚ ਕੇ ਇਕ ਲੱਖ ਰੁਪਿਆ ਕਮਾਉਂਦੇ ਰਹੇ।

# ਮੌੜ ਮੰਡੀ ਧਮਾਕੇ ਦੇ ਤਾਰ ਸਿਰਸਾ ਨਾਲ ਜੁੜੇ

**ਚੰਡੀਗੜ੍ਹ:** ਮੌੜ ਮੰਡੀ ਧਮਾਕੇ ਵਿਚ ਜ਼ਖਮੀ ਹੋਏ ਇਕ ਹੋਰ ਬੱਚੇ ਦੀ ਲੁਧਿਆਣਾ ਦੇ ਹਸਪਤਾਲ ਵਿਚ ਮੌਤ ਹੋਣ ਮਗਰੋਂ ਧਮਾਕੇ ਦੀ ਯਾਦ ਫਿਰ ਤਾਜ਼ਾ ਹੋ ਗਈ ਹੈ। ਪੰਜਾਬ ਪੁਲਿਸ ਵੱਲੋਂ ਕੀਤੀ ਜਾ ਰਹੀ ਜਾਂਚ ਦੌਰਾਨ ਸ਼ੱਕ ਦੀ ਸੂਈ ਸਿਰਸਾ ਦੇ ਰਹਿਣ ਵਾਲੇ ਇਕ ਵਿਅਕਤੀ ਉਤੇ ਜਾ ਟਿਕੀ ਹੈ। ਹਾਲਾਂਕਿ ਇਹ ਵਿਅਕਤੀ ਕੌਣ ਹੈ, ਇਸ ਦੇ ਜ਼ਿਆਦਾ ਵੇਰਵੇ ਤਾਂ ਨਹੀਂ ਮਿਲੇ, ਪਰ ਪੁਲਿਸ ਨੂੰ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਉਸ ਦਿਨ ਸਿਰਸਾ ਵਿਚ ਕਾਫੀ ਫੋਨ ਕਾਲਿੰਗ ਕੀਤੀਆਂ ਗਈਆਂ।

ਸਿਰਸਾ ਦੇ ਜਿਸ ਵਿਅਕਤੀ ਉਤੇ ਪੰਜਾਬ ਪੁਲਿਸ ਨੂੰ ਸ਼ੱਕ ਹੈ, ਉਹ ਉਨ੍ਹਾਂ 654 ਸ਼ੱਕੀ ਵਿਅਕਤੀਆਂ ਵਿਚੋਂ ਇਕ ਹੈ ਜਿਸ ਨੇ ਉਸ ਦਿਨ ਮਾਰੂਤੀ 800 ਗੱਡੀ ਲਈ ਬੈਟਰੀ ਖਰੀਦੀ ਸੀ। ਧਮਾਕੇ ਲਈ ਮਾਰੂਤੀ 800 ਗੱਡੀ ਦਾ ਹੀ ਇਸਤੇਮਾਲ ਕੀਤਾ ਗਿਆ ਸੀ। ਬੈਟਰੀ ਬਣਾਉਣ ਵਾਲੀ ਕੰਪਨੀ ਦੇ ਰਿਕਾਰਡ ਅਨੁਸਾਰ ਮੌੜ ਇਲਾਕੇ ਦੇ ਚਾਰ ਸੌ ਕਿੱਲੋਮੀਟਰ ਵਿਚ ਕੁੱਲ 654 ਬੈਟਰੀਆਂ ਖਰੀਦੀਆਂ ਗਈਆਂ।

ਬੈਟਰੀਆਂ ਖਰੀਦਣ ਵਾਲੇ 653 ਵਿਅਕਤੀਆਂ ਦੀ ਪੁਲਿਸ ਜਾਂਚ ਕਰ ਚੁੱਕੀ ਹੈ। ਇਨ੍ਹਾਂ ਵਿਚੋਂ ਇਕ ਵਿਅਕਤੀ ਉਤੇ ਹੁਣ ਸ਼ੱਕ ਦੀ ਸੂਈ ਜਾ ਰਹੀ ਹੈ। ਇਹ ਵਿਅਕਤੀ ਸਿਰਸਾ ਦਾ ਰਹਿਣ ਵਾਲਾ ਹੈ। ਜਾਂਚ ਦੌਰਾਨ ਪਤਾ ਲੱਗਾ ਹੈ ਕਿ ਬੈਟਰੀ ਖਰੀਦਣ ਤੋਂ ਬਾਅਦ ਸਿਰਸਾ ਦੇ ਇਸ ਵਿਅਕਤੀ ਨੇ ਕਿਸੇ ਨਾਲ ਫੋਨ ਉਤੇ ਗੱਲਬਾਤ ਕੀਤੀ। ਜਿਸ ਕੰਪਨੀ ਦੀ ਬੈਟਰੀ ਇਸ ਸ਼ੱਕੀ ਵਿਅਕਤੀ ਨੇ ਖਰੀਦੀ ਉਹ ਗੁੜਗਾਉਂ ਦੀ ਕੰਪਨੀ ਦੀ ਬਣੀ ਹੋਈ ਹੈ ਤੇ ਇਸ ਕੰਪਨੀ ਦੀਆਂ ਸਿਰਸਾ ਵਿਚ 13 ਦੁਕਾਨਾਂ, ਬਠਿੰਡਾ, ਡੱਬਵਾਲੀ, ਸਰਦੂਲਗੜ੍ਹ ਤੇ ਕੋਲਿਆਂਵਾਲੀ ਵਿਚ ਉਸ ਦਿਨ ਬੈਟਰੀ ਦੀ ਵਿਕਰੀ ਹੋਈ ਹੈ।

ਕਾਂਗਰਸੀ ਉਮੀਦਵਾਰ ਹਰਮਿੰਦਰ ਜੱਸੀ ਨੂੰ ਧਿਆਨ ਵਿਚ ਰੱਖ ਕੇ ਕੀਤੇ ਗਏ ਇਸ ਧਮਾਕੇ 1992 ਮਾਡਲ ਮਾਰੂਤੀ 800 ਦੀ ਵਰਤੋਂ ਕੀਤੀ ਗਈ ਸੀ। ਧਮਾਕੇ ਵਿਚ ਜੱਸੀ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ ਸਨ। ਯਾਦ ਰਹੇ ਕਿ ਹਰਮਿੰਦਰ ਜੱਸੀ ਦੀ ਡੇਰਾ ਸਿਰਸਾ ਦੇ ਮੁੱਖ ਨਾਲ ਰਿਸ਼ਤੇਦਾਰੀ ਹੈ। ਜੱਸੀ ਦੀ ਬੇਟੀ ਦਾ ਸਿਰਸਾ ਮੁਖੀ ਦੇ ਬੇਟੇ ਨਾਲ ਵਿਆਹ ਹੋਇਆ ਹੈ।

## ਹੁਣ ਆਉਣਗੇ 200 ਰੁਪਏ ਦੇ ਨੋਟ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ ਵੱਲੋਂ 200 ਰੁਪਏ ਦੇ ਨੋਟ ਬਾਜ਼ਾਰ 'ਚ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ 200 ਰੁਪਏ ਦੇ ਇਨ੍ਹਾਂ ਨੋਟਾਂ 'ਚ ਖਾਸ ਵਿਸ਼ੇਸ਼ਤਾਵਾਂ ਹੋਣਗੀਆਂ ਤਾਂ ਕਿ ਇਸ ਤਰ੍ਹਾਂ ਦਾ ਨਕਲੀ ਨੋਟ ਤਿਆਰ ਨਾ ਕੀਤਾ ਜਾ ਸਕੇ।

# ਮੁਲਾਇਮ ਯਾਦਵ ਨੇ ਹਾਰ ਦਾ ਭਾਂਡਾ ਪੁੱਤ ਸਿਰ ਭੰਨਿਆਂ

**ਮੈਨਪੁਰੀ:** ਅਖਿਲੇਸ਼ ਯਾਦਵ ਖਿਲਾਫ਼ ਜਨਤਕ ਤੌਰ 'ਤੇ ਰੋਸਾ ਜ਼ਾਹਿਰ ਕਰਦਿਆਂ ਸਮਾਜਵਾਦੀ ਪਾਰਟੀ ਦੇ ਸਰਪ੍ਰਸਤ ਮੁਲਾਇਮ ਸਿੰਘ ਯਾਦਵ ਨੇ ਕਿਹਾ ਕਿ ਪੁੱਤਰ ਨੇ ਹੀ ਉਨ੍ਹਾਂ



ਦਾ ਅਪਮਾਨ ਕੀਤਾ ਅਤੇ ਲੋਕ ਇਸ ਗੱਲ ਨੂੰ ਸਮਝ ਗਏ 'ਜੋ ਆਪਣੇ ਪਿਤਾ ਦਾ ਨਹੀਂ ਹੋਇਆ, ਉਹ ਕਿਸੇ ਦਾ ਮਿੱਤ ਨਹੀਂ ਹੋ ਸਕਦਾ', ਜਿਸ ਕਾਰਨ ਪਾਰਟੀ ਨੂੰ ਯੂ.ਪੀ. ਅਸੈਂਬਲੀ ਚੋਣਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ।

ਅਖਿਲੇਸ਼ ਨੇ ਆਪਣੇ ਚਾਚੇ ਸ਼ਿਵਪਾਲ ਯਾਦਵ ਨਾਲ ਖਿੱਚੋਤਾਣ ਬਾਅਦ ਸ੍ਰੀ ਮੁਲਾਇਮ ਨੂੰ ਲਾਂਭੇ ਕਰ ਕੇ ਐਸ.ਪੀ. ਸੁਪਰੀਮੋ ਦੀ ਕੁਰਸੀ ਉਤੇ ਕਬਜ਼ਾ ਕਰ ਲਿਆ ਸੀ। ਅਖਿਲੇਸ਼ ਦੀ ਅਗਵਾਈ ਹੇਠ ਲੜੀਆਂ ਯੂ.ਪੀ. ਅਸੈਂਬਲੀ ਚੋਣਾਂ ਵਿਚ ਐਸ.ਪੀ. ਨੂੰ ਕੁੱਲ 403 ਸੀਟਾਂ ਵਿਚੋਂ ਮਹਿਜ਼ 47 ਉਤੇ ਜਿੱਤ ਪ੍ਰਾਪਤ ਹੋਈ ਸੀ। ਸ੍ਰੀ ਮੁਲਾਇਮ ਨੇ ਕਿਹਾ, 'ਮੇਰਾ ਬਹੁਤ ਜ਼ਿਆਦਾ ਅਪਮਾਨ ਹੋਇਆ, ਜਿਸ ਦਾ ਮੈਂ ਆਪਣੀ ਜ਼ਿੰਦਗੀ ਵਿਚ ਕਦੇ ਸਾਹਮਣਾ ਨਹੀਂ ਕੀਤਾ ਸੀ, ਪਰ ਮੈਂ ਬਰਦਾਸ਼ਤ ਕੀਤਾ। ਭਾਰਤ ਵਿਚ ਕਿਸੇ ਵੀ ਪਾਰਟੀ ਦੇ ਆਗੂ ਨੇ ਆਪਣੇ ਜਿਊਂਦੇ ਜੀਅ ਆਪਣੇ ਪੁੱਤਰ ਨੂੰ ਮੁੱਖ ਮੰਤਰੀ ਨਹੀਂ ਬਣਾਇਆ, ਪਰ ਮੈਂ ਅਖਿਲੇਸ਼ ਨੂੰ ਯੂ.ਪੀ. ਦਾ ਮੁੱਖ ਮੰਤਰੀ ਬਣਾਇਆ।' ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਨਾਲ ਗੱਠਜੋੜ ਕਰਨ ਬਾਰੇ ਅਖਿਲੇਸ਼ ਦੇ ਫੈਸਲੇ ਨੂੰ ਵੀ ਗਲਤ ਦੱਸਿਆ। ਯੂ.ਪੀ. ਦੇ ਤਤਕਾਲੀ ਕੈਬਨਿਟ ਮੰਤਰੀ ਸ਼ਿਵਪਾਲ ਯਾਦਵ ਨੂੰ 'ਬਰਖਾਸਤ' ਕਰਨ 'ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਸ੍ਰੀ ਮੁਲਾਇਮ ਨੇ ਕਿਹਾ, 'ਉਸ (ਅਖਿਲੇਸ਼) ਨੇ ਆਪਣੇ ਹੀ ਚਾਚੇ ਨੂੰ ਬਰਤਰਫ ਕਰ ਦਿੱਤਾ, ਜੋ ਬਹੁਤ ਜ਼ਿਆਦਾ ਮਿਹਨਤੀ ਮੰਤਰੀ ਸੀ। ਉਸ ਦਾ ਵੀ ਅਪਮਾਨ ਕੀਤਾ ਗਿਆ।'

# 'ਆਪ' ਆਗੂ ਸੰਜੇ ਸਿੰਘ ਨੂੰ ਔਰਤ ਨੇ ਜੜਿਆ ਥੱਪੜ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਕੌਮੀ ਆਗੂ ਸੰਜੇ ਸਿੰਘ ਦੇ ਦਿੱਲੀ ਵਿਚ ਰੋਡ ਸ਼ੋਅ ਦੌਰਾਨ ਇਕ ਮਹਿਲਾ ਨੇ ਹੰਗਾਮਾ ਕਰ ਦਿੱਤਾ। ਹੰਗਾਮਾ ਉਸ ਸਮੇਂ ਹੋਇਆ ਜਦੋਂ ਨਗਰ ਨਿਗਮ ਚੋਣਾਂ ਲਈ ਸੰਜੇ ਸਿੰਘ ਵੈਸਟ ਦਿੱਲੀ ਦੇ ਤਿਲਕ ਨਗਰ ਇਲਾਕੇ ਵਿਚ ਪਹੁੰਚੇ। ਮੀਡੀਆ ਖਬਰਾਂ ਅਨੁਸਾਰ ਸਬੰਧਤ ਮਹਿਲਾ ਨੇ ਸੰਜੇ ਸਿੰਘ ਦੇ ਥੱਪੜ ਮਾਰਿਆ।

ਮੌਕੇ ਉਤੇ ਪਹੁੰਚ ਕੇ ਵਿਧਾਇਕ ਜਰਨੈਲ ਸਿੰਘ ਤੇ ਹੋਰ ਲੋਕਾਂ ਨੇ ਹੰਗਾਮੇ ਨੂੰ ਸ਼ਾਂਤ ਕੀਤਾ। ਦੱਸਿਆ ਜਾ ਰਿਹਾ ਹੈ ਕਿ ਮਹਿਲਾ ਟਿਕਟ ਲਈ ਪੈਸੇ ਮੰਗੇ ਜਾਣ ਤੋਂ ਨਾਰਾਜ਼ ਸੀ। ਇਸ ਦੌਰਾਨ 'ਆਪ' ਵਿਧਾਇਕ ਜਰਨੈਲ ਸਿੰਘ ਨੇ ਪੁਲਿਸ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਹੈ। ਪੁਲਿਸ ਮਹਿਲਾ ਕੋਲੋਂ ਪੁੱਛਗਿੱਛ ਕਰ ਰਹੀ ਹੈ। ਮਹਿਲਾ ਵੱਲੋਂ ਕੀਤੇ ਗਏ ਹੰਗਾਮਾ ਦਾ ਵੀਡੀਓ ਵੀ ਵਾਇਰਲ ਹੋ ਰਿਹਾ ਹੈ।

## ਗੁਰਦੁਆਰੇ 'ਚ ਜਬਰ ਜਨਾਹ ਦੀ ਕੋਸ਼ਿਸ਼

**ਗਰੇਸ਼ਮ ਸਿਟੀ, ਓਰੇਗਾਨ:** ਇਥੋਂ ਦੇ ਗੁਰਦੁਆਰੇ 'ਚ ਇਕ ਔਰਤ ਉਤੇ ਹਮਲਾ ਕਰ ਕੇ ਉਸ ਨੂੰ ਛੇੜਨ ਤੇ ਜਬਰ ਜਨਾਹ ਦੀ ਕੋਸ਼ਿਸ਼ ਕਰਨ ਦੇ ਦੋਸ਼ 'ਚ ਇਕ 37 ਸਾਲਾ ਅਮਰੀਕੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਨਸ਼ੇ 'ਚ ਧੁੱਤ ਟਿਮੋਥੀ ਵਾਲਟਰ ਸਕਿਮਦਿਤ ਨਾਂ ਦਾ ਅਮਰੀਕੀ ਨਾਗਰਿਕ ਗੁਰਦੁਆਰੇ ਨੇੜੇ ਟਹਿਲ ਰਿਹਾ ਸੀ। ਉਸ ਨੇ ਗੁਰਦੁਆਰਾ ਸਾਹਿਬ 'ਚ ਵਾਸ਼ਰੂਮ ਵਰਤਣ ਦੀ ਇਜਾਜ਼ਤ ਮੰਗੀ। ਇਜਾਜ਼ਤ ਮਿਲਣ 'ਤੇ ਜਦੋਂ ਉਹ ਗੁਰਦੁਆਰੇ ਅੰਦਰ ਗਿਆ ਤਾਂ ਉਸ ਨੇ 26 ਸਾਲਾ ਔਰਤ ਉਤੇ ਹਮਲਾ ਕਰ ਦਿੱਤਾ। ਔਰਤ ਦੀਆਂ ਚੀਕਾਂ ਸੁਣਨ 'ਤੇ ਗੁਰਦੁਆਰਾ ਕਮੇਟੀ ਦੇ ਮੈਂਬਰ ਨੇ ਸਕਿਮਦਿਤ ਕੋਲੋਂ ਔਰਤ ਨੂੰ ਛੁਡਾਇਆ ਅਤੇ ਪੁਲਿਸ ਦੇ ਆਉਣ ਤੱਕ ਫੜੀ ਰੱਖਿਆ।

# ਬਾਬਰੀ ਮਸਜਿਦ: ਭਾਜਪਾ ਦੀ 'ਕਾਹਲੀ' ਕੰਮ ਨਾ ਆਈ

**ਨਵੀਂ ਦਿੱਲੀ:** ਭਾਜਪਾ ਆਗੂ ਸੁਬਰਾਮਣੀਅਨ ਸਵਾਮੀ ਨੂੰ ਉਦੋਂ ਨਮੋਸ਼ੀ ਹੋਈ ਜਦੋਂ ਸੁਪਰੀਮ ਕੋਰਟ ਨੇ ਬਾਬਰੀ ਮਸਜਿਦ-ਰਾਮ ਜਨਮ ਭੂਮੀ ਵਿਵਾਦ ਨਾਲ ਸਬੰਧਤ ਅਪੀਲਾਂ ਦੀ ਛੇਤੀ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ। ਅਦਾਲਤ ਨੇ ਕਿਹਾ ਕਿ ਇਸ ਨੂੰ ਇਹ ਗਲਤ ਪ੍ਰਭਾਵ ਸੀ ਕਿ ਸ੍ਰੀ ਸਵਾਮੀ ਇਸ ਮਾਮਲੇ 'ਚ ਧਿਰ ਹਨ ਤੇ ਇਕ ਦਖਲ ਦੇਣ ਵਾਲੇ ਨਹੀਂ ਹਨ।

ਬੀਤੀ 21 ਮਾਰਚ ਨੂੰ ਮਾਮਲੇ ਦੇ ਅਦਾਲਤ ਤੋਂ ਬਾਹਰ ਨਿਬੇੜੇ ਦਾ ਸੁਝਾਅ ਅਤੇ ਇਸ ਸਬੰਧੀ ਵਿਚੋਲਗੀ ਦੀ ਪੇਸ਼ਕਸ਼ ਕਰਨ ਵਾਲੇ ਚੀਫ ਜਸਟਿਸ ਜੇ.ਐਸ. ਖੇਹਰ ਨੇ ਸ੍ਰੀ ਸਵਾਮੀ ਨੂੰ ਦੱਸਿਆ ਕਿ ਬੈਂਚ ਨੂੰ ਮੀਡੀਆ ਰਾਹੀਂ ਪਤਾ ਲੱਗਾ ਕਿ ਉਹ ਇਸ ਮਾਮਲੇ ਵਿਚ ਧਿਰ ਨਹੀਂ ਹਨ, ਸਗੋਂ ਸਿਰਫ ਦਖਲ ਦੇਣ ਵਾਲੇ ਹਨ। ਬੈਂਚ ਵਿਚ ਸ਼ਾਮਲ ਦੂਜੇ ਜਸਟਿਸ ਡੀ.ਵਾਈ. ਚੰਦਰਚੂੜ ਨੇ ਕਿਹਾ, 'ਫਿਲਹਾਲ ਸਾਡੇ ਕੋਲ ਵਕਤ ਨਹੀਂ ਹੈ। ਅਸੀਂ ਤੁਹਾਡੀ ਸੁਣਵਾਈ ਨਹੀਂ ਕਰ ਸਕਦੇ।' ਜਦੋਂ ਸ੍ਰੀ ਸਵਾਮੀ ਨੇ ਆਪਣੀ ਅੰਤਰਿਮ ਅਪੀਲ ਨੂੰ ਛੇਤੀ ਸੁਣਵਾਈ ਲਈ ਰੱਖੇ ਜਾਣ ਦੀ ਬੇਨਤੀ ਕੀਤੀ ਤਾਂ ਬੈਂਚ ਨੇ ਕਿਹਾ, 'ਤੁਸੀਂ ਸਾਨੂੰ ਨਹੀਂ ਦੱਸਿਆ ਕਿ ਤੁਸੀਂ ਕੇਸ ਵਿਚ ਧਿਰ ਨਹੀਂ ਹੋ। ਸਾਨੂੰ ਇਹ ਜਾਣਕਾਰੀ ਪ੍ਰੈੱਸ ਤੋਂ ਮਿਲੀ ਹੈ।' ਸ੍ਰੀ ਸਵਾਮੀ ਨੇ ਕਿਹਾ, 'ਮੈਂ ਇਕ ਦਖਲਕਰਤਾ ਹੀ ਹਾਂ। ਮੇਰੀ ਜਾਇਦਾਦ ਵਿਚ ਦਿਲਚਸਪੀ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਮਾਮਲਾ ਛੇਤੀ ਤੋਂ ਛੇਤੀ ਹੱਲ ਹੋ ਜਾਵੇ। ਮੈਂ ਚਾਹੁੰਦਾ ਹਾਂ ਕਿ ਮੇਰੇ ਅਕੀਦੇ ਦੀ ਰਾਖੀ ਹੋਵੇ।'

ਅਦਾਲਤ ਨੇ ਸਾਫ ਕਰ ਦਿੱਤਾ ਕਿ ਇਹ ਮਾਮਲੇ ਦੀ ਫਾਸਟ ਟਰੈਕ ਸੁਣਵਾਈ ਨਹੀਂ ਕਰ ਸਕਦੀ ਕਿਉਂਕਿ ਇਸ ਕੋਲ ਸਮਾਂ ਨਹੀਂ ਹੈ। ਇਸ ਉਤੇ ਸ੍ਰੀ ਸਵਾਮੀ ਨੇ ਕਿਹਾ ਕਿ ਉਹ ਖੁਸ਼ ਨਹੀਂ ਹਨ, ਤਾਂ ਬੈਂਚ ਨੇ ਮੋੜਵਾਂ ਜਵਾਬ ਦਿੰਦਿਆਂ ਕਿਹਾ, 'ਤਾਂ ਖੁਸ਼ ਨਾ ਹੋਵੋ।' ਗੌਰਤਲਬ ਹੈ ਕਿ ਮਾਮਲੇ ਦੇ ਪਹਿਲੇ ਮੁਕੱਦਮੇਬਾਜ਼ ਮੁਹੰਮਦ ਹਾਸ਼ਿਮ ਅੰਸਾਰੀ ਦੇ ਪੁੱਤਰ ਨੇ ਵੀ ਅਦਾਲਤ ਨੂੰ ਚਿੱਠੀ ਲਿਖ ਕੇ ਬੇਨਤੀ ਕੀਤੀ ਸੀ ਕਿ ਸ੍ਰੀ ਸਵਾਮੀ ਦੀ ਬੇਨਤੀ ਉਤੇ ਗੌਰ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਸਵਾਮੀ ਨੇ ਸਬੰਧਤ ਧਿਰਾਂ ਨੂੰ ਇਹ ਜਾਣਕਾਰੀ ਨਹੀਂ ਦਿੱਤੀ ਕਿ ਉਨ੍ਹਾਂ ਨੇ ਮਾਮਲੇ ਦੀ ਛੇਤੀ ਸੁਣਵਾਈ ਦੀ ਅਪੀਲ ਪਾਈ ਹੈ।



# 1984 'ਚ 25 ਸਿੱਖਾਂ ਦੇ ਕਤਲ ਨਾਲ ਸਬੰਧਤ 5 ਕੇਸ ਮੁੜ ਖੁੱਲ੍ਹਣਗੇ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਸਿੱਖ ਕਤਲੇਆਮ ਦੌਰਾਨ ਦਿੱਲੀ ਕੈਂਟ ਦੇ ਰਾਜ ਨਗਰ ਇਲਾਕੇ ਵਿਚ ਹੋਏ 25 ਸਿੱਖਾਂ ਦੇ ਕਤਲ ਨਾਲ ਸਬੰਧਤ ਐਫ.ਆਈ.ਆਰ.ਨੰਬਰ 416/84 ਵਿਚ ਸ਼ਾਮਲ 5 ਕੇਸਾਂ ਨੂੰ ਮੁੜ ਖੋਲ੍ਹਣ ਦਾ ਹੁਕਮ ਦਿੱਤਾ ਹੈ। ਜਸਟਿਸ ਗੀਤਾ ਮਿੱਤਲ ਅਤੇ ਅਨੂ ਮਲਹੋਤਰਾ ਦੀ ਬੈਂਚ ਨੇ ਕੇਸ ਦੀ ਸੁਣਵਾਈ ਦੌਰਾਨ ਇਸ ਸਬੰਧੀ ਦਿੱਲੀ ਪੁਲਿਸ ਨੂੰ ਆਦੇਸ਼ ਦਿੱਤਾ। ਨਵੰਬਰ 1984 'ਚ ਰਾਜ ਨਗਰ ਵਿਚ 25 ਸਿੱਖਾਂ ਦੇ ਕਤਲ ਸਬੰਧੀ ਦਿੱਲੀ ਕੈਂਟ ਥਾਣੇ ਵਿਖੇ ਐਫ.ਆਈ.ਆਰ. ਦਰਜ ਕਰਨ ਲਈ ਅਰਜ਼ੀਆਂ ਦਿੱਤੀਆਂ ਗਈਆਂ ਸਨ, ਜਿਸ 'ਤੇ ਦਿੱਲੀ ਪੁਲਿਸ ਨੇ ਗੋਲਮੋਲ ਕਾਰਵਾਈ ਕਰਦੇ ਹੋਏ ਐਫ.ਆਈ.ਆਰ. ਨੰਬਰ 416/84 'ਚ ਸਾਰੀਆਂ ਸ਼ਿਕਾਇਤਾਂ ਨੱਥੀ ਕਰ ਦਿੱਤੀਆਂ ਸਨ, ਜਿਸ 'ਚੋਂ ਸਿਰਫ 5 ਸ਼ਿਕਾਇਤਾਂ ਉਤੇ ਹੇਠਲੀ ਅਦਾਲਤ 'ਚ ਦਿੱਲੀ ਪੁਲਿਸ ਨੇ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਸੀ।

ਬਾਅਦ 'ਚ ਪੁਲਿਸ ਵੱਲੋਂ ਗਵਾਹਾਂ ਦੇ ਨਾ ਮਿਲਣ ਦਾ ਹਵਾਲਾ ਦੇਣ ਉਪਰੰਤ ਹੇਠਲੀ ਅਦਾਲਤ ਨੇ ਦੋਸ਼ੀਆਂ ਨੂੰ ਦੋਸ਼ ਮੁਕਤ ਕਰ ਦਿੱਤਾ ਸੀ। 2000 ਵਿਖੇ ਐਨ.ਡੀ.ਏ. ਸਰਕਾਰ ਵੱਲੋਂ ਬਣਾਏ ਗਏ ਨਾਨਾਵਤੀ ਕਮਿਸ਼ਨ ਕੋਲ ਵੀ ਦਿੱਲੀ ਪੁਲਿਸ ਦੀ ਇਸ ਕਾਰਵਾਈ ਬਾਰੇ ਪੀੜਤਾਂ ਨੇ ਆਪਣਾ ਵਿਰੋਧ ਦਰਜ ਕਰਾਇਆ ਸੀ। 5 ਸਾਲ ਤੱਕ ਚੱਲੇ ਕਮਿਸ਼ਨ ਨੇ 2005 ਵਿਖੇ ਉਕਤ 5 ਕੇਸਾਂ ਨੂੰ ਮੁੜ ਤੋਂ ਖੋਲ੍ਹਣ ਦਾ ਆਦੇਸ਼ ਦਿੱਤਾ ਸੀ। ਦਿੱਲੀ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਇਨ੍ਹਾਂ ਪੰਜਾਂ ਕੇਸਾਂ ਨਾਲ ਸਬੰਧਤ ਕਾਂਗਰਸੀ ਆਗੂ ਸੱਜਣ ਕੁਮਾਰ ਅਤੇ ਉਸ ਦੇ ਸਾਥੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਪੂਰੀ ਤਾਕਤ ਲਗਾਉਣ ਦਾ ਦਾਅਵਾ ਕੀਤਾ ਅਤੇ ਆਖਿਆ ਕਿ ਦਿੱਲੀ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਯਤਨਾਂ ਸਦਕਾ ਹੀ ਹਾਈ ਕੋਰਟ ਨੇ ਉਕਤ ਕੇਸਾਂ ਨੂੰ ਮੁੜ ਖੋਲ੍ਹਣ ਦਾ ਆਦੇਸ਼ ਦਿੱਤਾ ਹੈ।

## ਟਾਈਟਲਰ ਵੱਲੋਂ ਸੱਚ-ਝੂਠ ਦਾ ਟੈਸਟ ਦੇਣ ਤੋਂ ਨਾਂਹ

**ਨਵੀਂ ਦਿੱਲੀ:** ਕਾਂਗਰਸ ਦੇ ਆਗੂ ਜਗਦੀਸ਼ ਟਾਈਟਲਰ ਨੇ ਦਿੱਲੀ ਸਿੱਖ ਕਤਲੇਆਮ ਸਬੰਧੀ ਝੂਠ ਫੜਨ ਵਾਲੀ (ਲਾਈ ਡਿਟੈਕਟਰ) ਮਸ਼ੀਨ ਰਾਹੀਂ ਟੈਸਟ ਦੇਣ ਤੋਂ ਨਾਂਹ ਕਰ ਦਿੱਤੀ ਹੈ। ਅਦਾਲਤ ਵਿਚ ਉਸ ਨੇ ਇਸ ਟੈਸਟ ਨੂੰ ਜ਼ੁਲਮ ਭਰੀ ਕਾਰਵਾਈ ਕਰਾਰ ਦਿੱਤਾ ਹੈ। ਗੌਰਤਲਬ ਹੈ ਕਿ ਸੀ.ਬੀ.ਆਈ. ਵੱਲੋਂ ਟਾਈਟਲਰ ਨੂੰ ਕਤਲੇਆਮ ਦੇ ਮਾਮਲੇ ਵਿਚ ਕਲੀਨ-ਚਿੱਟ ਦਿੱਤੀ ਜਾ ਚੁੱਕੀ ਹੈ।

ਟਾਈਟਲਰ ਦੇ ਵਕੀਲ ਨੇ ਇਹ ਕਹਿੰਦਿਆਂ ਟੈਸਟ ਦਾ ਵਿਰੋਧ ਕੀਤਾ ਕਿ ਸੀ.ਬੀ.ਆਈ. ਨੇ ਇਹ ਟੈਸਟ ਕਰਾਉਣ ਲਈ ਕੋਈ ਕਾਰਨ ਨਹੀਂ ਦੱਸਿਆ। ਵਕੀਲ ਨੇ ਅਜਿਹਾ ਟੈਸਟ ਕਰਾਉਣ ਲਈ ਸੀ.ਬੀ.ਆਈ. ਦੀ ਅਪੀਲ ਨੂੰ 'ਕਾਨੂੰਨ ਦੀ ਭਾਰੀ ਦੁਰਵਰਤੋਂ" ਅਤੇ 'ਗਲਤ ਇਰਾਦੇ' ਨਾਲ ਦਾਇਰ ਕੀਤੀ ਗਈ ਕਰਾਰ ਦਿੱਤਾ ਹੈ। ਉਨ੍ਹਾਂ ਦਿੱਲੀ ਕਤਲੇਆਮ ਸ਼ੁਰੂ ਹੋਣ ਤੋਂ ਲੈ ਕੇ ਅਜੋਕੇ ਸਮੇਂ ਤੱਕ ਦੀਆਂ ਘਟਨਾਵਾਂ ਦੀ ਇਕ ਸੂਚੀ ਵੀ ਅਦਾਲਤ ਵਿਚ ਪੇਸ਼ ਕੀਤੀ। ਪੀੜਤਾਂ ਦੇ ਵਕੀਲ ਨੇ ਕਿਹਾ ਕਿ ਉਹ ਇਸ ਸੂਚੀ ਦਾ ਜਵਾਬ ਦੇਣਗੇ। ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਸ਼ਿਵਾਲੀ ਸ਼ਰਮਾ ਨੇ ਸੀ.ਬੀ.ਆਈ. ਦੀ ਟਾਈਟਲਰ ਤੇ ਹਥਿਆਰਾਂ ਦੇ ਕਾਰੋਬਾਰੀ ਅਭਿਸ਼ੇਕ ਵਰਮਾ ਦਾ ਲਾਈ ਡਿਟੈਕਟਰ ਟੈਸਟ ਕਰਾਉਣ ਦੀ ਅਪੀਲ ਉਤੇ ਬਹਿਸ ਲਈ ਅਗਲੀ ਸੁਣਵਾਈ 18 ਅਪਰੈਲ ਨੂੰ ਮੁਕੱਰਰ ਕੀਤੀ ਹੈ।

# ਜਸਟਿਸ ਸੋਢੀ ਵੱਲੋਂ ਕਤਲੇਆਮ ਨਾਲ ਸਬੰਧਤ ਕੇਸਾਂ ਬਾਰੇ ਸਵਾਲ

**ਨਵੀਂ ਦਿੱਲੀ:** ਕੀ 1984 ਵਿਚ ਵਾਪਰੇ ਸਾਕਿਆਂ, ਅੰਮ੍ਰਿਤਸਰ ਸਥਿਤ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ, ਅਰਥਾਤ ਨੀਲਾ ਤਾਰਾ ਸਾਕੇ ਤੇ ਨਵੰਬਰ 84 ਦੌਰਾਨ ਦੇਸ਼ ਭਰ ਵਿਚ ਹੋਏ ਸਿੱਖ ਕਤਲੇਆਮ ਵਿਚ ਮਾਰੇ ਗਏ ਹਜ਼ਾਰਾਂ ਸਿੱਖਾਂ ਤੇ ਉਨ੍ਹਾਂ ਦੀ ਅਰਬਾਂ-ਖਰਬਾਂ ਦੀਆਂ ਲੁੱਟੀਆਂ ਤੇ ਸਾੜੀਆਂ ਗਈਆਂ ਚੱਲ ਤੇ ਅਚਲ ਜਾਇਦਾਦਾਂ ਆਦਿ ਦੇ ਮੁੱਦੇ ਸ਼ਾਇਦ ਪੰਜਾਬ 'ਚ ਖਤਮ ਹੋ ਕੇ ਰਹਿ ਗਏ ਹਨ? ਇਹ ਸਵਾਲ ਦਿੱਲੀ ਹਾਈ ਕੋਰਟ ਦੇ ਸਾਬਕਾ ਜਸਟਿਸ ਆਰ.ਐਸ. ਸੋਢੀ ਨੇ ਪੰਜਾਬ ਵਿਧਾਨ ਸਭਾ ਦੇ ਚੋਣ ਨਤੀਜਿਆਂ 'ਤੇ ਟਿੱਪਣੀ ਕਰਦਿਆਂ ਉਠਾਇਆ। ਉਨ੍ਹਾਂ ਆਪ ਹੀ ਆਪਣੇ ਇਸ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਕਾਂਗਰਸ ਦੀ



ਹੋਈ ਰਿਕਾਰਡ ਜਿੱਤ ਅਤੇ ਬੀਤੇ 33 ਵਰ੍ਹਿਆਂ ਤੋਂ ਇਨ੍ਹਾਂ ਹੀ ਮੁੱਦਿਆਂ ਨੂੰ ਭੁਨਾਉਂਦੇ ਚਲੇ ਆ ਰਹੇ ਅਕਾਲੀ ਦਲ ਅਤੇ ਭਾਜਪਾ ਗਠਜੋੜ ਦੀ ਨਮੋਸ਼ੀ ਭਰੀ ਹਾਰ ਤੋਂ ਤਾਂ ਅਜਿਹਾ ਹੀ ਲੱਗਦਾ ਹੈ।

ਜਸਟਿਸ ਸੋਢੀ ਨੇ ਕਿਹਾ ਕਿ ਹੁਣ ਜਦ ਪੰਜਾਬ ਵਿਧਾਨ ਸਭਾ ਚੋਣਾਂ 'ਚ '84 ਦੇ ਸਾਕਿਆਂ ਦੇ ਨਾਂ ਉਤੇ ਕਿਸੇ ਵੀ ਪਾਰਟੀ ਨੂੰ ਰਾਜਸੀ ਲਾਭ ਨਾ ਹੋ ਸਕਣ ਦੀ ਸਥਿਤੀ ਨੂੰ ਵੇਖਦਿਆਂ ਭਾਵੇਂ ਇਨ੍ਹਾਂ ਸਾਕਿਆਂ, ਵਿਸ਼ੇਸ਼ ਰੂਪ ਵਿਚ ਨਵੰਬਰ '84 ਦੇ ਦੋਸ਼ੀਆਂ ਨੂੰ ਸਜ਼ਾ ਦਵਾਏ ਜਾਣ ਲਈ ਅਦਾਲਤੀ ਲੜਾਈ ਜਾਰੀ ਰੱਖੀ ਜਾਏ, ਪਰ ਇਸ ਦੇ ਨਾਂ 'ਤੇ ਸਿੱਖਾਂ ਦੀਆਂ ਭਾਵਨਾਵਾਂ ਦਾ ਰਾਜਸੀ ਅਤੇ ਆਰਥਕ ਸੋਸ਼ਣ ਹੁਣ ਬੰਦ ਹੋ ਜਾਣਾ ਚਾਹੀਦਾ ਹੈ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਦਾ ਤਾਂ ਇਹੀ ਸੰਦੇਸ਼ ਹੈ।

# ਦਿੱਲੀ ਕਮੇਟੀ ਦੀ ਕਮਾਨ ਮੁੜ ਜੀ.ਕੇ. ਹੱਥ ਆਈ

**ਨਵੀਂ ਦਿੱਲੀ:** ਸਿੱਖਾਂ ਦੀ ਦੂਜੀ ਵੱਡੀ ਧਾਰਮਿਕ ਸੰਸਥਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਮ ਇਜਲਾਸ ਦੌਰਾਨ ਕਾਰਜਕਾਰਨੀ ਦੇ ਗਠਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹੀ ਪੁੱਗੀ। ਉਨ੍ਹਾਂ ਵੱਲੋਂ ਭੇਜੇ ਆਬਜ਼ਰਵਰ ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਦਿੱਤੀ ਸੂਚੀ ਮੁਤਾਬਕ ਹੀ ਦਿੱਲੀ ਕਮੇਟੀ ਦੇ ਅਹੁਦੇਦਾਰ ਚੁਣੇ ਗਏ।



ਦਿੱਲੀ ਕਮੇਟੀ ਦੇ ਕਾਨਫਰੰਸ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੇ ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਦੀ ਨਿਗਰਾਨੀ ਹੇਠ ਸਰਬਸੰਮਤੀ ਨਾਲ ਮਨਜੀਤ ਸਿੰਘ ਜੀ.ਕੇ. ਨੂੰ ਪ੍ਰਧਾਨ, ਹਰਮੀਤ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਹਰਮਨਜੀਤ ਸਿੰਘ ਨੂੰ ਮੀਤ ਪ੍ਰਧਾਨ, ਮਨਜਿੰਦਰ ਸਿੰਘ ਸਿਰਸਾ ਨੂੰ ਜਨਰਲ ਸਕੱਤਰ ਤੇ ਅਮਰਜੀਤ ਸਿੰਘ ਪੱਪੂ ਨੂੰ ਸੰਯੁਕਤ ਸਕੱਤਰ ਬਣਾਇਆ ਗਿਆ। ਕਾਰਜਕਾਰਨੀ ਮੈਂਬਰਾਂ ਵਿਚ ਹਰਿੰਦਰਪਾਲ ਸਿੰਘ, ਕੁਲਵੰਤ ਸਿੰਘ ਬਾਠ, ਗੁਰਮੀਤ ਸਿੰਘ ਮੀਤਾ, ਚਮਨ ਸਿੰਘ, ਜਸਬੀਰ ਸਿੰਘ ਜੱਸੀ, ਹਰਵਿੰਦਰ ਸਿੰਘ ਕੇ.ਪੀ., ਪਰਮਜੀਤ ਸਿੰਘ ਚੰਡੋਕ, ਅਮਰਜੀਤ ਸਿੰਘ ਪਿੰਕੀ, ਐਮ.ਪੀ.ਐਸ. ਚੱਢਾ ਤੇ ਤਰਵਿੰਦਰ ਸਿੰਘ ਮਰਵਾਹ ਸ਼ਾਮਲ ਹਨ। ਮਨਜੀਤ ਸਿੰਘ ਜੀ.ਕੇ. ਦਾ ਨਾਂ ਪ੍ਰਧਾਨ ਵਜੋਂ ਅਵਤਾਰ ਸਿੰਘ ਹਿੱਤ ਨੇ ਪੇਸ਼ ਕੀਤਾ, ਜਿਸ ਦਾ ਸਮਰਥਨ ਉਂਕਾਰ ਸਿੰਘ ਥਾਪਰ ਨੇ ਕੀਤਾ। ਵਿਰੋਧੀ ਧਿਰ ਵਿਚੋਂ ਜੰਗਪੁਰਾ ਤੋਂ ਮੈਂਬਰ ਤਰਵਿੰਦਰ ਸਿੰਘ ਮਰਵਾਹ ਨੂੰ ਕਾਰਜਕਾਰਨੀ ਵਿਚ ਥਾਂ ਦਿੱਤੀ ਗਈ। ਕਮੇਟੀ ਵੱਲੋਂ ਸਿੱਖਿਆ, ਧਾਰਮਿਕ ਖੇਤਰ ਵਿਚ ਕੰਮ ਕਰਨ ਤੇ ਗੁਰੂ ਦੇ ਦਿਹਾੜੇ ਪਹਿਲਾਂ ਵਾਂਗ ਜੋਸ਼ੋ-ਖਰੋਸ਼ ਨਾਲ ਮਨਾਉਣ ਦਾ ਅਹਿਦ ਲਿਆ।

ਸੀਨੀਅਰ ਆਗੂ ਉਂਕਾਰ ਸਿੰਘ ਥਾਪਰ ਨੂੰ ਕੌਮੀ ਪੱਧਰ ਦਾ ਸੀਨੀਅਰ ਮੀਤ ਪ੍ਰਧਾਨ ਬਣਾ ਕੇ ਤੇ ਅਵਤਾਰ ਸਿੰਘ ਹਿੱਤ ਨੂੰ ਕੌਮੀ ਕੋਰ ਕਮੇਟੀ ਵਿਚ ਸ਼ਾਮਲ ਕਰ ਕੇ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ। ਮਨਜੀਤ ਸਿੰਘ ਜੀ.ਕੇ. ਗੁੱਟ ਮਨਜਿੰਦਰ ਸਿੰਘ ਸਿਰਸਾ ਨੂੰ ਜਨਰਲ ਸਕੱਤਰ ਬਣਾਉਣ ਦੇ ਹੱਕ ਵਿਚ ਨਹੀਂ ਦੱਸਿਆ ਜਾ ਰਿਹਾ ਸੀ, ਪਰ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ ਮੁਤਾਬਕ ਹੀ ਸ੍ਰੀ ਸਿਰਸਾ ਨੂੰ ਜਨਰਲ ਸਕੱਤਰ ਬਣਾਇਆ ਗਿਆ। ਤੀਜੀ ਵਾਰ ਪ੍ਰਧਾਨ ਬਣਨ ਮਗਰੋਂ ਮਨਜੀਤ ਸਿੰਘ ਜੀ.ਕੇ. ਨੇ ਹਰਿਦੁਆਰ ਵਿਚ ਗਿਆਨ ਗੋਦੜੀ ਗੁਰਦੁਆਰੇ ਨੂੰ ਮੁੜ ਸਥਾਪਤ ਕਰਨ ਲਈ ਸਿਆਸੀ ਤੇ ਕਾਨੂੰਨੀ ਲੜਾਈ ਲੜਨ, ਜਗਨਨਾਥ ਪੁਰੀ ਵਿਚ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਤ ਕੀਤੀ ਬਾਉਲੀ ਦਾ ਕਬਜ਼ਾ ਇਕ ਮਹੰਤ ਤੋਂ ਲੈਣ ਦਾ ਐਲਾਨ ਕੀਤਾ।

ਮੁੱਖ ਵਿਰੋਧੀ ਧਿਰ ਅਕਾਲੀ ਦਲ (ਦਿੱਲੀ) ਦਾ ਇਕ ਵੀ ਮੈਂਬਰ ਕਾਰਜਕਾਰਨੀ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਸ ਧੜੇ ਦੇ ਬਲਦੇਵ ਸਿੰਘ ਰਾਣੀਬਾਗ ਨੇ ਕਾਰਜਕਾਰਨੀ ਲਈ ਆਪਣਾ ਨਾਂ ਦਿੱਤਾ, ਪਰ ਜਦੋਂ ਉਨ੍ਹਾਂ ਦੀ ਚੋਣ ਲਈ ਵੋਟਾਂ ਪਾਉਣ ਦਾ ਗੱਲ ਆਈ ਤਾਂ ਸ੍ਰੀ ਰਾਣੀਬਾਗ ਨੇ ਆਪਣਾ ਨਾਂ ਵਾਪਸ ਲੈ ਲਿਆ ਕਿਉਂਕਿ ਵੋਟਾਂ ਪੈਣ ਦੀ ਸੂਰਤ ਵਿਚ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਸੀ। ਸਰਨਾ ਧੜੇ ਦੇ ਜਿੱਤੇ ਕੁੱਲ ਸੱਤ ਵਿਚੋਂ ਦੋ ਮੈਂਬਰ ਪਹਿਲਾਂ ਹੀ ਬਾਦਲ ਧੜੇ ਨਾਲ ਜਾ ਰਲੇ ਹਨ। ਇਸ ਕਰ ਕੇ ਇਕ ਆਜ਼ਾਦ ਮੈਂਬਰ ਤਰਵਿੰਦਰ ਸਿੰਘ ਮਰਵਾਹ ਨੂੰ ਕਾਰਜਕਾਰਨੀ ਵਿਚ ਸ਼ਾਮਲ ਕੀਤਾ ਗਿਆ।


Singh Tax & Accounting Services LLC.
Individual & Business Taxes, Accounting, Payroll & Financial Consulting Services.
File your taxes on time, Tax planning, start new business, to resolve tax related matters with IRS. Free consultation for tax matters. Translation from Punjabi to English and Notary Services.
ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph:248-982-2036
Fax:616-855-5575

Mohan Singh M.COM, MBA (Finance), ACA
Master in Taxation.
IRS Enrolled agent,
Notary Public
Office Locations
38969 Cheshire Dr., Northville, MI 48167
38565 Joy Rd., Westland, MI 48185
Email : jhand_mohan@yahoo.com; or info@SinghTaxServices.com
For More Detail check our web site at :www.SinghTaxServices.com



P.T.T. ਪਲੈਜ਼ੈਂਟ ਟਰੈਵਲ ਐਂਡ ਟੂਰਜ਼
Pleasant Travel & Tours
6257 N. Clark Street, Chicago, IL 60660
Serving Community For Over 25 Years
Fly to Any Destination with the Best Price
Chicago-Amritsar = $ 795.00
Chicago-Delhi = $695.00
Chicago-Mumbai = $ 695.00
Restriction do apply
Ph:773-508-1927
ਘੱਟ ਤੋਂ ਘੱਟ ਰੇਟ 'ਤੇ ਹਵਾਈ ਟਿਕਟਾਂ
Pleasanttravel@hotmail.com
www.pleasanttravelchicago.com
TURKISH AIRLINES ETIHAD AIRWAYS QATAR AIRWAYS Emirates



Singh Brothers Remodeling
¤Flooring ¤Roofing
¤Kitchen Cabinets
¤Granite Countertop
¤Basements ¤Siding
¤Windows ¤Painting
¤Gutter Leaf Guard
ਬਿਹਤਰੀਨ ਸਰਵਿਸ, ਬਹੁਤ ਹੀ ਵਾਜਬ ਰੇਟ
ਟਾਈਮ ਦੇ ਪੂਰੇ ਪਾਬੰਦ


Contact
Jasdev Singh or Raghbir Singh
Ph: 630-379-8202
630-644-7510
E-mail: singhbrothersremodeling@gmail.com

Jasdev Singh

# ਸਾਂਝੇ ਪੰਜਾਬ ਦੀ ਸੁਰ

## ਜ਼ੁਬੈਦਾ ਖਾਨੁਮ ਨੂੰ ਯਾਦ ਕਰਦਿਆਂ



ਕਲਾ ਪਰਿਕਰਮਾ

**ਬਲਵਿੰਦਰ ਸਿੰਘ ਭੁੱਲਰ**
ਫੋਨ: +91-98882-75913

ਹਿੰਦੁਸਤਾਨ ਦੀ ਵੰਡ ਨੇ ਜਿਥੇ ਮੁਲਕ ਨੂੰ ਦੋ ਭਾਗਾਂ- ਭਾਰਤ ਤੇ ਪਾਕਿਸਤਾਨ ਵਿਚ ਵੰਡ ਦਿੱਤਾ, ਉਥੇ ਸਾਡੇ ਸ਼ਹੀਦ, ਗਾਇਕ, ਲੇਖਕ, ਕਲਾਕਾਰ, ਬੋਲੀ, ਭਾਸ਼ਾ ਤੇ ਸਭਿਆਚਾਰ ਨੂੰ ਵੀ ਦੋ ਹਿੱਸਿਆਂ ਵਿਚ ਕਰ ਦਿੱਤਾ। ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਗਾਇਕ ਤੇ ਗਾਇਕਾਵਾਂ ਜਿਵੇਂ ਨੂਰ ਜਹਾਂ, ਰੇਸ਼ਮਾ ਅਤੇ ਜ਼ੁਬੈਦਾ ਖਾਨੁਮ ਨੂੰ ਵੀ ਭਾਰਤ ਛੱਡ ਕੇ ਆਪਣਾ ਜੀਵਨ ਪਾਕਿਸਤਾਨ ਦੀ ਧਰਤੀ 'ਤੇ ਗੁਜ਼ਾਰਨਾ ਪਿਆ।

ਗੱਲਾਂ ਸੁਣ ਕੇ ਮਾਹੀ ਨਾਲ ਮੇਰੀਆਂ,
ਦੁਪੱਟਾ ਬੇਈਮਾਨ ਹੋ ਗਿਆ...

ਵਰਗੇ ਦਿਲਾਂ ਨੂੰ ਟੁੰਬਣ ਵਾਲੇ ਗੀਤ ਸਰੋਤਿਆਂ ਦੇ ਰੂ-ਬ-ਰੂ ਕਰਨ ਵਾਲੀ ਸੁਰੀਲੀ ਆਵਾਜ਼ ਦੀ ਮਲਿਕਾ ਜ਼ੁਬੈਦਾ ਖਾਨੁਮ ਦਾ ਜਨਮ ਸਾਂਝੇ ਪੰਜਾਬ ਦੇ ਸ਼ਹਿਰ ਅੰਮ੍ਰਿਤਸਰ ਵਿਖੇ 1935 ਵਿਚ ਹੋਇਆ ਸੀ। ਉਹ ਅਜੇ 12 ਕੁ ਵਰ੍ਹਿਆਂ ਦੀ ਹੀ ਸੀ ਜਦੋਂ ਭਾਰਤ ਪਾਕਿਸਤਾਨ ਦੀ ਵੰਡ ਹੋ ਗਈ। ਵੰਡ ਕਾਰਨ ਜ਼ੁਬੈਦਾ ਖਾਨੁਮ ਦਾ ਸਾਰਾ ਪਰਿਵਾਰ ਭਾਰਤ ਛੱਡ ਕੇ ਨਵੇਂ ਬਣੇ ਦੇਸ਼ ਪਾਕਿਸਤਾਨ ਵਿਚ ਜਾ ਵਸਿਆ। ਪੰਦਰਾਂ ਸਾਲ ਦੀ ਉਮਰ ਵਿਚ ਹੀ ਜ਼ੁਬੈਦਾ ਖਾਨੁਮ ਦਾ ਨਾਂ ਚੋਣਵੀਆਂ ਗਾਇਕਾਵਾਂ ਵਿਚ ਆ ਗਿਆ ਸੀ। 1950 ਤੋਂ 1960 ਤਕ, ਪੂਰਾ ਇਕ ਦਹਾਕਾ ਉਹ ਉਰਦੂ ਅਤੇ ਪੰਜਾਬੀ ਗੀਤ ਪੇਸ਼ ਕਰਨ ਵਾਲੀ ਗਾਇਕਾ ਵਜੋਂ ਵਿਚਰੀ। ਸੁਰ ਅਤੇ ਆਵਾਜ਼ ਵਿਚੋਂ ਉਹ ਆਵਾਜ਼ ਨੂੰ ਵਧੇਰੇ ਤਰਜੀਹ ਦਿੰਦੀ ਸੀ। ਉਸ ਦਾ ਵਿਚਾਰ ਸੀ ਕਿ ਸੁਰ ਨੂੰ ਆਵਾਜ਼ ਨਾਲ ਮਿਲਾਇਆ ਜਾ ਸਕਦਾ ਹੈ, ਪਰ ਜੇ ਆਵਾਜ਼ ਹੀ ਨਾ ਹੋਵੇ ਤਾਂ ਸੁਰ ਦੀ ਵੀ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ। ਉਸ ਦੀ ਖੁਦ ਦੀ ਆਵਾਜ਼ ਲਾਜਵਾਬ ਸੀ। ਉਸ ਦੀ ਤੁਲਨਾ ਅਕਸਰ ਮੈਰਨੀ ਨਿਕਸਨ ਵਜੋਂ ਮਸ਼ਹੂਰ ਹੌਲੀਵੁੱਡ ਗਾਇਕਾ ਮਾਰਗ੍ਰੇਟ ਨਿਕਸਨ ਮੈਕਈਥਰੌਨ ਨਾਲ ਕੀਤੀ ਜਾਂਦੀ ਸੀ। ਦੋਹਾਂ ਗਾਇਕਾਵਾਂ ਦੀ ਆਵਾਜ਼ ਵਿਚ ਸਮਾਨਤਾ ਜੁ ਬਹੁਤ ਸੀ!

4 ਜਨਵਰੀ 1951 ਵਿਚ 'ਇੰਡੀਆ ਐਂਡ ਪਾਕਿਸਤਾਨ ਪ੍ਰੋਡਕਸ਼ਨ' ਦੀ ਸਾਂਝੀ ਪੰਜਾਬੀ ਫਿਲਮ 'ਬਿੱਲੋ' ਵਿਚ ਉਸ ਨੇ ਪਿੱਠਵਰਤੀ ਗਾਇਕਾ ਵਜੋਂ ਪਹਿਲੀ ਵਾਰ ਗਾਇਆ। ਇਸ ਤੋਂ ਬਾਅਦ 'ਤਸਵੀਰ ਮਹਿਲ ਪਿਕਚਰਜ਼' ਦੇ ਬੈਨਰ ਹੇਠ 13 ਜੂਨ 1953 ਨੂੰ ਰਿਲੀਜ਼ ਹੋਈ, ਨਿਰਦੇਸ਼ਕ ਨਜ਼ੀਰ ਦੀ ਪੰਜਾਬੀ ਫਿਲਮ 'ਸ਼ਹਿਰੀ ਬਾਬੂ' ਨਾਲ ਉਸ ਦਾ ਨਾਂ ਉਘੀਆਂ ਗਾਇਕਾਵਾਂ ਅਤੇ ਕਲਾਕਾਰਾਂ ਵਿਚ ਸ਼ਾਮਲ ਹੋ ਗਿਆ। ਬਸ ਫੇਰ ਕੀ ਸੀ! ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। ਉਸ ਨੇ ਲਗਾਤਾਰ 147 ਫਿਲਮਾਂ ਲਈ 244 ਗੀਤ ਗਾਏ। ਇਨ੍ਹਾਂ ਵਿਚੋਂ ਕੁਝ ਕੁ ਦੇ ਮੁਖੜੇ ਇਉਂ ਹਨ:

ਮੇਰੀ ਚੁੰਨੀ ਦੀਆਂ ਰੇਸ਼ਮੀ ਤੰਦਾਂ
ਵੇ ਮੈਂ ਘੁੱਟ ਘੁੱਟ ਦੇਨੀ ਆਂ ਗੰਢਾਂ ਕਿ
ਚੰਨਾ ਤੇਰੀ ਯਾਦ ਨਾ ਭੁੱਲੇ...
ਰਾਤਾਂ ਮੇਰੀਆਂ ਬਣਾ ਕੇ ਰੱਬਾ ਨ੍ਹੇਰੀਆਂ
ਨਸੀਬਾਂ ਵਾਲੇ ਤਾਰੇ ਟੁੱਟ ਗਏ...

ਜ਼ੁਬੈਦਾ ਖਾਨੁਮ ਦੇ ਅਜਿਹੇ ਗੀਤਾਂ ਨੂੰ ਸਰੋਤੇ ਅੱਜ ਵੀ ਬਹੁਤ ਚਾਅ ਨਾਲ ਸੁਣਦੇ ਹਨ। ਉਸ ਦੇ ਕੁਝ ਗੀਤ ਬਹੁਤ ਮਕਬੂਲ ਹੋਏ, ਇਨ੍ਹਾਂ ਵਿਚੋਂ ਕੁਝ ਇਹ ਹਨ:

ਦਿਲਾ ਠਹਿਰ ਜਾ
ਯਾਰ ਦਾ ਨਜ਼ਾਰਾ ਲੈਣ ਦੇ...
ਤੂੰ ਛੁੱਟੀ ਲੈ ਕੇ ਆ ਜਾ ਬਾਲਮਾ...
ਤੂੰ ਸਾਡੇ ਵੱਲ ਤੱਕ ਸੱਜਣਾ...
ਮੇਰਾ ਜੀਵੇ ਢੋਲਾ...
ਮੈਨੂੰ ਬਾਬਲ ਅੱਜ ਨਾ ਤੋਰ...

ਜ਼ੁਬੈਦਾ ਖਾਨੁਮ ਨੇ ਭਾਵੇਂ ਕਾਫ਼ੀ ਫਿਲਮਾਂ ਵਿਚ ਅਦਾਕਾਰੀ ਵੀ ਕੀਤੀ, ਪਰ ਉਸ ਦੀ ਮਕਬੂਲੀਅਤ ਗਾਇਕਾ ਵਜੋਂ ਹੀ ਹੋਈ। ਉਸ ਨੇ ਫਿਲਮਾਂ ਦੇ ਕੈਮਰਾਮੈਨ ਰਿਆਜ਼ ਬੁਖਾਰੀ ਨਾਲ ਵਿਆਹ ਕਰਵਾ ਲਿਆ ਅਤੇ ਹੌਲੀ ਹੌਲੀ ਫਿਲਮਾਂ ਤੋਂ ਦੂਰੀ ਬਣਾ ਲਈ। ਉਸ ਦੇ ਦੋ ਪੁੱਤਰ ਅਤੇ ਦੋ ਧੀਆਂ ਹਨ। 'ਅਸਾਂ ਜਾਣ ਕੇ ਮੀਟ ਲਈ ਅੱਖ ਵੇ' ਗੀਤ ਨਾਲ ਲੋਕਾਂ ਦਾ ਮਨੋਰੰਜਨ ਕਰਨ ਵਾਲੀ ਜ਼ੁਬੈਦਾ ਖਾਨੁਮ ਨੇ 9 ਅਕਤੂਬਰ 2013 ਨੂੰ ਕਰੀਬ 78 ਸਾਲ ਦੀ ਉਮਰ ਵਿਚ ਲਾਹੌਰ ਵਿਖੇ ਆਪਣੇ ਪ੍ਰਾਣ ਤਿਆਗ ਦਿੱਤੇ।








ਵੱਖ ਵੱਖ ਸਮਿਆਂ ਦੀਆਂ ਜ਼ੁਬੈਦਾ ਖਾਨੁਮ ਦੀਆਂ ਤਸਵੀਰਾਂ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਅਪਰੈਲ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-268



*ਰਿਕਸ਼ਾ ਚਲਾ ਕੇ ਕਰਾਂ ਮਜ਼ੂਰੀ, ਨਾ ਹੱਥ ਫੈਲਾਏ ਜਾਣ।*
*ਸਿਰੜ ਤੋਂ ਨਾ ਹਾਰਾਂ ਲੋਕੋ, ਬੇਸ਼ੱਕ ਲੱਖ ਮੁਸੀਬਤਾਂ ਆਣ।*
*ਰੋਜ਼ੀ-ਰੋਟੀ ਕਮਾਵਾਂ ਨਾਲੇ ਕਬੀਲਦਾਰੀ ਵੀ ਸਾਂਭਾਂ ਪੂਰੀ,*
*ਸੁਪਨਾ ਇਹੋ, ਨਿੱਕੇ ਲਾਲ ਦੀ ਰੀਝ ਰਹੇ ਨਾ ਕੋਈ ਅਧੂਰੀ।*

## ਕੈਪਸ਼ਨ ਮੁਕਾਬਲਾ-266



ਭੇਡ ਚਾਲ ਨੇ ਮੁਲਕ ਅਸਾਡਾ
ਸਦੀਆਂ ਪਿੱਛੇ ਪਾ'ਤਾ।
ਪਾ ਪਾ ਤੇਲ ਜੜ੍ਹੀਂ ਬਿਰਖ ਦੇ
ਸੁੱਕਾ ਕਾਠ ਬਣਾ'ਤਾ।
ਰੰਗ ਬਿਰੰਗੀਆਂ ਬੰਨ੍ਹ ਕੇ ਲੀਰਾਂ
ਦੁਲਹਨ ਵਾਂਗ ਸਜਾ'ਤਾ।
ਸ਼ੈਤਾਨ ਨੇ ਸਾਨੂੰ ਲੁੱਟਣ ਖਾਤਰ
ਸੁੱਖਾਂ ਸੁੱਖਣ ਲਾ'ਤਾ।
***-ਜਗਮੀਤ ਸਿੰਘ ਪੰਧੇਰ***

---

ਚਾਰ ਇੱਟਾਂ ਦੀ ਮਟੀ ਬਣਾ ਲਈ,
ਜੰਡ-ਕਰੀਰ ਦੇ ਥੱਲੇ।
ਮੌਲੀਆਂ, ਚੁੰਨੀਆਂ, ਧਾਗੇ ਬੰਨ੍ਹ ਕੇ,
ਬਦਲਣ ਤਕਦੀਰ ਨੂੰ ਚੱਲੇ।
ਇਸ ਦਲਦਲ 'ਚੋਂ ਨਿਕਲਣ ਦੀ
ਗੱਲ ਨਹੀਂ ਬੰਨ੍ਹਦੇ ਪੱਲੇ।
***-ਦਵਿੰਦਰ ਕੌਰ***

---

ਵੱਢ-ਟੁੱਕ ਕਰਕੇ ਖੜ੍ਹ-ਸੁੱਕ ਕੀਤਾ
ਹਰਿਆ ਰੁੱਖ ਬਣਿਆ ਭੂਤਸਤਾਨ।
ਕਮਜ਼ੋਰ ਮਨਾਂ ਦੀ ਨਿਸ਼ਾਨਦੇਹੀ ਕਰਕੇ
ਅੰਧਵਿਸ਼ਵਾਸ਼ੀਆਂ ਨੂੰ ਲੁੱਟੇ ਸ਼ੈਤਾਨ।
ਤਾਂਤਰਿਕਾਂ ਦੀ ਹੁੰਦੀ ਬੱਲੇ-ਬੱਲੇ
ਖਰਬੂਜਿਆਂ 'ਚ ਬਣਦੇ ਅਰਿੰਡ ਪ੍ਰਧਾਨ।
***-ਅਮਰਜੀਤ ਸਿੰਘ ਤੂਰ***

---

ਆਸਥਾ ਸਦਾ ਹੀ ਅੰਨ੍ਹੀ ਹੁੰਦੀ
ਇਹ ਤਰਕ ਨਾ ਕਈ ਪਛਾਣੇ।
ਚੱਲਦੀ ਰੀਤ ਨੂੰ ਕਰੋ ਸਲਾਮਾਂ
ਆਖਣ ਧਰਮੀ ਲੋਕ ਸਿਆਣੇ।
ਲੱਖ ਸਾਇੰਸ ਕਹੇ ਵਹਿਮ-ਭਰਮ ਨੇ
ਪਰ ਪੱਥਰ ਪੂਜਣ ਅੱਜ ਤਾਈਂ।
ਇਹ ਤਸਵੀਰ ਵੀ ਮੂੰਹ ਚਿੜਾਵੇ
ਆਖੇ 'ਲਕੀਰ ਦੀ ਫਕੀਰ' ਲੋਕਾਈ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਆਈ ਧਾੜ ਜਨੂਨੀਆਂ ਦੀ
ਗੰਢਾਂ ਮਾਰ ਅੱਟਿਆਂ ਗਾਨੀਆਂ ਨੂੰ
ਰੁੱਖਾਂ ਦੇ ਟਹਿਣਾਂ ਨਾਲ ਲਮਕਾ ਦਿੰਦੇ।
ਨੱਕ ਰਗੜਦੇ, ਖੁਸ਼ਾਮਦਾਂ ਕਰਦੇ
ਮੰਗਦੇ ਆ ਕੇ ਬਖਸ਼ਿਸ਼ਾਂ।
ਫਸ ਗਏ ਜੋ ਇਸੇ ਦਰਾੜ 'ਚ
ਕਿਵੇਂ ਆਉਗੀਆਂ ਤਬਦੀਲੀਆਂ?
ਖੋਲ੍ਹੀ ਬੈਠੇ ਜੋ ਦੁਕਾਨਾਂ ਵਹਿਮਾਂ ਦੀਆਂ,
ਚੋਖੀ ਕਮਾਈ ਕਰਦੇ ਵਿਹਲੜ।
ਭੇੜਚਾਲ ਨੂੰ ਨੱਥ ਪਾਉਣ ਲਈ
ਲੋੜ ਹੈ ਵਿਗਿਆਨ ਦੀ।
***-ਦਰਸ਼ਨਪਾਲ ਦੋਸਾਂਝ***

---

ਥਾਂ ਥਾਂ ਡੇਰੇ ਬਣ ਗਏ
ਝੂਠੇ ਨੇ ਬਾਬੇ ਸਭ।
ਲਾਈਲੱਗ ਨੇ ਲੋਕ ਹੋਏ
ਮਗਰ ਜਾਂਦੇ ਨੇ ਲੱਗ।
ਕੋਈ ਧਰ ਗਿਆ ਰੁੱਖ ਥੱਲੇ ਇੱਟ
ਲਾਲ ਕੱਪੜਾ ਧਰ ਗਿਆ ਦੂਜਾ।
ਬੱਸ ਫਿਰ ਕੀ ਸੀ
ਲੱਗ ਪਈ ਹੋਣ ਰੁੱਖ ਦੀ ਪੂਜਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਕੁਦਰਤ ਨੇ ਪੇੜ ਪੌਦੇ ਉਗਾਏ
ਮਨੁੱਖ ਲਈ ਵਰਦਾਨ।
ਬੇਰਹਿਮੀ ਨਾਲ ਕੱਟੀ ਜਾਵੇ
ਫਿਰ ਵੀ ਇਸ ਨੂੰ ਇਨਸਾਨ।
ਦਰਖਤ ਹੋਇਆ ਖੜ੍ਹ-ਸੁਕ
ਅਖੌਤੀ ਬਾਬਿਆਂ ਬੁਣਿਆ ਜਾਲ।
ਅੰਧਵਿਸ਼ਵਾਸ਼ੀ ਟੂਣੇ ਕਰਦਾ
ਸਮਝ ਕੇ ਭੂਤਾਂ ਵਾਲ ਸਥਾਨ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

## ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਲੰਮੀਆਂ ਬੋਲੀਆਂ ਅਤੇ ਸਵਾਂਗ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੂੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਵਿਆਹ ਵੇਲੇ ਪਾਈਆਂ ਜਾਂਦੀਆਂ ਲੰਮੀਆਂ ਬੋਲੀਆਂ ਅਤੇ ਸਵਾਂਗਾਂ ਬਾਰੇ ਚਰਚਾ ਛੇੜੀ ਹੈ। -ਸੰਪਾਦਕ*

ਲੰਮੀਆਂ ਬੋਲੀਆਂ ਸਮੂਹਿਕ ਰੂਪ ਵਿਚ ਪਾਈਆਂ ਜਾਂਦੀਆਂ ਸਨ। ਗਿੱਧਾ ਪਾਉਂਦੇ ਵਕਤ ਚਾਰ ਜਾਂ ਇਸ ਤੋਂ ਵੀ ਵੱਧ ਔਰਤਾਂ ਲੰਮੀਆਂ ਬੋਲੀਆਂ ਪਾ ਕੇ ਤਾੜੀ ਵਜਾਉਂਦੀਆਂ ਗੋਲ ਚੱਕਰ ਵਿਚ ਨੱਚਦੀਆਂ ਸਨ। ਇਨ੍ਹਾਂ ਬੋਲੀਆਂ ਦਾ ਤੋਲ ਅਤੇ ਤੁਕਾਂਤ ਪੂਰਾ ਹੁੰਦਾ ਸੀ। ਗਿੱਧੇ ਵਿਚ ਨੱਚਣ ਵਾਲੀਆਂ ਇਕ ਜਾਂ ਦੋ ਤੁਕਾਂ ਗਾਉਂਦੀਆਂ ਸਨ ਅਤੇ ਬਾਕੀ ਦੀਆਂ ਪਿੱਛੇ ਉਨ੍ਹਾਂ ਤੁਕਾਂ ਨੂੰ ਦੁਹਰਾਉਂਦੀਆਂ ਹੋਈਆਂ ਬੋਲੀ ਚੁੱਕਦੀਆਂ ਸਨ। ਇਹ ਬੋਲੀਆਂ ਅਤੇ ਗਿੱਧਾ ਸਹਿਜ ਰੂਪ ਵਿਚ ਪਾਇਆ ਜਾਂਦਾ ਸੀ। ਪਿੜ ਵਿਚਾਲੇ ਨੱਚਣ ਵਾਲੀਆਂ ਔਰਤਾਂ ਆਪਣੇ ਹਾਵ-ਭਾਵ ਅਤੇ ਸਰੀਰਕ ਮੁਦਰਾਵਾਂ ਇਕ ਦੂਜੇ ਨਾਲ ਸੁਭਾਵਿਕ ਹੀ ਮਿਲਾ ਲੈਂਦੀਆਂ ਸਨ।

ਕੁਝ ਲੰਮੀਆਂ ਬੋਲੀਆਂ ਵਿਚ ਇਕ ਜਣੀ ਪਿੜ ਵਿਚ ਖੜ੍ਹ ਕੇ ਬੋਲੀ ਪਾਉਂਦੀ ਸੀ ਅਤੇ ਕੁਝ ਹੁੰਗਾਰਾ ਭਰਦੀਆਂ ਸਨ। ਬਾਕੀ ਸਾਥਣਾਂ ਗਿੱਧੇ ਦੇ ਪਿੜ ਵਿਚ ਖੜ੍ਹੀਆਂ, ਬੋਲੀ ਨੂੰ ਦੂਹਰਾ ਕੇ ਗਾਉਂਦੀਆਂ ਸਨ ਅਤੇ ਤਾੜੀ ਵਜਾਉਂਦੀਆਂ ਸਨ। ਇਹ ਗਿੱਧਾ ਦੇਰ ਰਾਤ ਤੱਕ ਚੱਲਦਾ ਸੀ। ਗਿੱਧਾ ਪਾਉਣ ਵਾਲੀਆਂ ਜੋਟੀਆਂ ਬਦਲਦੀਆਂ ਰਹਿੰਦੀਆਂ ਸਨ। ਇਸ ਤਰ੍ਹਾਂ ਵਾਰੀ ਸਿਰ ਅਤੇ ਸਹਿਜੇ-ਸਹਿਜੇ ਨੱਚਦੀਆਂ ਨੂੰ ਥਕਾਵਟ ਵੀ ਨਹੀਂ ਸੀ ਹੁੰਦੀ। ਇਨ੍ਹਾਂ ਵਿਚੋਂ ਕਈ ਬੋਲੀਆਂ ਸਵਾਂਗ ਦੇ ਰੂਪ ਵਿਚ ਵੀ ਪੇਸ਼ ਕੀਤੀਆਂ ਜਾਂਦੀਆਂ ਸਨ। ਗਿੱਧੇ ਦੇ ਪਿੜ ਵਿਚ ਖੜ੍ਹੀਆਂ ਮੇਲਣਾਂ ਵਿਚੋਂ ਬਹੁਤੀਆਂ ਦੀ ਇਨ੍ਹਾਂ ਬੋਲੀਆਂ 'ਤੇ ਪੂਰੀ ਪਕੜ ਹੁੰਦੀ ਸੀ। ਇਨ੍ਹਾਂ ਬੋਲੀਆਂ ਦੀਆਂ ਪਹਿਲੀਆਂ ਸਤਰਾਂ ਵਿਚ ਤੋਲ ਤੁਕਾਂਤ ਮਿਲਦਾ ਹੈ ਅਤੇ ਆਖਰੀ ਤੁਕ ਨੂੰ ਤੋੜਾ ਕਿਹਾ ਜਾਂਦਾ ਹੈ। ਇਹ ਬੋਲੀਆਂ ਹੁਣ ਟਾਂਵੀਆਂ-ਟਾਂਵੀਆਂ ਹੀ ਰਹਿ ਗਈਆਂ ਹਨ।

ਇਹ ਬੋਲੀਆਂ ਪਾਉਂਦੇ ਅਕਸਰ ਹੀ ਮੁਟਿਆਰਾਂ ਸਵਾਂਗ ਵੀ ਕੱਢਦੀਆਂ ਸਨ। ਵਿਆਹ ਵਾਲੇ ਘਰ ਵਿਚੋਂ ਕਿਸੇ ਵੀ ਪਾਤਰ ਮਾਮੇ, ਚਾਚੇ, ਤਾਏ ਜਾਂ ਮਾਮੀ ਭੂਆ ਦਾ ਰੂਪ ਧਾਰਨ ਕਰ ਕੇ ਜਾਂ ਸਮਾਜ ਵਿਚੋਂ ਕਿਸੇ ਵੀ ਕਿਰਦਾਰ ਬਾਰੇ ਨਾਟਕੀ ਰੂਪ ਵਿਚ ਗੱਲ ਕਰਦੀਆਂ ਅੰਤ ਤੇ ਬੋਲੀ ਪਾ ਕੇ ਬੋਲੀ ਉਚੀ ਚੁੱਕਦੀਆਂ ਹੋਈਆਂ ਨੱਚਦੀਆਂ ਸਨ। ਗਿੱਧੇ ਦੇ ਪਿੜ ਵਿਚ ਕੱਢੀਆਂ ਜਾਂਦੀਆਂ ਇਨ੍ਹਾਂ ਕਾਵਿ ਰੂਪੀ ਨਾਟਕੀ ਝਾਕੀਆਂ ਨੂੰ ਸਵਾਂਗ (ਸਾਂਗ) ਕਿਹਾ ਜਾਂਦਾ ਸੀ। ਅਜੋਕੇ ਸਮੇਂ ਵਿਚ ਜ਼ਿਆਦਾਤਰ ਕੋਰੀਉਗਰਾਫ਼ੀ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ।

ਉਠੀਆਂ ਨੀ ਮੇਰੇ ਦਰਦ ਕਲੇਜੇ,
ਪਾ ਦਿਓ ਨੀ ਮੇਰੇ ਮਾਹੀਏ ਵੱਲ ਚਿੱਠੀਆਂ।
ਜਾ ਪਹੁੰਚੀ ਚਿੱਠੀ ਵਿਚ ਨੀ ਕਚਿਹਰੀ ਦੇ,
ਫੜ ਲਈ ਨੀ ਮਾਹੀਏ ਗੋਰਿਆਂ ਹੱਥਾਂ ਨਾਲ।
ਪੜ੍ਹ ਲਈ ਨੀ ਮਾਹੀਏ ਹਿੱਕ ਉਤੇ ਧਰ ਕੇ,
ਤੁਰ ਪਿਆ ਨੀ
ਮਾਹੀਆ ਸਾਹਿਬ ਵਾਲੇ ਬੰਗਲੇ।
ਦੇ ਦਿਓ ਜੀ ਮੈਨੂੰ ਪੰਜ ਸੱਤ ਛੁੱਟੀਆਂ,
ਤੁਰ ਪਿਆ ਨੀ ਮਾਹੀਆ ਸਿਖਰ ਦੁਪਿਹਰੇ।
ਆਉਂਦੇ ਨੇ ਸਾਈਕਲ ਬੂਹੇ ਵਿਚ ਭੰਨਿਆਂ,
ਆਉਂਦੇ ਨੇ ਮੇਰੀ ਨਬਜ਼ ਪਕੜ ਲਈ।
ਦੱਸ ਗੋਰੀਏ ਨੀ ਸਾਨੂੰ ਹਾਲ ਦਿਲਾਂ ਦੇ,
ਉਡ-ਪੁਡ ਗਏ ਮਾਹੀਆ ਹਾਲ ਦਿਲਾਂ ਦੇ।

ਹੂੰ ਮੈਂ ਲੌਂਗ ਕਰਾਉਣਾ ਸੀ...
ਸੜ ਜਾਣ ਘਰਾਂ ਦੀਆਂ ਗਰਜ਼ਾਂ,
ਮੈਂ ਲੌਂਗ ਕਰਾਉਣਾ ਸੀ।
ਹੂੰ ਮੈਂ ਲੌਂਗ ਨੀ ਕਰਾ ਬੈਠੀ...
ਹੂੰ ਨੀ ਲੌਂਗ ਦਾ ਨਮੂਨਾ ਬਣਿਆਂ...
ਜਿਉਂ ਵੱਡੇ ਪਲੰਘ ਦਾ ਪਾਵਾ,
ਨੀ ਲੌਂਗ ਦਾ ਨਮੂਨਾ ਬਣਿਆਂ।
ਹੂੰ ਨੀ ਲੌਂਗ ਵਿਚ ਚਾਂਦਨੀ ਜੜੀ...
ਜਿਉਂ ਲਾਲਟੈਣ ਦਾ ਸ਼ੀਸ਼ਾ,
ਨੀ ਲੌਂਗ ਵਿਚ ਚਾਂਦਨੀ ਜੜੀ।

ਹੂੰ ਨੀ ਲੌਂਗ ਪਾ ਕੇ ਬਾਹਰ ਨਿੱਕਲੀ...
ਸੜ ਬਲ਼ਿਆ ਸ਼ਰੀਕਾ ਸਾਰਾ,
ਨੀ ਲੌਂਗ ਪਾ ਕੇ ਬਾਹਰ ਨਿੱਕਲੀ।
ਹੂੰ ਸ਼ਰੀਕਾ ਕਿਉਂ ਸੜਿਆ...
ਘਰ ਲਾਇਆ ਤਾਂ ਲੌਂਗ ਬਣਾਇਆ,
ਸ਼ਰੀਕਾ ਕਿਉਂ ਸੜਿਆ।
ਹੂੰ ਨੀ ਇਕ ਮੇਰੀ ਸੱਸ ਮਰ ਜਾਏ...
ਪੰਜ ਸੱਤ ਮਰਨ ਗੁਆਂਢਣਾਂ,
ਨੀ ਰਹਿੰਦੀਆਂ ਨੂੰ ਸੱਪ ਲੜ ਜਾਏ...

ਜੇਠ ਗਿਆ ਮੇਲੇ, ਜਠਾਣੀ ਗਈ ਮੇਲੇ।
ਹੁਣ ਮੈਂ ਸੜਾਂ ਕਿ ਨਾ,
ਆਪ ਵੀ ਤੁਰ ਗਿਆ ਮੇਲੇ।
ਜੇਠ ਲਿਆਇਆ ਲੱਡੂ,
ਜਠਾਣੀ ਲਿਆਈ ਬਰਫ਼ੀ।
ਹੁਣ ਮੈਂ ਸੜਾਂ ਕਿ ਨਾ,
ਮੇਰੇ ਲਈ ਲਿਆਇਆ ਪਕੌੜੀਆਂ।
ਜੇਠ ਖਾਵੇ ਲੱਡੂ, ਜਠਾਣੀ ਖਾਵੇ ਬਰਫ਼ੀ।
ਹੁਣ ਮੈਂ ਸੜਾਂ ਕਿ ਨਾ,
ਢਿੱਡ ਵਿਚ ਚੁੱਭਣ ਪਕੌੜੀਆਂ।
ਜੇਠ ਲਿਆਇਆ ਬੂਟ,
ਜਠਾਣੀ ਲਿਆਈ ਜੁੱਤੀ,
ਹੁਣ ਮੈਂ ਸੜਾਂ ਕਿ ਨਾ,
ਮੇਰੇ ਲਈ ਲਿਆਇਆ ਖੜਾਵਾਂ।
ਜੇਠ ਪਾਵੇ ਬੂਟ, ਜਠਾਣੀ ਪਾਵੇ ਜੁੱਤੀ
ਹੁਣ ਮੈਂ ਸੜਾਂ ਕਿ ਨਾ,
ਖੜ ਖੜ ਕਰਨ ਖੜਾਵਾਂ।
ਜੇਠ ਲਿਆਇਆ ਮੁੰਡਾ,
ਜਠਾਣੀ ਲਿਆਈ ਕੁੜੀ।
ਹੁਣ ਮੈਂ ਸੜਾਂ ਕਿ ਨਾ,
ਮੇਰੇ ਲਈ ਲਿਆਇਆ ਬਲੂੰਗੜਾ।

ਨੀ ਕਰੇਲੇ ਵਿਕਣੇ ਆਏ,
ਨੀ ਕਰੇਲੇ ਤੋਰੀਆਂ।
ਨੀ ਮੈਂ ਲੱਪ ਕੁ ਦਾਣੇ ਪਾਏ,
ਨੀ ਕਰੇਲੇ ਤੋਰੀਆਂ।
ਨੀ ਮੈਂ ਬੜੇ ਸਵਾਦ ਬਣਾਏ,
ਨੀ ਕਰੇਲੇ ਤੋਰੀਆਂ।
ਨੀ ਮੈਂ ਰਤਾ ਰਤਾ ਵਰਤਾਏ,
ਨੀ ਕਰੇਲੇ ਤੋਰੀਆਂ।
ਮੇਰੀ ਸੱਸ ਨੂੰ ਥੋੜ੍ਹੇ ਆਏ,
ਨੀ ਕਰੇਲੇ ਤੋਰੀਆਂ।
ਉਹ ਤਾਂ ਜਾ ਚੜ੍ਹੀ ਦਰਬਾਰੇ,
ਨੀ ਕਰੇਲੇ ਤੋਰੀਆਂ।
ਪਿੱਛੇ ਸਹੁਰਾ ਵਾਜਾਂ ਮਾਰੇ,
ਨੀ ਕਰੇਲੇ ਤੋਰੀਆਂ।
ਮੁੜ ਆ ਮੁੜ ਆ ਨੀ ਬਦਕਾਰੇ,
ਨੀ ਕਰੇਲੇ ਤੋਰੀਆਂ।
ਨੀ ਕਰੇਲੇ ਵਿਕਣੇ ਆਏ,
ਨੀ ਕਰੇਲੇ ਤੋਰੀਆਂ।

ਸੁਣ ਲਓ ਨੀ ਗੁਆਂਢਣੋ ਬੋਲਾਂ ਤਾਂ ਕੁਪੱਤੀ
ਨੀ ਸਹੁਰਾ ਲੱਗਾ ਭਾਂਡੇ ਵੰਡਣ...
ਨੀ ਫੇਰ ਕੀ ਹੋਇਆ?
ਨੀ ਹੋਣਾ ਕੀ ਸੀ, ਮੇਰੇ ਹਿੱਸੇ ਮੱਟੀ।
ਸੁਣ ਲਓ ਨੀ ਗੁਆਂਢਣੋ ਬੋਲਾਂ ਤਾਂ ਕੁਪੱਤੀ।
ਨੀ ਸਹੁਰਾ ਲੱਗਾ ਪਸ਼ੂ ਵੰਡਣ...
ਨੀ ਫੇਰ ਕੀ ਹੋਇਆ?
ਨੀ ਹੋਣਾ ਕੀ ਸੀ, ਮੇਰੇ ਹਿੱਸੇ ਕੱਟੀ।
ਸੁਣ ਲਓ ਨੀ ਗੁਆਂਢਣੋ ਬੋਲਾਂ ਤਾਂ ਕੁਪੱਤੀ
ਨੀ ਸਹੁਰਾ ਲੱਗਾ ਗਹਿਣੇ ਵੰਡਣ...
ਨੀ ਫੇਰ ਕੀ ਹੋਇਆ?
ਨੀ ਹੋਣਾ ਕੀ ਸੀ, ਮੇਰੇ ਹਿੱਸੇ ਨੱਤੀ।
ਸੁਣ ਲਓ ਨੀ ਗੁਆਂਢਣੋ ਬੋਲਾਂ ਤਾਂ ਕੁਪੱਤੀ।
ਨੀ ਸਹੁਰਾ ਲੱਗਾ ਖੇਤ ਵੰਡਣ...
ਨੀ ਫੇਰ ਕੀ ਹੋਇਆ?
ਨੀ ਹੋਣਾ ਕੀ ਸੀ, ਮੇਰੇ ਹਿੱਸੇ ਖੱਤੀ।
ਸੁਣ ਲਓ ਨੀ ਗੁਆਂਢਣੋ ਬੋਲਾਂ ਤਾਂ ਕੁਪੱਤੀ।

ਰੱਤੀ ਤੇਰੀ ਓਏ ਢੋਲ ਮੇਰਿਆ ਲੂੰਗੀ,
ਵੱਟ ਪਵਾਉਂਨੀ ਆਂ ਮੈਂ ਰੇਸ਼ਮ ਦੀਆਂ ਡੋਰਾਂ।



ਨੀ ਕੋਈ ਆਉਂਦਾ-ਆਉਂਦਾ
ਅੱਖੋਂ ਓਹਲੇ ਹੋ ਗਿਆ,
ਬੈਠੀ ਦੂਰ ਤੋਂ ਪਛਾਣਦੀ ਸਾਂ ਤੋਰਾਂ।
ਦੁਖ ਆਪਣਾ ਕਿਸੇ ਨੂੰ ਦੱਸੀਏ ਨਾ,
ਹਾੜ੍ਹਾ ਵੇਖ ਕਿਸੇ ਵੱਲ ਹੱਸੀਏ ਨਾ।
ਇਸ ਜਿੰਦ ਦਾ ਕੀ ਭਰਵਾਸਾ,
ਜਿਓਂ ਪਾਣੀ ਵਿਚ ਪਤਾਸਾ।
ਨੀ ਇਕ ਦਿਨ ਮੁੱਕ ਜਾਊਗਾ,
ਤੇਰਾ ਚਿੱਟਿਆਂ ਦੰਦਾਂ ਦਾ ਹਾਸਾ।

ਹੁੱਲੇ ਹੁਲਾਰੇ!
ਹੁੱਲੇ ਹੁੱਲੇ ਨੀ ਹੁੱਲੇ, ਹੁੱਲੇ!...
ਲੋਕੀਂ ਗੰਗਾ ਚੱਲੇ-ਹੁੱਲੇ!
ਸੱਸੂ-ਸਹੁਰਾ ਚੱਲੇ-ਹੁੱਲੇ!
ਜੇਠ-ਜਠਾਣੀ ਚੱਲੇ-ਹੁੱਲੇ!
ਦਿਓਰ-ਦਰਾਣੀ ਚੱਲੇ-ਹੁੱਲੇ!
ਸੌਂਕਣ ਕੌਂਤ ਚੱਲੇ-ਹੁੱਲੇ!
ਮੈਨੂੰ ਛੱਡ ਚੱਲੇ-ਹੁੱਲੇ!
ਮੈਂ ਵੀ ਕੋਠੀ ਭੰਨੀ-ਹੁੱਲੇ!
ਮੈਂ ਵੀ ਕਣਕ ਵੇਚੀ-ਹੁੱਲੇ!
ਟਾਂਗੇ ਵਾਲਾ ਕੀਤਾ-ਹੁੱਲੇ!
ਯੱਕੇ ਵਾਲਾ ਕੀਤਾ-ਹੁੱਲੇ!
ਮੈਂ ਵੀ ਮਗਰੇ ਚੱਲੀ-ਹੁੱਲੇ!
ਸੱਸੂ-ਸਹੁਰਾ ਨਾਵ੍ਹੇ-ਹੁੱਲੇ!
ਜੇਠ-ਜਠਾਣੀ ਨਾਵ੍ਹੇ-ਹੁੱਲੇ!
ਦਿਓਰ-ਦਰਾਣੀ ਨਾਵ੍ਹੇ-ਹੁੱਲੇ!
ਸੌਂਕਣ ਕੌਂਤ ਨਾਵ੍ਹੇ-ਹੁੱਲੇ!
ਮੈਂ ਵੀ ਚੰਗੀ ਕੀਤੀ-ਹੁੱਲੇ!
ਸੌਂਕਣ ਧੱਕਾ ਦਿੱਤਾ-ਹੁੱਲੇ!
ਮੈਨੂੰ ਦਿਓ ਵਧਾਈਆਂ ਨੀ,
ਸੌਂਕਣ ਡੋਬ ਆਈ ਆਂ।

ਦਮ ਬੀੜਾ ਉਠਿਆ,
ਨੀ ਦਮ ਬੀੜਾ ਉਠਿਆ।
ਸਹੁਰਾ ਮੇਰਾ ਅੰਨ੍ਹਾ, ਕੁਵੇਲੇ ਮੰਗੇ ਗੰਨਾ।
ਅਹੁ ਪਈ ਖੋਰੀ, ਖੋਰੀ ਦੇ ਵਿਚ ਗੰਨਾ।
ਦਮ ਬੀੜਾ ਉਠਿਆ,
ਨੀ ਦਮ ਬੀੜਾ ਉਠਿਆ।
ਸੱਸ ਮੇਰੀ ਕਾਣੀ, ਕੁਵੇਲੇ ਮੰਗੇ ਪਾਣੀ।
ਅਹੁ ਪਿਆ ਘੜਾ, ਘੜੇ ਦੇ ਵਿਚ ਪਾਣੀ।
ਦਮ ਬੀੜਾ ਉਠਿਆ,
ਨੀ ਦਮ ਬੀੜਾ ਉਠਿਆ।

ਹੁਣ ਮੈਂ ਜੁਦੀ ਹੁੰਨੀ ਆਂ,
ਨੀ ਹੁਣ ਮੈਂ ਜੁਦੀ ਹੁੰਨੀ ਆਂ।
ਕੋਰਾ ਕੁੱਜਾ ਦੇਵਾਂਗੇ,
ਨੀ ਸਹੁਰਾ ਬੁੱਢਾ ਦੇਵਾਂਗੇ।
ਹੁਣ ਮੈਂ ਜੁਦੀ ਹੁੰਨੀ ਆਂ,
ਨੀ ਹੁਣ ਮੈਂ ਜੁਦੀ ਹੁੰਨੀ ਆਂ।
ਟੁੱਟੀਓ ਫੱਟੀ ਦੇਵਾਂਗੇ,
ਨੀ ਸੱਸ ਕੁਪੱਤੀ ਦੇਵਾਂਗੇ।
ਹੁਣ ਮੈਂ ਜੁਦੀ ਹੁੰਨੀ ਆਂ,
ਨੀ ਹੁਣ ਮੈਂ ਜੁਦੀ ਹੁੰਨੀ ਆਂ।
ਛੱਜ ਪੁਰਾਣਾ ਦੇਵਾਂਗੇ,
ਨੀ ਦਿਓਰ ਨਿਆਣਾ ਦੇਵਾਂਗੇ।

ਤੂੰ ਕਾਲਾ ਵੇ, ਮੈਂ ਨਾ ਤੇਰੇ ਰਹਿੰਦੀ।
ਤੂੰ ਕਾਲਾ ਵੇ, ਚੁੱਕ ਲਾ ਚੰਦਰਿਆ ਵਹਿੰਗੀ।
ਮੈਂ ਗੋਰੀ ਵੇ ਮੇਮ, ਸਾਹਿਬ ਨਾਲ ਰਹਿੰਦੀ।
ਤੂੰ ਕਾਲਾ ਵੇ, ਮੈਂ ਨਾ ਤੇਰੇ ਰਹਿੰਦੀ।
ਮੈਂ ਗੋਰੀ ਵੇ, ਕਾਗਤਾਂ ਵਿਚ ਰਹਿੰਦੀ।
ਤੂੰ ਕਾਲਾ ਵੇ, ਮੈਂ ਨਾ ਤੇਰੇ ਰਹਿੰਦੀ।
ਮੈਂ ਗੋਰੀ ਵੇ, ਲਾਟ ਸਾਹਿਬ ਨਾਲ ਰਹਿੰਦੀ।

ਮੇਰੇ ਚਰ੍ਹੇ ਦੀ ਟੁੱਟ ਗਈ ਮਾਲ੍ਹ
ਵੇ ਚੰਨ ਕੱਤਾਂ ਕਿ ਨਾ
ਕੱਤ ਬੀਬੀ ਕੱਤ...।
ਮੇਰੀ ਸੂਈ ਵਿਚੋਂ ਮੁੱਕਿਆ ਧਾਗਾ
ਵੇ ਚੰਨ ਕੱਢਾਂ ਕਿ ਨਾ
ਕੱਢ ਬੀਬੀ ਕੱਢ...।
ਮੇਰੇ ਛੱਜ ਵਿਚੋਂ ਮੁੱਕ ਗਏ ਦਾਣੇ,
ਵੇ ਚੰਨ ਛੱਟਾਂ ਕਿ ਨਾ
ਛੱਟ ਬੀਬੀ ਛੱਟ...।
ਮੇਰਾ ਨੱਚਣੇ ਨੂੰ ਕਰਦਾ ਏ ਜੀਅ
ਵੇ ਚੰਨ ਨੱਚਾਂ ਕਿ ਨਾ
ਨੱਚ ਬੀਬੀ ਨੱਚ...।

ਜੰਗਲ ਦੀ ਮੈਂ ਜੰਮੀ ਜਾਈ,
ਪਿੰਡ ਵਿਚ ਆਣ ਵਿਆਹੀ।
ਬਾਹੀਂ ਚੂੜਾ ਹੱਥੀਂ ਖੁਰਪਾ,
ਮੱਕੀ ਗੁੱਡਣ ਲਾਈ।
ਘਰ ਆਈ ਸੱਸ ਗਾਲ੍ਹਾਂ ਦੇਵੇ,
ਘਾਹ ਦੀ ਪੰਡ ਨਾ ਲਿਆਈ।
ਪੰਜੇ ਤੇਰੇ ਪੁੱਤ ਮਰ ਜਾਵਣ,
ਛੇਵਾਂ ਮਰੇ ਜਵਾਈ।

ਸੱਤਵੇਂ ਦਾ ਮੈਂ ਨਾ ਨਹੀਂ ਲੈਂਦੀ,
ਜਿਹਦੇ ਲੜ ਮੈਂ ਲਾਈ।
ਅੱਠਵਾਂ ਤੇਰਾ ਬੁੱਢੜਾ ਮਰ ਜਾਏ,
ਤੇਰੀ ਵੀ ਅਲਖ ਮੁਕਾਈ।
ਨੀ ਗਾਲ੍ਹ ਭਰਾਵਾਂ ਦੀ,
ਕੱਢਣੀ ਕੀਹਨੇ ਸਿਖਾਈ।

ਨਿੰਮ੍ਹੀ ਨਿੰਮ੍ਹੀ ਬੋਲ ਘੁੱਗੀਏ,
ਭਾਈ ਜੀ ਕੁ ਭਾਈਆ ਮੇਰੀ ਭੌਂ ਵੰਡਦੇ।
ਚੰਗੀ-ਚੰਗੀ ਆਪ ਲੈ ਗਿਆ,
ਮੈਨੂੰ ਦੇ ਗਿਆ ਕਲੱਰ ਦਾ ਪਾਸਾ।
ਨਾਲੇ ਬੈਠੀ ਖੱਬਲ ਖੋਤਦੀ,
ਨਾਲੇ ਭਾਈ ਦੇ ਪੁੱਤਾਂ ਨੂੰ ਰੋਵਾਂ।
ਨਿੰਮ੍ਹੀ ਨਿੰਮ੍ਹੀ ਬੋਲ ਘੁੱਗੀਏ,
ਭਾਈ ਜੀ ਕੁ ਭਾਈਆ ਮੇਰੀ ਭੌਂ ਵੰਡਦੇ।

ਮਾਮੀ ਨਖਰੋ ਰੂੰਈਂ ਪਿੰਜਾ ਲੈ,
ਨਾ ਭਾਈਆ ਮੈਂ ਨਾ ਪਿੰਜਾਵਾਂ।
ਕੁਝ ਨਹੀਂ ਕਹਿੰਦਾ ਰੂੰਈਂ ਪਿੰਜਾ ਲੈ,
ਨਾ ਭਾਈਆ ਮੈਂ ਨਾ ਪਿੰਜਾਵਾਂ।
ਕੁਝ ਨਹੀਂ ਲਹਿੰਦਾ ਰੂੰਈਂ ਪਿੰਜਾ ਲੈ,
ਨਾ ਭਾਈਆ ਮੈਂ ਨਾ ਪਿੰਜਾਵਾਂ।
ਨਾ ਭਾਈਆ ਮੈਂ ਨਾ ਪਿੰਜਾਵਾਂ,
ਨਾ ਭਾਈਆ ਮੈਂ ਨਾ ਪਿੰਜਾਵਾਂ।
ਚਾਚੀ ਨਖਰੋ ਰੂੰਈਂ ਪਿੰਜਾ ਲੈ,
ਨਾ ਭਾਈਆ ਮੈਂ ਨਾ ਪਿੰਜਾਵਾਂ।
ਕੁਝ ਨਹੀਂ ਕਹਿੰਦਾ ਰੂੰਈਂ ਪਿੰਜਾ ਲੈ,
ਨਾ ਭਾਈਆ ਮੈਂ ਨਾ ਪਿੰਜਾਵਾਂ।
ਕੁਝ ਨਹੀਂ ਲਹਿੰਦਾ ਰੂੰਈਂ ਪਿੰਜਾ ਲੈ,
ਨਾ ਭਾਈਆ ਮੈਂ ਨਾ ਪਿੰਜਾਵਾਂ।

ਇਸ ਚੰਦਰੇ ਦੀ ਟੁੱਟੀ ਜਿਹੀ ਜੁੱਤੀ,
ਤਿੱਲੇ ਵਾਲਾ ਜੁੱਤਾ ਮੇਰੇ ਜੇਠ ਦਾ।
ਹਾਏ ਮਰ ਜਾਣਿਆਂ ਵੈਦਾ,
ਮੇਰੀ ਨਾੜੀ ਕਿਉਂ ਨਹੀਂ ਦੇਖਦਾ।
ਇਸ ਚੰਦਰੇ ਦੀ ਸੜੀ ਜਿਹੀ ਪਜਾਮੀ,
ਏਡਾ ਤੰਬਾ ਮੇਰੇ ਜੇਠ ਦਾ।
ਹਾਏ ਮਰ ਜਾਣਿਆਂ ਵੈਦਾ,
ਮੇਰੀ ਨਾੜੀ ਕਿਉਂ ਨਹੀਂ ਦੇਖਦਾ।
ਇਸ ਚੰਦਰੇ ਦੀ ਸੜੀ ਜਿਹੀ ਟੋਪੀ,
ਤੁਰਲੇ ਵਾਲਾ ਪੱਗੜ ਮੇਰੇ ਜੇਠ ਦਾ।
ਹਾਏ ਮਰ ਜਾਣਿਆਂ ਵੈਦਾ,
ਮੇਰੀ ਨਾੜੀ ਕਿਉਂ ਨਹੀਂ ਦੇਖਦਾ।
ਇਸ ਚੰਦਰੇ ਦੀ ਸੜੀ ਜਿਹੀ ਹਰਨਾੜੀ
ਏਡਾ ਟਰੈਕਟਰ ਮੇਰੇ ਜੇਠ ਦਾ।
ਹਾਏ ਮਰ ਜਾਣਿਆਂ ਵੈਦਾ,
ਮੇਰੀ ਨਾੜੀ ਕਿਉਂ ਨਹੀਂ ਦੇਖਦਾ।

ਉਚੇ ਚੁਬਾਰੇ ਵਾਲਿਆ,
ਵੇ ਰਾਤੀਂ ਮੀਂਹ ਪੈਂਦਾ।
ਸ਼ਾਵਾ ਵੇ, ਰਾਤੀਂ ਮੀਂਹ ਪੈਂਦਾ।
ਤੇਰੀ ਮਾਂ ਨੂੰ ਕਿਥੇ ਸੁਲਾਈਏ,
ਵੇ ਰਾਤੀਂ ਮੀਂਹ ਪੈਂਦਾ।
ਸ਼ਾਵਾ ਵੇ, ਰਾਤੀਂ ਮੀਂਹ ਪੈਂਦਾ।
ਤੇਰੀ ਮਾਂ ਤੋਂ ਚੱਕੀ ਪਿਹਾਈਏ,
ਵੇ ਰਾਤੀਂ ਮੀਂਹ ਪੈਂਦਾ।
ਸ਼ਾਵਾ ਵੇ, ਰਾਤੀਂ ਮੀਂਹ ਪੈਂਦਾ।
ਤੇਰੇ ਪਿਓ ਤੋਂ ਹਲ ਵਹਾਈਏ,
ਵੇ ਰਾਤੀਂ ਮੀਂਹ ਪੈਂਦਾ।
ਸ਼ਾਵਾ ਵੇ, ਰਾਤੀਂ ਮੀਂਹ ਪੈਂਦਾ।
ਉਚੇ ਚੁਬਾਰੇ ਵਾਲਿਆ,
ਵੇ ਰਾਤੀਂ ਮੀਂਹ ਪੈਂਦਾ।
ਸ਼ਾਵਾ ਵੇ, ਰਾਤੀਂ ਮੀਂਹ ਪੈਂਦਾ।

ਇਨ੍ਹਾਂ ਲੰਮੀਆਂ ਬੋਲੀਆਂ ਵਾਂਗ ਹੋਰ ਵੀ ਬਹੁਤ ਸਾਰੀਆਂ ਬੋਲੀਆਂ ਹਨ ਜਿਹੜੀਆਂ ਵਿਆਹ ਮੌਕੇ ਗਾਈਆਂ ਜਾਂਦੀਆਂ ਹਨ। ਇਨ੍ਹਾਂ ਬੋਲੀਆਂ ਅਤੇ ਸਵਾਂਗਾਂ ਨਾਲ ਵਿਆਹ ਦਾ ਖ਼ੂਬ ਰੰਗ ਬੱਝਦਾ ਹੈ। ਇਸ ਰੰਗ ਦੀ ਟੁਣਕਾਰ ਦੇਰ ਤੱਕ ਚੇਤਿਆਂ ਵਿਚ ਰਹਿੰਦੀ ਹੈ।

# ਬਲੋਚਾਂ ਦੀ ਆਜਾਦੀ ਅਤੇ ਪਾਕਿਸਤਾਨੀ ਜ਼ਬਰ

***1854 ਅਤੇ 1876 ਦੀ ਸੰਧੀ ਅਨੁਸਾਰ ਬਲੋਚਿਸਤਾਨ ਅਤੇ ਬ੍ਰਿਟੇਨ ਵਿਚ ਸਹਿਮਤੀ ਬਣੀ ਸੀ ਕਿ ਬ੍ਰਿਟਿਸ਼ ਰਾਜ ਵੱਲੋਂ ਬਲੋਚ ਖੇਤਰਾਂ ਦੀ ਵਰਤੋਂ ਯੁੱਧਨੀਤਕ ਮਕਸਦਾਂ ਲਈ ਕੀਤੀ ਜਾਵੇਗੀ ਅਤੇ ਬਦਲੇ ਵਿਚ ਬ੍ਰਿਟੇਨ ਬਲੋਚਿਸਤਾਨ ਦੀ ਬਾਹਰੀ ਧਮਕੀਆਂ ਤੋਂ ਰੱਖਿਆ ਕਰੇਗਾ। ਇੰਡੀਅਨ ਇੰਡੀਪੈਂਡੈਂਸ ਐਕਟ 18 ਜੁਲਾਈ 1947 ਪਾਸ ਕਰ ਦਿੱਤਾ ਗਿਆ। ਫਿਰ 4 ਅਗਸਤ 1947 ਨੂੰ ਜਿਨਾਹ ਨੇ ਪਾਕਿਸਤਾਨ ਦੇ ਬਾਨੀ ਦੇ ਤੌਰ 'ਤੇ, ਬਲੋਚਿਸਤਾਨ ਦੇ ਮਹਾਰਾਜੇ ਮੀਰ ਅਹਿਮਦ ਯਾਰ ਖਾਨ ਨਾਲ ਸਥਾਈ ਸਮਝੌਤੇ 'ਤੇ ਦਸਤਖਤ ਕੀਤੇ।***



**ਡਾ. ਗੁਰਨਾਮ ਕੌਰ, ਕੈਨੇਡਾ**

ਸ਼ਨਿਚਰਵਾਰ 25 ਮਾਰਚ ਦੀ ਦੁਪਹਿਰ ਨੂੰ ਈ-ਮੇਲ ਖੋਲ੍ਹੀ ਤਾਂ ਇਕ ਸੱਦਾ-ਪੱਤਰ ਪੜ੍ਹਿਆ। ਅੰਗਰੇਜ਼ੀ ਵਿਚ ਸੰਦੇਸ਼ ਸੀ, ਲਿਖਿਆ ਸੀ, 'ਸੈਮੀਨਾਰ ਔਨ ਪਲਾਈਟ ਐਂਡ ਚੈਲੇਂਜਜ਼ ਆਫ ਬਲੋਚ ਇਨ ਪਾਕਿਸਤਾਨ ਆਕੂਪਾਈਡ ਬਲੋਚਿਸਤਾਨ' ਅਤੇ ਅਗਾਂਹ ਵੇਰਵੇ ਵਿਚ ਲਿਖਿਆ ਸੀ, 'ਕੈਨੇਡੀਅਨ ਸੈਂਟਰ ਫਾਰ ਹਿਊਮਨ ਰਾਈਟਸ ਵਾਚ ਐਂਡ ਕੈਨੇਡੀਅਨ ਥਿੰਕਰਜ਼ ਫੋਰਮ ਇਨਵਾਈਟ ਯੂ ਟੂ ਅਟੈਂਡ ਏ ਸੈਮੀਨਾਰ ਔਨ ਹਿਊਮਨ ਰਾਈਟਸ ਅਬਿਊਜਜ਼ ਆਫ ਬਲੋਚ ਇਨ ਪਾਕਿਸਤਾਨ ਆਕੂਪਾਈਡ ਬਲੋਚਿਸਤਾਨ।'

ਮੈਂ ਆਪਣੇ ਵੱਡੇ ਪੁੱਤਰ ਮਨਵੀਰ ਵੱਲੋਂ ਸਦਾ ਲਈ ਛੱਡ ਕੇ ਤੁਰ ਜਾਣ ਤੋਂ ਬਾਅਦ ਆਪਣੇ ਆਪ ਵਿਚ ਬਹੁਤ ਸੁੰਗੜ ਗਈ ਹਾਂ ਅਤੇ ਵਾਹ ਲਗਦੀ ਗੋਸ਼ਟੀਆਂ, ਸੈਮੀਨਾਰਾਂ ਵਿਚ ਜਾਣ ਤੋਂ ਗੁਰੇਜ਼ ਹੀ ਕਰਦੀ ਹਾਂ, ਪਰ ਇਸ ਸੈਮੀਨਾਰ ਵਿਚ ਜਾਣ ਲਈ ਮਨ ਕਾਹਲਾ ਪੈ ਗਿਆ। ਕਈ ਕਾਰਨ ਸਨ। ਪਹਿਲੀ ਗੱਲ, ਬੁਲਾਰਿਆਂ ਵਿਚ ਜਨਾਬ ਤਾਰਕ ਫਤਿਹ ਦਾ ਨਾਮ ਪੜ੍ਹ ਕੇ ਉਸ ਨੂੰ ਸਾਹਮਣੇ ਬੋਲਦਿਆਂ ਦੇਖਣ ਦੀ ਇੱਛਾ ਜਾਗੀ। ਤਾਰਕ ਭਾਰਤ-ਪਾਕਿਸਤਾਨ ਵੰਡ ਨੂੰ ਸ਼ਰੇਆਮ ਗੈਰ-ਜ਼ਰੂਰੀ ਤੇ ਗੈਰ-ਕੁਦਰਤੀ ਵਰਤਾਰਾ ਦੱਸਣ ਅਤੇ ਉਸਾਮਾ ਬਿਨ-ਲਾਦਿਨ ਮਾਅਰਕਾ ਅਤਿਵਾਦ ਖਿਲਾਫ ਆਵਾਜ਼ ਉਠਾਉਣ ਕਾਰਨ ਪਿਛਲੇ ਕਈ ਸਾਲਾਂ ਤੋਂ ਚਰਚਾ ਵਿਚ ਤਾਂ ਹੈ ਹੀ; ਮੈਂ ਉਸ ਦੀ ਕਿਤਾਬ 'ਚੇਜ਼ਿੰਗ ਏ ਮਿਰਾਜ' ਵੀ ਪੜ੍ਹੀ ਹੋਈ ਹੈ ਜਿਸ ਵਿਚ ਉਸ ਨੇ 'ਸਟੇਟ ਆਫ ਇਸਲਾਮ'-'ਬੇਗਮ ਪੁਰਾ ਸਹਿਰ ਕੋ ਨਾਉ' ਦੀ ਤਾਂ ਖੁੱਲ੍ਹ ਕੇ ਹਮਾਇਤ ਕੀਤੀ ਹੈ, ਪਰ 'ਇਸਲਾਮਿਕ ਸਟੇਟ' ਦੀ ਮੁਖਾਲਫਤ ਕੀਤੀ ਹੈ।

ਦੂਸਰਾ ਕਾਰਨ ਸੀ- ਮੈਨੂੰ ਬਲੋਚਿਸਤਾਨ ਬਾਰੇ ਏਨਾ ਕੁ ਹੀ ਪਤਾ ਸੀ ਕਿ ਖੁਰਾਸਾਨ ਕਿਧਰੇ ਬਲੋਚਿਸਤਾਨ ਵਿਚ ਹੀ ਹੈ। ਸੱਸੀ-ਪੁੰਨੂੰ ਦਾ ਗੀਤ ਗਾਉਣ ਵੇਲੇ ਪੰਜਾਬਣਾਂ ਹਮੇਸ਼ਾ ਸੱਸੀ ਨਾਲ ਹਮਦਰਦੀ ਜਤਾਉਂਦਿਆਂ ਜਦੋਂ ਪੁੰਨੂੰ ਦੇ ਭਰਾਵਾਂ ਦੀ ਗੱਲ ਕਰਦੀਆਂ ਹਨ ਤਾਂ 'ਜਾਂਦੇ ਪੁੰਨੂੰ ਨੂੰ ਲੈ ਗਏ ਜਿਹੜੀ ਆਈ ਬਲੋਚਾਂ ਧਾੜ ਵੇ' ਗਾਉਂਦੀਆਂ ਹਨ; ਨਾਲ ਹੀ, ਸਹਿਤੀ ਦਾ ਮੁਰਾਦ ਵੀ ਬਲੋਚ ਸੀ ਅਤੇ ਕੋਇਟੇ ਵਿਚ ਭੂਚਾਲ ਬਹੁਤ ਆਉਂਦੇ ਹਨ। ਇਕ ਹੋਰ ਵਜ੍ਹਾ ਮੇਰੀ ਛੋਟੀ ਭੈਣ ਨਰਮਿੰਦਰ ਕੌਰ ਸਿੱਧੂ ਵੱਲੋਂ ਪਿਛਲੀਆਂ ਗਰਮੀਆਂ ਵਿਚ ਮੇਰੇ ਨਾਲ ਸਾਂਝੀ ਕੀਤੀ ਜਾਣਕਾਰੀ ਬਣੀ। ਉਹ ਬਰੈਂਪਟਨ (ਕੈਨੇਡਾ) ਵਿਚ ਆਪਣੇ ਪਰਿਵਾਰ ਸਮੇਤ ਰਹਿੰਦੀ ਹੈ। ਕਾਲਜ ਵਿਚ ਰਾਜਨੀਤੀ ਸ਼ਾਸਤਰ ਦੀ ਸੀਨੀਅਰ ਅਧਿਆਪਕ ਰਹੀ ਹੋਣ ਕਰ ਕੇ ਉਹ ਜਾਣਕਾਰੀ ਇਕੱਠੀ ਕਰਨ ਵਿਚ ਬੜੀ ਦਿਲਚਸਪੀ ਰੱਖਦੀ ਹੈ। ਉਸ ਨੇ ਮੈਨੂੰ ਦੱਸਿਆ ਕਿ ਉਸ ਦੇ ਘਰ ਲਾਗੇ ਪਾਰਕ ਵਿਚ ਉਸ ਨੂੰ ਬਲੋਚਿਸਤਾਨ ਤੋਂ ਪਰਿਵਾਰ ਸਮੇਤ ਨਵੀਂ ਨਵੀਂ ਆਈ ਬੀਬੀ ਆਪਣੇ ਸਕੂਲ ਜਾਣ ਦੀ ਉਮਰ ਦੇ ਛੋਟੇ ਬੱਚਿਆਂ ਸਮੇਤ ਮਿਲੀ। ਮੇਰੀ ਭੈਣ ਵੀ ਆਪਣੇ ਪੋਤੇ ਅਮਾਨ ਨਾਲ ਪਾਰਕ ਵਿਚ ਅਕਸਰ ਚਲੀ ਜਾਂਦੀ ਹੈ। ਬੱਚੇ ਆਪਸ ਵਿਚ ਖੇਡ ਰਹੇ ਸਨ ਤਾਂ ਮੇਰੀ ਭੈਣ ਨੇ ਉਨ੍ਹਾਂ ਬੱਚਿਆਂ ਨਾਲ ਕੋਈ ਗੱਲ ਕੀਤੀ ਜੋ ਉਹ ਸਮਝ ਨਹੀਂ ਸਕੇ। ਉਸ ਨੇ ਉਸ ਬੀਬੀ ਤੋਂ ਪੁੱਛਿਆ ਕਿ ਉਹ ਪਾਕਿਸਤਾਨ ਤੋਂ ਨਹੀਂ ਹਨ? (ਕਿਉਂਕਿ ਪਹਿਰਾਵੇ ਤੋਂ ਉਹ ਪਾਕਿਸਤਾਨ ਨਾਲ ਸਬੰਧਤ ਜਾਪਦੀ ਸੀ ਤੇ ਉਥੋਂ ਆਏ ਬੱਚੇ ਸਾਡੀ ਗੱਲ ਸਮਝ ਲੈਂਦੇ ਹਨ)। ਉਸ ਬੀਬੀ ਨੇ ਦੱਸਿਆ ਕਿ ਉਹ ਬਲੋਚਿਸਤਾਨ ਤੋਂ ਹਨ ਅਤੇ ਆਪਣੇ ਘਰ ਅੰਦਰ ਉਹ ਆਪਣੀ ਬੋਲੀ ਬੋਲਦੇ ਹਨ। ਉਸ ਨਾਲ ਗੱਲਾਂ ਕਰਦਿਆਂ ਮੇਰੀ ਭੈਣ ਨੂੰ ਪਤਾ ਲੱਗਾ ਕਿ ਪਾਕਿਸਤਾਨੀ ਫੌਜ ਵੱਲੋਂ ਕਿਸ ਤਰ੍ਹਾਂ ਉਥੇ ਹੁਣ ਤੱਕ ਹਜ਼ਾਰਾਂ ਲੋਕ ਮਾਰ ਦਿੱਤੇ ਗਏ ਹਨ ਅਤੇ ਬਲੋਚਿਸਤਾਨ ਦਾ ਕਿੰਨਾ ਬੁਰਾ ਹਾਲ ਹੈ! ਇਸ ਗੱਲ ਨੇ ਮੇਰੇ ਅੰਦਰ ਵੀ ਕਈ ਵਾਰ ਖਲਬਲੀ ਮਚਾਈ ਸੀ, ਕਿਉਂਕਿ ਘੱਟ ਗਿਣਤੀ ਭਾਈਚਾਰਿਆਂ ਨਾਲ ਉਥੇ ਸਮੇਂ ਸਮੇਂ ਕੀ ਵਾਪਰਦਾ ਹੈ, ਇਸ ਬਾਰੇ ਤਾਂ ਜਾਣਕਾਰੀ ਸੀ, ਪਰ ਆਪਣੇ ਮੁਸਲਮਾਨ ਭਰਾਵਾਂ ਨਾਲ ਵੀ ਇਹੋ ਜਿਹਾ ਸਲੂਕ ਹੀ ਪਾਕਿਸਤਾਨੀ ਫੌਜ ਕਰਦੀ ਹੈ, ਇਸ ਦੀ ਜਾਣਕਾਰੀ ਨਹੀਂ ਸੀ। ਇਸ ਲਈ ਮੈਂ ਕੁਝ ਜਾਣਨ-ਸਮਝਣ ਲਈ ਇਸ ਸੈਮੀਨਾਰ ਵਿਚ ਸ਼ਾਮਲ ਹੋਣ ਦਾ ਮਨ ਬਣਾਇਆ।

14 ਜੁਲਾਈ 1947 ਨੂੰ ਜਦੋਂ ਯੂ.ਕੇ. (ਯੂਨਾਈਟਡ ਕਿੰਗਡਮ) ਦੀ 38ਵੀਂ ਪਾਰਲੀਮੈਂਟ ਭਾਰਤ ਦੀ ਆਜਾਦੀ ਦੇ ਬਿਲ 'ਤੇ ਬਹਿਸ ਕਰ ਰਹੀ ਸੀ, ਤਾਂ ਪਾਰਲੀਮੈਂਟ ਦੇ 640 ਮੈਂਬਰਾਂ ਵਿਚੋਂ ਸਿਰਫ ਇਕ ਮੈਂਬਰ ਨੇ ਭਵਿੱਖ ਨੂੰ ਪਹਿਲਾਂ ਹੀ ਤਾੜ ਲਿਆ ਸੀ। ਸਰ ਗਡਫਰੀ ਨਿਕਲਸਨ ਜੋ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਵਜੋਂ ਜਿੱਤ ਕੇ ਆਇਆ ਸੀ, ਨੇ ਹਾਊਸ ਨੂੰ ਤਾੜਨਾ ਕੀਤੀ ਸੀ ਕਿ 'ਜੇ ਬਲੋਚਿਸਤਾਨ ਪਾਕਿਸਤਾਨ ਨਾਲ ਨਹੀਂ ਸ਼ਾਮਲ ਹੋਣਾ ਚਾਹੁੰਦਾ ਤਾਂ ਦੁਨੀਆਂ ਵਿਚ ਕੋਈ ਵੀ ਇਸ ਨੂੰ ਜਬਰੀ ਪਾਕਿਸਤਾਨ ਵਿਚ ਮਿਲਾਏ ਜਾਣ ਤੋਂ ਨਹੀਂ ਰੋਕ ਸਕੇਗਾ, ਅਗਰ ਬਿਲ ਨੂੰ ਵਰਤਮਾਨ ਰੂਪ ਵਿਚ ਪਾਸ ਕਰ ਦਿੱਤਾ ਗਿਆ, ਤਾਂ ਇਹ ਬਹੁਤ ਗੰਭੀਰ ਮਾਮਲਾ ਹੈ।' ਉਹ ਬਿਲ ਦੀ ਮਦ ਨੰਬਰ 2 'ਤੇ ਆਪਣਾ ਖਦਸ਼ਾ ਪ੍ਰਗਟ ਕਰ ਰਿਹਾ ਸੀ, ਜਿਸ ਅਨੁਸਾਰ ਬ੍ਰਿਟਿਸ਼ ਬਲੋਚਿਸਤਾਨ ਨੂੰ ਨਵੀਂ ਸਥਾਪਤ ਕੀਤੀ ਰਿਆਸਤ ਪਾਕਿਸਤਾਨ ਵਿਚ ਮਿਲਾ ਦਿੱਤਾ ਜਾਵੇਗਾ।




***ਪਾਕਿਸਤਾਨ ਦੇ ਕਬਜ਼ੇ ਅੰਦਰ ਬਲੋਚਿਸਤਾਨ ਵਿਚ ਜਬਰ ਦੀ ਇੰਤਾਹ ਦਾ ਅੰਦਾਜ਼ਾ ਇਸ ਦਾ ਸ਼ਿਕਾਰ ਬਣੇ ਬੰਦਿਆਂ ਦੀ ਗਿਣਤੀ ਤੋਂ ਲਗਾਇਆ ਜਾ ਸਕਦਾ ਹੈ। 2006 ਤੋਂ ਮਹਿਜ਼ ਇਕ ਦਹਾਕੇ ਵਿਚ 20000 ਤੋਂ ਵੱਧ ਲੋਕਾਂ ਨੂੰ 'ਲਾਪਤਾ' ਹੋਣ ਲਈ ਮਜਬੂਰ ਕੀਤਾ ਗਿਆ। ਪਾਕਿਸਤਾਨੀ ਬਲਾਂ ਦੀ ਹਿਰਾਸਤ ਵਿਚ ਤਕਰੀਬਨ 3000 ਲੋਕਾਂ ਦਾ ਕਤਲ ਕਰ ਦਿੱਤਾ ਗਿਆ। ਬਲੋਚਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਮਾਰਨ ਲਈ ਪਾਕਿਸਤਾਨ ਵੱਖੋ ਵੱਖਰੀਆਂ ਤਰਕੀਬਾਂ ਅਪਨਾਉਂਦਾ ਹੈ।***

1854 ਅਤੇ ਦੁਬਾਰਾ 1876 ਦੀ ਸੰਧੀ ਅਨੁਸਾਰ ਬਲੋਚਿਸਤਾਨ ਅਤੇ ਬ੍ਰਿਟੇਨ ਵਿਚ ਸਹਿਮਤੀ ਪ੍ਰਗਟ ਕੀਤੀ ਗਈ ਸੀ ਕਿ ਬ੍ਰਿਟਿਸ਼ ਰਾਜ ਵੱਲੋਂ ਬਲੋਚ ਖੇਤਰਾਂ ਦੀ ਵਰਤੋਂ ਯੁੱਧਨੀਤਕ ਮਕਸਦਾਂ ਲਈ ਕੀਤੀ ਜਾਵੇਗੀ ਅਤੇ ਬਦਲੇ ਵਿਚ ਬ੍ਰਿਟੇਨ ਬਲੋਚਿਸਤਾਨ ਦੀ ਬਾਹਰੀ ਧਮਕੀਆਂ ਤੋਂ ਰੱਖਿਆ ਕਰੇਗਾ। ਇੰਡੀਅਨ ਇੰਡੀਪੈਂਡੈਂਸ ਐਕਟ 18 ਜੁਲਾਈ 1947 ਪਾਸ ਕਰ ਦਿੱਤਾ ਗਿਆ। ਫਿਰ 4 ਅਗਸਤ 1947 ਨੂੰ ਜਿਨਾਹ ਨੇ ਪਾਕਿਸਤਾਨ ਦੇ ਬਾਨੀ ਦੇ ਤੌਰ 'ਤੇ, ਬਲੋਚਿਸਤਾਨ ਦੇ ਸਰਵਸਤਾਧਾਰੀ/ਮਹਾਰਾਜੇ ਮੀਰ ਅਹਿਮਦ ਯਾਰ ਖਾਨ ਨਾਲ ਸਥਾਈ ਸਮਝੌਤੇ 'ਤੇ ਦਸਤਖਤ ਕੀਤੇ। ਸ਼ਰਤਾਂ, ਜਿਨ੍ਹਾਂ ਵਿਚ ਜਿਨਾਹ ਨੇ ਬਲੋਚਿਸਤਾਨ ਦੀ ਆਜਾਦੀ ਨੂੰ ਸਵੀਕਾਰਿਆ ਅਤੇ ਮੰਨਿਆ ਕਿ ਪਟੇ ਦੇ ਖੇਤਰ (ਲੀਜ਼ਡ ਏਰੀਆ-ਬ੍ਰਿਟਿਸ਼ ਬਲੋਚਿਸਤਾਨ) ਬਾਰੇ ਕਾਨੂੰਨੀ ਰਾਏ ਲਈ ਜਾਵੇਗੀ, 11 ਅਗਸਤ 1947 'ਚ ਪ੍ਰਸਾਰਤ ਕੀਤੀਆਂ ਗਈਆਂ।

ਬੇਸ਼ੱਕ, ਕਾਨੂੰਨੀ ਰਾਏ ਕਦੇ ਵੀ ਨਹੀਂ ਲਈ ਗਈ ਅਤੇ ਬ੍ਰਿਟਿਸ਼ ਬਲੋਚਿਸਤਾਨ ਨੂੰ ਸਾਰੇ ਕੌਮਾਂਤਰੀ ਕਾਨੂੰਨਾਂ ਅਤੇ ਸੰਧੀਆਂ ਨੂੰ ਛਿੱਕੇ ਟੰਗ ਕੇ ਪਾਕਿਸਤਾਨ ਵਿਚ ਮਿਲਾ ਲਿਆ ਗਿਆ। ਅਪਰੈਲ 1948 ਵਿਚ ਕਲਾਤ (ਰਾਜਧਾਨੀ) ਦੇ ਪ੍ਰਬੰਧ ਹੇਠ ਆਉਂਦੇ ਬਲੋਚਿਸਤਾਨ ਦੇ ਬਾਕੀ ਬਚਦੇ ਸਾਰੇ ਖੇਤਰਾਂ ਵਿਚ ਪਾਕਿਸਤਾਨ ਦਾਖਲ ਹੋ ਗਿਆ ਅਤੇ ਖੇਤਰਾਂ ਨੂੰ ਪਾਕਿਸਤਾਨ ਵਿਚ ਮਿਲਾ ਦਿੱਤਾ ਗਿਆ, ਜਦੋਂ ਤੱਕ ਕਲਾਤ ਨੂੰ ਪਾਕਿਸਤਾਨੀ ਫੌਜ ਨੇ ਘੇਰ ਨਹੀਂ ਲਿਆ। ਬਲੋਚਿਸਤਾਨ ਦੇ ਸ਼ਾਸਕ ਮੀਰ ਅਹਿਮਦ ਯਾਰ ਖਾਨ ਨੂੰ 27 ਮਾਰਚ 1948 ਨੂੰ ਐਕਸੈਸ਼ਨ ਟਰੈਟੀ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ। ਬ੍ਰਿਟੇਨ ਨੇ ਸੰਧੀ ਅਨੁਸਾਰ ਕੀਤਾ ਆਪਣਾ ਵਾਅਦਾ ਨਹੀਂ ਨਿਭਾਇਆ, ਬਲਕਿ ਧਾੜਵੀ ਪਾਕਿਸਤਾਨੀ ਫੌਜ ਦੀ ਅਗਵਾਈ ਬ੍ਰਿਟਿਸ਼ ਜਨਰਲ ਸਰ ਫਰੈਂਕ ਮੈਜ਼ਰਵੀ ਨੇ ਕੀਤੀ। ਬਲੋਚਿਸਤਾਨ ਨਾਲ ਧੋਖਾ ਕੀਤਾ ਗਿਆ ਅਤੇ ਉਸ ਨੂੰ ਪਾਕਿਸਤਾਨ ਵਿਚ ਰਲੇਵੇਂ ਲਈ ਮਜਬੂਰ ਕੀਤਾ ਗਿਆ। ਇਸ ਤਰ੍ਹਾਂ ਨਿਕਲਸਨ ਦੀ ਕੀਤੀ ਭਵਿੱਖਵਾਣੀ ਸੱਚੀ ਸਾਬਤ ਹੋ ਗਈ।

ਡਾ. ਕਰੀਮਜ਼ਾਦੀ ਅਨੁਸਾਰ ਬਟਵਾਰੇ ਦੇ ਮੁਢਲੇ ਦਿਨਾਂ ਵਿਚ ਭਾਰਤ ਤੋਂ ਪਾਕਿਸਤਾਨ ਅਤੇ ਪਾਕਿਸਤਾਨ ਤੋਂ ਭਾਰਤ ਵੱਲ ਹਿਜਰਤ ਕਰਦੇ ਲੱਖਾਂ ਲੋਕ ਮਾਰੇ ਗਏ; ਇਥੋਂ ਤੱਕ ਕਿ ਚੌਧਰੀ ਰਹਿਮਤ ਅਲੀ ਜਿਸ ਨੇ ਸ਼ਬਦ 'ਪਾਕਿਸਤਾਨ' ਘੜਿਆ ਸੀ, ਨੂੰ ਵੀ ਨਹੀਂ ਬਖਸ਼ਿਆ ਗਿਆ। ਉਹ ਅਪਰੈਲ 1948 ਵਿਚ ਬ੍ਰਿਟੇਨ ਤੋਂ ਪਾਕਿਸਤਾਨ ਗਿਆ, ਉਸ ਦੀ ਸਾਰੀ ਜਾਇਦਾਦ ਕੁਰਕ ਕਰ ਲਈ ਗਈ, ਉਸ ਨੂੰ ਜਿਚ ਕੀਤਾ ਗਿਆ ਅਤੇ ਉਹ ਮੁਲਕ ਜਿਸ ਨੂੰ ਬਣਾਉਣ ਲਈ ਉਸ ਨੇ ਭਾਰਤ ਦੀ ਵੰਡ ਕਰ ਕੇ ਸਹਾਇਤਾ ਕੀਤੀ, ਆਪਣੇ ਬਣਾਉਣ ਵਾਲੇ ਦੇ ਹੀ ਖਿਲਾਫ ਹੋ ਗਿਆ। ਇਹ ਮਹਿਸੂਸ ਕਰਦਿਆਂ ਕਿ ਉਸ ਦੀ ਵਿਚਾਰਧਾਰਾ ਨੇ ਕਿਹੋ ਜਿਹੀ ਜ਼ਹਿਰ ਬੀਜ ਦਿੱਤੀ ਹੈ, ਰਹਿਮਤ ਅਲੀ ਪਾਕਿਸਤਾਨ ਛੱਡ ਕੇ ਵਾਪਸ ਬ੍ਰਿਟੇਨ ਚਲਾ ਗਿਆ ਜੋ ਈਸਾਈ ਬਹੁ-ਗਿਣਤੀ ਸਮਾਜ ਸੀ ਅਤੇ ਬਾਕੀ ਦੀ ਜ਼ਿੰਦਗੀ ਉਸ ਨੇ ਉਥੇ ਹੀ ਗੁਜ਼ਾਰੀ।

ਪਾਕਿਸਤਾਨ ਦੇ ਕਬਜ਼ੇ ਅੰਦਰ ਬਲੋਚਿਸਤਾਨ ਵਿਚ ਜਬਰ ਦੀ ਇੰਤਾਹ ਦਾ ਅੰਦਾਜ਼ਾ ਇਸ ਦਾ ਸ਼ਿਕਾਰ ਬਣੇ ਬੰਦਿਆਂ ਦੀ ਗਿਣਤੀ ਤੋਂ ਲਗਾਇਆ ਜਾ ਸਕਦਾ ਹੈ। ਸੰਨ 2006 ਤੋਂ ਮਹਿਜ਼ ਇਕ ਦਹਾਕੇ ਵਿਚ 20,000 ਤੋਂ ਵੱਧ ਲੋਕਾਂ ਨੂੰ 'ਲਾਪਤਾ' ਹੋਣ ਲਈ ਮਜਬੂਰ ਕੀਤਾ ਗਿਆ। ਪਾਕਿਸਤਾਨੀ ਬਲਾਂ ਦੀ ਹਿਰਾਸਤ ਵਿਚ ਤਕਰੀਬਨ 3000 ਲੋਕਾਂ ਦਾ ਕਤਲ ਕਰ ਦਿੱਤਾ ਗਿਆ ਜਿਨ੍ਹਾਂ ਵਿਚ ਵਕੀਲ, ਡਾਕਟਰ, ਅਧਿਆਪਕ ਅਤੇ ਵਿਦਿਆਰਥੀ ਸ਼ਾਮਲ ਹਨ। ਬਲੋਚਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਮਾਰਨ ਲਈ ਪਾਕਿਸਤਾਨ ਵੱਖੋ ਵੱਖਰੀਆਂ ਤਰਕੀਬਾਂ ਅਪਨਾਉਂਦਾ ਹੈ। ਕੋਇਟਾ ਸਿਵਲ ਹਸਪਤਾਲ ਵਿਚ 8 ਅਗਸਤ ਨੂੰ ਬਲੋਚ ਅਤੇ ਪਖਤੂਨ ਵਕੀਲਾਂ ਦੇ ਇਕੱਠ 'ਤੇ ਆਤਮਘਾਤੀ ਮਨੁੱਖੀ ਬੰਬ ਨੇ ਹਮਲਾ ਕੀਤਾ ਜਿਸ ਵਿਚ 50 ਤੋਂ ਜ਼ਿਆਦਾ ਵਕੀਲ ਮਾਰੇ ਗਏ। ਉਨ੍ਹਾਂ ਵਿਚੋਂ ਬਹੁਤੇ ਪਖਤੂਨ ਅਤੇ ਬਲੋਚ, ਹਸਪਤਾਲ ਵਿਚ ਆਪਣੇ ਸਾਥੀ ਵਕੀਲ ਦੀ ਮ੍ਰਿਤਕ ਦੇਹ ਲੈਣ ਆਏ ਸੀ, ਜਿਹੜਾ ਉਸ ਦਿਨ ਸਵੇਰੇ ਹੀ ਨਿਸ਼ਾਨਾ ਬਣਾ ਕੇ ਮਾਰ ਦਿੱਤਾ ਗਿਆ ਸੀ।

ਵੱਡਾ ਸਵਾਲ ਹੈ ਕਿ ਕੋਇਟਾ, ਜਿਥੇ ਕੋਈ ਬਲੋਚ ਇਕ ਸੜਕ ਤੋਂ ਦੂਸਰੀ ਸੜਕ ਤੱਕ ਥਾਂ ਥਾਂ ਫੌਜੀ ਜਾਂਚ-ਟਿਕਾਣਿਆਂ 'ਤੇ ਲਗਾਤਾਰ ਜਿਚ ਹੋਏ ਵਗੈਰ ਸਫਰ ਨਹੀਂ ਕਰ ਸਕਦਾ, ਉਥੇ ਇਹ ਕਿਵੇਂ ਸੰਭਵ ਹੋਇਆ ਕਿ ਕੋਈ ਆਤਮਘਾਤੀ ਮਨੁੱਖੀ ਬੰਬ ਵਕੀਲਾਂ ਦੀ ਪੂਰੀ ਪੀੜ੍ਹੀ ਨੂੰ ਕਿਸੇ ਅੰਦਰੂਨੀ ਸਹਾਇਤਾ ਤੋਂ ਬਿਨਾਂ ਖਤਮ ਕਰ ਦੇਵੇ?

11 ਅਗਸਤ 1947 ਨੂੰ ਜਿਨਾਹ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਪਾਕਿਸਤਾਨ ਦੀ ਨੀਂਹ ਰੱਖੀ ਸੀ ਜਿਸ ਨੇ ਧਰਮ ਦੀ ਆਜਾਦੀ ਦੀ ਜ਼ਮਾਨਤ ਦਿੰਦਿਆਂ ਧਰਮ-ਨਿਰਪੱਖ ਅਤੇ ਉਦਾਰਵਾਦੀ ਲੋਕਰਾਜ ਬਣਨਾ ਸੀ: 'ਪਾਕਿਸਤਾਨ ਵਿਚ ਤੁਸੀਂ ਆਜ਼ਾਦ ਹੋ, ਤੁਸੀਂ ਆਪਣੇ ਮੰਦਿਰਾਂ ਵਿਚ ਜਾਣ ਲਈ ਆਜ਼ਾਦ ਹੋ, ਤੁਸੀਂ ਆਪਣੀਆਂ ਮਸਜਿਦਾਂ ਵਿਚ ਜਾਣ ਲਈ ਆਜ਼ਾਦ ਹੋ ਜਾਂ ਹੋਰ ਕਿਸੇ ਪੂਜਾ ਦੇ ਸਥਾਨ 'ਤੇ ਜਾਣ ਲਈ ਆਜ਼ਾਦ ਹੋ।' ਇਸ ਭਾਸ਼ਨ ਤੋਂ ਸਪਸ਼ਟ ਹੁੰਦਾ ਹੈ ਕਿ ਜਿਨਾਹ ਆਪਣੇ ਮੁਲਕ ਨੂੰ ਕਿਹੋ ਜਿਹਾ ਰੂਪ ਦੇਣਾ ਚਾਹੁੰਦਾ ਸੀ। ਇਸੇ ਭਾਸ਼ਣ ਵਿਚ ਉਸ ਨੇ ਅੱਗੇ ਦਾਅਵਾ ਕੀਤਾ ਸੀ- 'ਤੁਸੀਂ ਕਿਸੇ ਵੀ ਧਰਮ, ਜਾਤ, ਫਿਰਕੇ ਨਾਲ ਸਬੰਧਤ ਹੋ ਸਕਦੇ ਹੋ, ਇਸ ਦਾ ਮੁਲਕ ਦੇ ਵਿਹਾਰ ਨਾਲ ਕੋਈ ਸਬੰਧ ਨਹੀਂ।'

ਇਉਂ 'ਪਾਕਿਸਤਾਨ ਦੇ ਕਬਜ਼ੇ ਹੇਠਲੇ ਬਲੋਚਿਸਤਾਨ ਦੀ ਹੋਣੀ, ਚੁਣੌਤੀਆਂ ਅਤੇ ਮਨੁੱਖੀ ਹੱਕਾਂ ਦਾ ਘਾਣ' ਬਾਰੇ ਜਾਣਨ-ਸਮਝਣ ਲਈ 27 ਮਾਰਚ, ਸੋਮਵਾਰ ਨੂੰ ਮੌਕਾ ਬਣਿਆ। ਅਸਲ ਵਿਚ 27 ਮਾਰਚ ਦਾ ਦਿਨ ਬਲੋਚਿਸਤਾਨ ਦੇ ਇਤਿਹਾਸ ਵਿਚ ਖਾਸ ਦਿਨ ਵਜੋਂ ਜਾਣਿਆ ਜਾਂਦਾ ਹੈ। ਇਹੀ 27 ਮਾਰਚ 1948 ਦਾ ਦਿਹਾੜਾ ਸੀ ਜਦੋਂ ਪਾਕਿਸਤਾਨ ਦੇ ਹੋਂਦ ਵਿਚ ਆਉਣ ਦੇ ਤਕਰੀਬਨ 8 ਕੁ ਮਹੀਨੇ ਬਾਅਦ ਹੀ ਪਾਕਿਸਤਾਨ ਦੀ ਹਕੂਮਤ ਨੇ ਆਪਣੀ ਫੌਜੀ ਤਾਕਤ ਵਰਤਦਿਆਂ ਕਸ਼ਮੀਰ ਵਾਂਗ ਹੀ ਬਲੋਚਿਸਤਾਨ 'ਤੇ ਧਾਵਾ ਬੋਲ ਕੇ ਉਸ ਨੂੰ ਆਪਣੇ ਕਬਜ਼ੇ ਹੇਠਾਂ ਕਰ ਲਿਆ ਸੀ ਅਤੇ ਇਸੇ ਕਾਲੇ ਦਿਨ ਤੋਂ ਬਲੋਚਿਸਤਾਨ ਲਈ, ਅੰਗਰੇਜ਼ਾਂ ਦੇ ਜਾਣ ਤੋਂ ਬਾਅਦ, ਹਿੰਦੁਸਤਾਨ ਦੀ ਦੋ ਮੁਲਕਾਂ ਵਿਚ ਵੰਡ ਹੋਣ ਕਰ ਕੇ ਨਵੇਂ ਨਵੇਂ ਹੋਂਦ ਵਿਚ ਆਏ ਪਾਕਿਸਤਾਨ ਦੀ ਗੁਲਾਮੀ ਹੰਢਾਉਣ ਦੀ ਸ਼ੁਰੂਆਤ ਹੋ ਗਈ ਸੀ।

ਸੈਮੀਨਾਰ 'ਚ ਜਾ ਕੇ ਹੀ ਪਹਿਲੀ ਵਾਰ ਪਤਾ ਲੱਗਾ ਕਿ ਬਲੋਚਿਸਤਾਨ ਅੰਗਰੇਜ਼ਾਂ ਦੀ ਹਕੂਮਤ ਸਮੇਂ ਵੱਖਰਾ ਮੁਲਕ ਸੀ, ਪਰ ਪਾਕਿਸਤਾਨ ਨੇ 27 ਮਾਰਚ 1948 ਨੂੰ ਬਲੋਚਿਸਤਾਨ 'ਤੇ ਆਪਣੀ ਫੌਜ ਰਾਹੀਂ ਕਬਜ਼ਾ ਕਰ ਕੇ ਇਸ ਨੂੰ ਜਬਰੀ ਪਾਕਿਸਤਾਨ ਦਾ ਹਿੱਸਾ ਬਣਾ ਲਿਆ ਸੀ; ਉਸੇ ਤਰ੍ਹਾਂ ਜਿਵੇਂ ਕਸ਼ਮੀਰ ਦੇ ਕੁਝ ਹਿੱਸੇ ਜਿਸ ਨੂੰ ਪਾਕਿਸਤਾਨ 'ਆਜ਼ਾਦ ਕਸ਼ਮੀਰ' ਦਾ ਨਾਂ ਦਿੰਦਾ ਹੈ, ਨੂੰ ਪਾਕਿਸਤਾਨ ਦਾ ਹਿੱਸਾ ਬਣਾ ਲਿਆ ਸੀ।

ਸੈਮੀਨਾਰ ਦਾ ਪ੍ਰਬੰਧ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਸਰਗਰਮ ਕਾਰਕੁਨ ਜਾਣੀ ਪਛਾਣੀ ਸ਼ਖਸੀਅਤ ਸਟੇਸੀ ਕੌਰ (ਸ ਟਅਚਇ ਖੋਰ) ਨੇ ਸ਼ੈਰੀਡਨ ਕਾਲਜ ਦੇ ਛੋਟੇ ਆਡੀਟੋਰੀਅਮ ਵਿਚ ਕੀਤਾ ਸੀ ਜਿਸ ਵਿਚ ਮੁੱਖ ਬੁਲਾਰੇ ਸਨ ਕੈਨੇਡਾ ਦੇ ਇਮੀਗਰੇਸ਼ਨ ਤੇ ਸਿਟੀਜ਼ਨਸ਼ਿਪ ਦੇ ਸਾਬਕਾ ਮੰਤਰੀ ਕ੍ਰਿਸ ਅਲੈਗਜ਼ਾਂਡਰ, ਜਾਣੇ-ਪਛਾਣੇ ਵਿਦਵਾਨ ਤੇ ਜ਼ੀ ਟੀ.ਵੀ. ਦੇ ਹੋਸਟ ਤਾਰਕ ਫਤਿਹ, ਇਸਤਰੀਆਂ ਤੇ ਬੱਚਿਆਂ ਦੇ ਮਨੁੱਖੀ ਅਧਿਕਾਰਾਂ ਲਈ ਸਰਗਰਮ ਸੰਸਾਰ ਪ੍ਰਸਿੱਧ ਕਾਰਕੁਨ ਅਰੁਣਾ ਪੈਪ, ਕੈਨੇਡਾ ਦੀ ਬਲੋਚ ਮਨੁੱਖੀ ਅਧਿਕਾਰਾਂ ਦੀ ਕੌਂਸਲ ਦੇ ਪ੍ਰਧਾਨ ਡਾ. ਜ਼ਫਰ ਬਲੋਚ ਅਤੇ ਬਲੋਚਿਸਤਾਨ ਸਟੂਡੈਂਟਸ ਆਰਗੇਨਾਈਜ਼ੇਸ਼ਨ (ਆਜ਼ਾਦ) ਦੀ ਪ੍ਰਧਾਨ ਕਰੀਮਾ ਬਲੋਚ। ਪ੍ਰੋਫੈਸਰ ਰੁਥ ਅਤੇ ਪ੍ਰੋਫੈਸਰ ਡੇਵਿਡ ਪੈਪ ਇਸ ਸੈਮੀਨਾਰ ਦੇ ਨਿਰਦੇਸ਼ਕ ਸਨ। ਸ਼ੈਰੀਡਨ ਕਾਲਜ ਦੇ ਛੋਟੇ ਆਡੀਟੋਰੀਅਮ ਵਿਚ ਸੋਮਵਾਰ ਕੰਮਕਾਜੀ ਦਿਹਾੜਾ ਹੋਣ 'ਤੇ ਵੀ ਤਕਰੀਬਨ 65 ਕੁ ਸਰੋਤੇ ਹਾਜ਼ਰ ਸਨ।

ਸੈਮੀਨਾਰ ਦੀ ਸ਼ੁਰੂਆਤ ਕਰਦਿਆਂ ਸਭ ਤੋਂ ਪਹਿਲਾਂ ਸਲਾਈਡ ਸ਼ੋਅ ਕੀਤਾ ਗਿਆ ਜਿਸ ਵਿਚ ਪਾਕਿਸਤਾਨੀ ਫੌਜ ਵੱਲੋਂ ਆਮ ਲੋਕਾਂ 'ਤੇ ਕੀਤੇ ਜਾ ਰਹੇ ਤਸ਼ੱਦਦ ਦੀਆਂ ਵੀਡੀਓਜ਼ ਦਿਖਾਈਆਂ ਗਈਆਂ। ਸੈਮੀਨਾਰ ਦੀ ਰਸਮੀ ਸ਼ੁਰੂਆਤ ਕਰਦਿਆਂ ਕਰੀਮਾ ਬਲੋਚ ਨੇ ਅੰਗਰੇਜ਼ੀ ਵਿਚ ਸੰਖੇਪ ਪਰਚਾ ਪੜ੍ਹਿਆ। ਉਸ ਨੇ ਬਲੋਚਾਂ ਅਤੇ ਪਾਕਿਸਤਾਨੀ ਫੌਜ ਵੱਲੋਂ ਢਾਹੇ ਜਾ ਰਹੇ ਤਸ਼ੱਦਦ ਦੀ ਗੱਲ ਕਰਦਿਆਂ ਖੁਲਾਸਾ ਕੀਤਾ ਕਿ ਕਿਸ ਤਰ੍ਹਾਂ ਹੁਣ ਤੱਕ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ ਜਿਨ੍ਹਾਂ ਵਿਚ ਪੱਤਰਕਾਰ, ਅਧਿਆਪਕ, ਡਾਕਟਰ ਅਤੇ ਨੌਜੁਆਨ ਸ਼ਾਮਲ ਸਨ, ਭਾਵ ਕੋਈ ਵੀ ਉਹ ਜਿਸ ਤੋਂ ਪਾਕਿਸਤਾਨੀ ਫੌਜ ਨੂੰ ਲੱਗਦਾ ਹੈ ਕਿ ਲੋਕਾਂ ਦੀ ਆਵਾਜ਼ ਬਣ ਸਕਦਾ ਹੈ, ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਕਰੀਮਾ ਬਲੋਚ ਨੇ ਖੋਲ੍ਹ ਕੇ ਦੱਸਿਆ ਕਿ ਪਾਕਿਸਤਾਨ ਦੀ ਸਟੇਟ ਮਸ਼ੀਨਰੀ ਵੱਲੋਂ ਹਜ਼ਾਰਾਂ ਹੀ ਵਿਦਿਆਰਥੀਆਂ ਨੂੰ ਤਸੀਹੇ ਦਿਤੇ ਗਏ, ਮਾਰ ਦਿੱਤਾ ਗਿਆ ਅਤੇ ਗੁੰਮ ਕਰ ਦਿੱਤਾ ਗਿਆ।

ਅਰੁਣਾ ਪੈਪ ਨੇ ਪਾਕਿਸਤਾਨੀ ਕਬਜ਼ੇ ਵਿਚਲੇ ਬਲੋਚਿਸਤਾਨ ਵਿਚ ਬੱਚਿਆਂ ਅਤੇ ਇਸਤਰੀਆਂ ਦੇ ਮਨੁੱਖੀ ਅਧਿਕਾਰਾਂ ਦੇ ਘਾਣ 'ਤੇ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਦੱਸਿਆ ਕਿ ਇਸਤਰੀਆਂ ਦੇ ਹੱਕਾਂ ਦਾ ਉਥੇ ਇੰਨਾ ਮੰਦਾ ਹਾਲ ਹੈ ਕਿ ਪਾਕਿਸਤਾਨੀ ਫੌਜ ਵੱਲੋਂ ਤਿੰਨ ਤਿੰਨ ਸਾਲ ਦੀਆਂ ਬੱਚੀਆਂ ਤੋਂ ਲੈ ਕੇ 80-80 ਸਾਲ ਤੱਕ ਦੀਆਂ ਬਜ਼ੁਰਗ ਔਰਤਾਂ ਨੂੰ ਵੀ ਤਸ਼ੱਦਦ ਤੇ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਹੈ।

ਡਾ. ਜ਼ਫਰ ਬਲੋਚ ਨੇ ਪਾਕਿਸਤਾਨੀ ਕਬਜ਼ੇ ਹੇਠਲੇ ਬਲੋਚਿਸਤਾਨ ਵਿਚ ਪਾਕਿਸਤਾਨੀ ਫੌਜ ਵੱਲੋਂ ਸੁਦੇਸ਼ੀ ਲੋਕਾਂ 'ਤੇ ਕੀਤੇ ਜਾ ਰਹੇ ਤਸ਼ੱਦਦ ਅਤੇ ਨਸਲਕੁਸ਼ੀ ਦੀ ਜਾਣਕਾਰੀ ਸਬੂਤਾਂ ਸਮੇਤ ਸਰੋਤਿਆਂ ਨਾਲ ਸਾਂਝੀ ਕੀਤੀ। ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਤ ਕ੍ਰਿਸ ਅਲੈਗਜ਼ਾਂਡਰ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਨੁੱਖੀ ਅਧਿਕਾਰਾਂ ਲਈ ਲੜਾਈ ਕੈਨੇਡਾ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਪਾਕਿਸਤਾਨ ਨੂੰ ਹਿੰਸਾ, ਅਤਿਵਾਦ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਾ ਕੇਂਦਰ ਮੰਨਦਾ ਹੈ। ਉਹ ਅਫਗਾਨਿਸਤਾਨ ਵਿਚ ਕੈਨੇਡਾ ਦੇ ਰਾਜਦੂਤ ਰਹੇ ਹੋਣ ਕਾਰਨ ਉਸ ਖਿੱਤੇ ਬਾਰੇ ਭਰਪੂਰ ਗਿਆਨ ਰੱਖਦੇ ਹਨ ਜੋ ਉਨ੍ਹਾਂ ਨੇ ਸਰੋਤਿਆਂ ਨਾਲ ਸਾਂਝਾ ਕੀਤਾ।

ਕੈਨੇਡੀਅਨ ਮਨੁੱਖੀ ਅਧਿਕਾਰਾਂ ਦੀ ਕਾਰਕੁਨ ਸਟੇਸੀ ਕੌਰ ਨੇ ਕੌਮਾਂਤਰੀ ਭਾਈਚਾਰਿਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਪਾਕਿਸਤਾਨੀ ਕਬਜ਼ੇ ਵਿਚਲੇ ਬਲੋਚਿਸਤਾਨ ਵਿਚ ਬਲੋਚਾਂ ਨੂੰ ਬਚਾਉਣ ਲਈ ਅੱਗੇ ਆਉਣ ਅਤੇ ਮਦਦ ਕਰਨ। ਤਾਰਕ ਫਤਿਹ ਨੇ ਆਪਣੇ ਦਲੇਰਾਨਾ ਅੰਦਾਜ਼ ਵਿਚ ਖਿੱਤੇ ਵਿਚ ਅਮਨ ਦੀ ਬਹਾਲੀ ਲਈ ਸੁਝਾਅ ਦਿੱਤੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਰਾਹ 'ਤੇ ਆਉਣਾ ਹੀ ਪੈਣਾ ਹੈ ਅਤੇ ਬਲੋਚਿਸਤਾਨ ਦੀ ਪੂਰਨ ਆਜਾਦੀ ਹੀ ਖਿੱਤੇ ਵਿਚ ਅਮਨ ਬਹਾਲ ਕਰਨ ਦਾ ਰਸਤਾ ਹੈ।

ਸੁਣਨ ਵਿਚ ਇਹ ਵੀ ਆਉਂਦਾ ਹੈ ਕਿ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰੀ ਇਲਾਕੇ ਦੇ ਲੋਕ ਬੜੇ ਤੰਗ ਹਨ। ਪਾਕਿਸਤਾਨ ਹੱਥੋਂ ਮੁਕਤ ਹੋਣ ਲਈ ਬੰਗਾਲੀ ਹਜ਼ਾਰਾਂ ਨਹੀਂ, ਬਲਕਿ ਲੱਖਾਂ ਦੀ ਗਿਣਤੀ ਵਿਚ ਮਾਰੇ ਗਏ। ਬਲੋਚਾਂ ਦਾ ਹਾਲ ਸੁਣ ਹੀ ਰਹੀ ਸਾਂ। ਸੈਮੀਨਾਰ ਵਿਚ ਬੈਠਿਆਂ ਇਕੋ ਸਵਾਲ ਮੇਰੇ ਜ਼ਿਹਨ ਵਿਚ ਵਾਰ ਵਾਰ ਉਠਦਾ ਰਿਹਾ ਕਿ ਪਾਕਿਸਤਾਨ ਨਿੱਤ ਦਿਹਾੜੇ ਜਿਸ ਕਸ਼ਮੀਰ ਲਈ ਰੌਲਾ ਪਾਉਂਦਾ ਹੈ, ਕੀ ਪੂਰੇ ਕਸ਼ਮੀਰ 'ਤੇ ਕਬਜ਼ਾ ਕਰ ਕੇ ਉਹ ਕਸ਼ਮੀਰੀਆਂ ਨੂੰ ਉਸੇ ਕਿਸਮ ਦੀ ਆਜਾਦੀ ਦੇਣਾ ਚਾਹੁੰਦਾ ਹੈ ਜਿਸ ਤਰ੍ਹਾਂ ਦੀ ਆਜਾਦੀ ਵਿਚਾਰੇ ਬਲੋਚਿਸਤਾਨ ਦੇ ਲੋਕਾਂ ਨੂੰ ਦਿੱਤੀ ਹੋਈ ਹੈ?

# ਨਿੱਤ ਡੱਸੇ ਮਾਇਆ ਨਾਗਣ

*ਮਾਇਆ ਦੇ ਮਾਇਆ-ਜਾਲ ਨੇ ਸਮੁੱਚਾ ਸੰਸਾਰ ਹਿਲਾਇਆ ਹੋਇਆ ਹੈ। ਅੰਮ੍ਰਿਤਸਰ ਵਿਚ ਵੱਸਦੇ ਅੱਖਾਂ ਦੇ ਪ੍ਰਸਿੱਧ ਸਰਜਨ ਡਾਕਟਰ ਦਲਜੀਤ ਸਿੰਘ ਨੇ ਮਾਇਆ ਦੇ ਅਜੋਕੇ ਰੰਗਾਂ ਬਾਰੇ ਚੀਰ-ਫਾੜ ਆਪਣੇ ਇਸ ਲੇਖ ਵਿਚ ਕੀਤੀ ਹੈ। ਉਨ੍ਹਾਂ ਬਾਖੂਬੀ ਜਚਾਇਆ ਹੈ ਕਿ ਮੁੱਠੀ ਭਰ ਲੋਕ ਕਿਸ ਤਰ੍ਹਾਂ ਸੰਸਾਰ ਦੇ ਬਹੁਤ ਮੁਲਕਾਂ ਦੀ ਸਿਆਸਤ ਅਤੇ ਆਰਥਿਕਤਾ ਚਲਾ ਰਹੇ ਹਨ। ਇਸ ਨਾਲ ਲੋਕ ਲਗਾਤਾਰ ਹਾਸ਼ੀਏ 'ਤੇ ਜਾ ਰਹੇ ਹਨ ਅਤੇ ਇਨ੍ਹਾਂ ਲੋਕਾਂ ਦੇ ਘਰ ਭਰਦੇ ਜਾ ਰਹੇ ਹਨ। -ਸੰਪਾਦਕ*

ਡਾਇਣ ਤਾਂ ਕੋਈ ਨਾ ਕੋਈ ਹੈ, ਪਰ ਉਹ ਦਿਸਦੀ ਨਹੀਂ। ਦੇਸ਼ ਵੰਡ ਸਮੇਂ ਤੱਕ (1947) ਰੁਪਈਆ, ਅਠਿਆਨੀ, ਚਵਾਨੀ, ਦਵਾਨੀ, ਆਨਾ, ਟਕਾ, ਪੈਸਾ, ਧੇਲਾ, ਪਾਈ ਅਤੇ ਦਮੜੀ ਦਿਖਾਈ ਦਿੰਦੇ ਸਨ। ਰੁਪਈਆ, ਅਠਿਆਨੀ ਤੇ ਚਵਾਨੀ ਚਾਂਦੀ ਦੇ ਸਨ, ਬਾਕੀ ਸਿੱਕੇ ਤਾਂਬੇ ਦੇ। ਹਰ ਸਿੱਕੇ ਅੰਦਰ ਕੁਝ ਨਾ ਕੁਝ ਖਰੀਦ ਸ਼ਕਤੀ ਸੀ। ਇਕ ਰੁਪਏ ਵਿਚ 64 ਪੈਸੇ, ਇਕ ਪੈਸੇ ਵਿਚ ਦੋ ਧੇਲੇ, ਤਿੰਨ ਪਾਈਆਂ ਅਤੇ ਚਾਰ ਦਮੜੀਆਂ ਹੁੰਦੀਆਂ ਸਨ। ਅੱਜ ਦੇ ਰੁਪਏ ਦੇ ਨੋਟ ਦੀ ਖਰੀਦ ਸ਼ਕਤੀ ਇਕ ਦਮੜੀ ਨਾਲੋਂ ਅੱਧਾ ਹਿੱਸਾ ਹੈ। ਇਨ੍ਹਾਂ 70 ਸਾਲਾਂ ਅੰਦਰ ਕਿਸ ਜਾਦੂ ਦੀ ਛੜੀ ਨੇ ਇਹ ਕਾਰਨਾਮਾ ਕੀਤਾ ਹੈ? ਕੋਈ ਐਸੀ ਜਾਦੂ ਦੀ ਛੜੀ ਨਹੀਂ, ਜਿਸ ਨਾਲ ਸਾਡੀ ਗਵਾਚੀ ਹੋਈ ਕਰੰਸੀ ਸ਼ਕਤੀ ਵਾਪਸ ਆ ਜਾਵੇ? ਚਲੋ ਨਹੀਂ ਵੀ ਆਉਂਦੀ ਤਾਂ ਘੱਟੋ-ਘੱਟ ਇਥੇ ਹੀ ਸਥਿਰ ਹੋ ਜਾਵੇ।

ਇਹ ਜਾਦੂ ਦੀ ਛੜੀ ਨਿਰੀ ਭਾਰਤ ਉਤੇ ਹੀ ਨਹੀਂ ਚੱਲੀ, ਸਗੋਂ ਦੁਨੀਆਂ ਦੇ ਬਹੁਤ ਦੇਸ਼ਾਂ ਉਤੇ ਚੱਲੀ ਹੈ। ਇਹ ਜਾਦੂ ਕਰੀਬ ਢਾਈ ਸੌ ਸਾਲ ਪਹਿਲਾਂ ਸ਼ੁਰੂ ਹੋਇਆ ਸੀ ਅਤੇ ਇਕ-ਇਕ ਕਰ ਕੇ ਲਗਪਗ ਕੁਲ ਦੁਨੀਆ



**ਡਾ. ਦਲਜੀਤ ਸਿੰਘ**
**ਫੋਨ: +91-98150-00207**

ਉਤੇ ਛਾ ਗਿਆ। ਜਿਹੜੇ ਦੇਸ਼ ਲੋਕਤੰਤਰੀ ਢੰਗ ਨਾਲ ਕਾਬੂ ਆ ਗਏ, ਵਾਹ ਭਲਾ! ਨਹੀਂ ਤਾਂ ਬਾਹਰੋਂ ਅੰਦਰੋਂ ਠੋਸੀਆਂ ਜੰਗਾਂ ਨਾਲ ਕਾਬੂ ਕੀਤੇ ਗਏ। ਇਹ ਸਿਲਸਿਲਾ ਪਿਛਲੇ ਦਹਾਕਿਆਂ ਵਿਚ ਅਫਗਾਨਿਸਤਾਨ, ਇਰਾਕ, ਲੀਬੀਆ ਅਤੇ ਸੂਡਾਨ ਨੂੰ ਹੜੱਪ ਕਰ ਗਿਆ। ਇਨ੍ਹਾਂ ਸਭਨਾਂ ਦੇ ਬੈਂਕ ਸਹੀ ਅਰਥਾਂ ਵਿਚ ਲੋਕਾਂ ਦੇ/ਸਰਕਾਰੀ ਸਨ ਅਤੇ ਕੀਮਤਾਂ ਸਥਿਰ ਸਨ। ਜਾਦੂ ਦੀ ਛੜੀ ਇਹ ਨਹੀਂ ਸਹਿ ਸਕਦੀ ਕਿ ਕੋਈ ਬੈਂਕ ਉਸ ਦੀ ਮੁੱਠੀ ਤੋਂ ਬਾਹਰ ਹੋਵੇ। ਇਸ ਸਮੇਂ ਜੋ ਦੇਸ਼ ਜਾਦੂਈ ਛੜੀ ਤੋਂ ਬਚੇ ਰਹਿ ਗਏ ਨੇ ਅਤੇ ਜਿਨ੍ਹਾਂ ਉਤੇ ਭਾਰੀ ਸਿਆਸੀ ਵਿੱਤੀ ਤੇ ਫੌਜੀ ਦਬਾਅ ਪਾਇਆ ਜਾ ਰਿਹਾ ਹੈ, ਉਹ ਸੀਰੀਆ, ਇਰਾਨ, ਕਿਊਬਾ ਅਤੇ ਉਤਰੀ ਕੋਰੀਆ ਹਨ। ਰੂਸ ਅਤੇ ਚੀਨ ਜਿਹੇ ਦੇਸ਼ ਵੀ ਕਿਸੇ ਹੱਦ ਤੋਂ ਬੜੀ ਹੱਦ ਤੱਕ ਇਸ ਜਾਦੂ ਦੇ ਪ੍ਰਭਾਵ ਹੇਠ ਹਨ।

ਭਾਰਤ ਕਿਹੜੇ ਬਾਗ ਦੀ ਮੂਲੀ ਹੈ? ਉਸੇ ਬਾਗ ਦੀ ਜਿਥੇ ਦੇ ਬਾਕੀ ਕੁੱਲ ਦੁਨੀਆਂ ਦੇ ਦੇਸ਼ ਹਨ- ਕੁੱਲ ਦਾ ਸਹੀ ਅਰਥ ਹੈ ਕੁੱਲ। ਹਰ ਦੇਸ਼ ਦੇ ਸਿੱਕੇ ਦਾ ਮੁੱਲ ਡਿੱਗ ਰਿਹੈ, ਲਗਾਤਾਰ ਡਿੱਗ ਰਿਹੈ; ਸਮੇਤ ਡਾਲਰ ਦੇ ਜਿਸ ਨੂੰ ਅਸੀਂ ਬਹੁਤਾ ਤਕੜਾ ਸਮਝਦੇ ਹਾਂ। ਜਿਸ ਤੇਜ਼ੀ ਨਾਲ ਡਾਲਰ ਡਿੱਗ ਰਿਹੈ, ਉਸ ਤੋਂ ਜ਼ਿਆਦਾ ਤੇਜ਼ੀ ਨਾਲ ਸਾਡਾ ਰੁਪਿਆ ਡਿੱਗ ਰਿਹੈ। ਇੰਜ ਟਾਕਰਾ ਕੀਤਿਆਂ ਜਾਪਦਾ ਹੈ ਕਿ ਡਾਲਰ ਤਕੜਾ ਹੋ ਰਿਹੈ।

ਦੁਨੀਆ ਵਿਚ ਰਹਿੰਦਿਆਂ ਦੋ ਚੀਜ਼ਾਂ ਦੀ ਬੜੀ ਲੋੜ ਹੈ- ਪੈਸਾ ਅਤੇ ਪਿਆਰ। ਪਿਆਰ ਬਾਰੇ ਤਾਂ ਲਿਖਤਾਂ ਅਤੇ ਫਿਲਮਾਂ ਦੀ ਕੋਈ ਕਮੀ ਨਹੀਂ, ਪਰ ਪੈਸੇ ਬਾਰੇ ਵਾਕਫੀ ਬਹੁਤ ਘੱਟ ਹੈ, ਤੇ ਜੋ ਹੈ ਵੀ, ਉਹ ਇਸ ਢੰਗ ਨਾਲ ਪੇਸ਼ ਕੀਤੀ ਹੁੰਦੀ ਹੈ ਕਿ ਸਮੱਸਿਆ ਦਾ ਸਿਰ-ਮੂੰਹ ਵੀ ਚੰਗੀ ਤਰ੍ਹਾਂ ਨਹੀਂ ਲੱਭਦਾ।

ਜੇ ਜਾਦੂਗਰ ਬੈਂਕਰ ਰੌਠਚਾਈਲਡ ਦੇ ਮੂੰਹੋਂ ਸੱਚ ਅਖਵਾਉਣਾ ਹੋਵੇ ਤਾਂ ਉਹ ਇੰਜ ਕਹੇਗਾ: "ਮੇਰਾ ਨਾਂ ਹੈ ਜੈਕਬ ਰੌਠਚਾਈਲਡ। ਮੇਰੇ ਪਰਿਵਾਰ ਦੀ ਦੌਲਤ 500 ਟ੍ਰਿਲੀਅਨ ਡਾਲਰ ਤੋਂ ਵੱਧ ਹੈ। ਦੁਨੀਆ ਦੇ ਕਰੀਬ ਸਾਰੇ ਬੈਂਕ ਸਾਡੀ ਮਲਕੀਅਤ ਹਨ। ਨਪੋਲੀਅਨ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਸਾਰੀਆਂ ਜੰਗਾਂ ਦੇ ਦੋਵੇਂ ਪਾਸੇ ਅਸੀਂ ਸਾਂ। ਤੁਹਾਡੀਆਂ ਖਬਰਾਂ ਦੇ ਸੋਮੇ, ਮੀਡੀਆ, ਤੁਹਾਡਾ ਤੇਲ ਅਤੇ ਤੁਹਾਡੀਆਂ ਸਰਕਾਰਾਂ ਸਾਡੀ ਮਲਕੀਅਤ ਹਨ। ਤੁਸਾਂ ਤਾਂ ਕਦੇ ਮੇਰਾ ਨਾਂ ਵੀ ਨਹੀਂ ਸੁਣਿਆ ਹੋਣਾ।"



ਅਮਰੀਕਾ ਦੇ ਜੌੜੇ ਟਾਵਰਾਂ ਦੇ 'ਆਪ ਡੇਗਾਏ' ਗਏ ਕਰਨਾਮੇ ਪਿੱਛੇ, ਉਸ ਦੀਆਂ ਫੌਜਾਂ ਨੇ ਅਫ਼ਗਾਨਿਸਤਾਨ, ਇਰਾਕ, ਲਿਬੀਆ ਅਤੇ ਸੂਡਾਨ ਦੀਆਂ ਸਰਕਾਰਾਂ ਡੇਗੀਆਂ ਅਤੇ ਦੇਸ਼ਾਂ ਦੀ ਤਬਾਹੀ ਕੀਤੀ। ਪਹਿਲਾਂ ਅਫ਼ਗਾਨਿਸਤਾਨ ਉਤੇ ਦੋਸ਼ ਲਾਇਆ ਕਿ ਉਸਾਮਾ ਬਿਨ-ਲਾਦਿਨ ਨੇ ਉਤੇ ਬੈਠ ਕੇ ਅਮਰੀਕਾ ਵਿਰੁੱਧ ਕਾਰਵਾਈ ਕੀਤੀ (ਉਹ ਤਾਂ ਉਨ੍ਹਾਂ ਦਾ ਆਪਣਾ ਏਜੰਟ ਸੀ)। ਉਸ ਪਿੱਛੋਂ ਸ਼ਾਮਤ ਆਈ ਇਰਾਕ ਦੀ, ਅਖੇ ਟਾਵਰ ਡੇਗਣ ਪਿੱਛੇ ਇਰਾਕ ਦੀ ਭਾਰੀ ਮਦਦ ਸੀ ਅਤੇ ਇਹ ਵੀ ਕਿ ਉਹ ਸਮੂਹਿਕ-ਕਤਲ-ਹਥਿਆਰ (ਪਰਮਾਣੂ ਅਤੇ ਰਸਾਇਣੀ) ਪੱਛਮ ਅਤੇ ਅਮਰੀਕਾ ਉਤੇ ਵਰਤਣ ਲਈ ਤਿਆਰ ਹੈ। ਲਿਬੀਆ ਅਤੇ ਸੂਡਾਨਾਂ ਉਤੇ ਤਾਂ ਬਿਨਾ ਕਿਸੇ ਬਹਾਨੇ ਹੀ ਰਾਜ ਪਲਟੇ ਅਤੇ ਤਬਾਹੀ ਕਰ ਦਿੱਤੀ। ਕੀ ਸਾਰੀਆਂ ਕਾਰਵਾਈਆਂ ਭੈਅਵਾਦ ਜਾਂ ਦਹਿਸ਼ਤਵਾਦ ਦੇ ਖਿਲਾਫ ਸਨ? ਕੀ ਇਨ੍ਹਾਂ ਦੇਸ਼ਾਂ ਦੇ ਤੇਲ ਸੋਮੇ ਖੋਹਣ ਲਈ ਸਨ? ਜਾਂ ਉਤੇ ਲੋਕਤੰਤਰੀ ਰਾਜ ਕਾਇਮ ਕਰਨ ਲਈ ਸਨ? ਜਾਂ ਉਥੋਂ ਦੇ 'ਜ਼ਾਲਮ' ਹਾਕਮ ਮੁਕਾਉਣ ਲਈ ਸਨ? ਨਹੀਂ, ਇਨ੍ਹਾਂ ਸਭ ਦੇਸ਼ਾਂ ਦੀ ਤਬਾਹੀ ਇਸ ਕਾਰਨ ਕੀਤੀ ਗਈ ਕਿ ਉਨ੍ਹਾਂ ਦੇਸ਼ਾਂ ਦੇ ਕੇਂਦਰ ਬੈਂਕ, ਉਨ੍ਹਾਂ ਦੀਆਂ ਆਪਣੀਆਂ ਸਰਕਾਰਾਂ ਦੇ ਹੱਥ ਵਿਚ ਸਨ ਜੋ ਆਪਣੀ ਲੋੜ ਮੁਤਾਬਕ ਕਰਜ਼ਾ ਅਤੇ ਸੂਦ-ਮੁਕਤੀ ਕਰੰਸੀ ਆਪ ਪੈਦਾ ਕਰਦੀਆਂ ਸਨ। ਰੌਠਚਾਈਲਡ ਦੇ ਹੱਥ ਵਿਚ ਕੇਂਦਰੀ ਬੈਂਕ ਆ ਜਾਣ ਨਾਲ 'ਸਭ ਕੁਝ ਠੀਕ ਹੋ ਗਿਆ।'

ਇਸ ਸਮੇਂ ਪੰਜ ਸਾਲਾਂ ਤੋਂ ਸੀਰੀਆ ਵਿਚ ਜੰਗ ਚੱਲ ਰਹੀ ਹੈ। ਕਈ ਵੱਡੇ-ਵੱਡੇ ਸ਼ਹਿਰ ਖੰਡਰ ਬਣ ਗਏ ਹਨ, ਸੀਰੀਆ ਦਾ ਤੇਲ ਚੋਰੀ ਹੁੰਦਾ ਜਾ ਰਿਹੈ। ਜੰਗ ਵਿਚ ਬੇਅੰਤ ਖਰਚਾ ਹੋ ਰਿਹੈ, ਬਾਹਰੋਂ ਵਿੱਤੀ ਪਾਬੰਦੀਆਂ ਲਾਈਆਂ ਹੋਈਆਂ ਹਨ ਤਾਂ ਵੀ ਇਸ ਦੇਸ਼ ਅਤੇ ਸਦਰ ਬਸ਼ਰ ਅਸਦ ਨੇ ਗੋਡੇ ਨਹੀਂ ਟੇਕੇ। ਇਸ ਵੇਲੇ ਸੀਰੀਆ ਉਤੇ ਇਕ ਪੈਸੇ ਦਾ ਕਰਜ਼ਾ ਨਹੀਂ ਹੈ, ਕੀਮਤਾਂ ਸਥਿਰ ਹਨ ਅਤੇ ਸੀਰੀਆਈ ਲੋਕ ਜੰਗ ਜਿੱਤਣ ਅਤੇ ਦੇਸ਼ ਦੀ ਮੁੜ ਉਸਾਰੀ ਲਈ ਤਤਪਰ ਹਨ। ਇਹ ਕ੍ਰਿਸ਼ਮਾ ਕਿਵੇਂ ਹੋ ਰਿਹੈ? ਇਹ ਹੋ ਰਿਹੈ ਲੋਕਾਂ ਦੇ/ਸਰਕਾਰ ਦੇ ਆਪਣੇ ਆਜ਼ਾਦ ਬੈਂਕ ਕਾਰਨ ਜੋ ਕਰਜ਼ੇ ਨਹੀਂ ਚੁੱਕਦਾ, ਬਲਕਿ ਆਪਣੀ ਕਰਜ਼ਾ-ਸੂਦ ਮੁਕਤ ਕਰੰਸੀ ਆਪ ਪੈਦਾ ਕਰਦਾ ਹੈ।

ਇਰਾਨ, ਕਿਊਬਾ ਅਤੇ ਉਤਰੀ ਕੋਰੀਆ ਉਤੇ ਕਿੰਨੇ ਸਾਰੇ ਦਹਾਕਿਆਂ ਤੋਂ ਆਰਥਿਕ ਪਾਬੰਦੀਆਂ ਲੱਗੀਆਂ ਹੋਈਆਂ ਹਨ। ਇਨ੍ਹਾਂ ਦੇਸ਼ਾਂ ਨੂੰ ਰੱਜ ਕੇ ਭੰਡਿਆ ਜਾ ਰਿਹਾ ਹੈ। ਇਨ੍ਹਾਂ ਦੇ ਆਲੇ-ਦੁਆਲੇ ਜੰਗੀ ਮਸ਼ਕਾਂ ਕੀਤੀਆਂ ਹਨ ਅਤੇ ਨਿੱਤ ਦਿਨ ਹਮਲੇ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ, ਪਰ ਇਹ ਸਾਧਾਰਨ ਜਿਹੇ ਦੇਸ਼ ਆਪਣੀ ਆਜ਼ਾਦੀ ਕਿਵੇਂ ਕਾਇਮ ਰੱਖੀ ਬੈਠੇ ਨੇ। ਉਤਰੀ ਕੋਰੀਆ ਨੇ ਆਪਣੀ ਰੱਖਿਆ ਲਈ ਤਕੜੀ ਫੌਜ ਰੱਖੀ ਹੈ ਅਤੇ ਜਵਾਬੀ ਕਾਰਵਾਈ ਲਈ ਪਰਮਾਣੂ ਬੰਬ ਤੇ ਰਾਕਟ। ਜੇ ਇਹ ਨਾ ਹੁੰਦੇ ਤਾਂ ਅਮਰੀਕਾ ਵੱਲੋਂ ਉਤਰੀ ਕੋਰੀਆ ਕਦੋਂ ਦਾ ਮਿਟ ਗਿਆ ਹੁੰਦਾ। ਉਤਰੀ ਕੋਰੀਆ, ਛੋਟਾ ਅਤੇ ਵਿੱਤੀ ਕਮਜ਼ੋਰੀ ਦੇ ਬਾਵਜੂਦ ਏਡੇ ਭਾਰੇ ਖਰਚੇ ਕਿਵੇਂ ਸਹਿ ਰਿਹੈ? ਸਾਦਾ ਜਵਾਬ ਹੈ- ਬੈਂਕ ਆਪਣਾ ਹੈ, ਕਰਜ਼ਾ ਕੋਈ ਨਹੀਂ।

ਲਿਬੀਆ ਨੇ ਆਪਣਾ ਪਰਮਾਣੂ ਪ੍ਰੋਗਰਾਮ ਬੰਦ ਕਰ ਦਿੱਤਾ, ਅਮਰੀਕਾ ਦੇ ਧਰਵਾਸੇ ਪਿੱਛੋਂ। ਜੇ ਉਸ ਨੇ ਆਪਣੇ ਬੰਬ ਹਟਾਏ ਨਾ ਹੁੰਦੇ ਤਾਂ 'ਅਫਰੀਕਾ ਸਵਿਟਜ਼ਲੈਂਡ' ਦਾ ਹੁਣ ਵਾਲਾ ਹਾਲ ਨਾ ਹੁੰਦਾ। ਇਰਾਨ ਨੇ ਆਪਣਾ ਪਰਮਾਣੂ ਪ੍ਰੋਗਰਾਮ ਬੰਦ ਕਰ ਕੇ, ਆਪਣੀ ਤਬਾਹੀ ਦਾ ਰਸਤਾ ਫੜ ਲਿਆ। ਅਮਰੀਕਾ ਨੇ ਆਪਣੇ ਮਿੱਥੇ ਪ੍ਰੋਗਰਾਮ ਅਨੁਸਾਰ ਸੀਰੀਆ ਪਿੱਛੋਂ ਇਰਾਨ ਉਤੇ ਧਾਵਾ ਬੋਲਣਾ ਸੀ ਜਿਸ ਲਈ ਲੋੜ ਤੋਂ ਵੱਧ ਤਿਆਰੀਆਂ ਕੀਤੀਆਂ ਹੋਈਆਂ ਨੇ, ਪਰ ਹੋਇਆ ਇਹ ਕਿ ਅਮਰੀਕਾ (ਆਪਣੇ ਅਲ-ਕਾਇਦਾ, ਆਈ.ਐਸ., ਅਲ-ਨੁਸਰਾ ਆਦਿ ਭਾੜੇ ਦੀਆਂ ਫੌਜਾਂ ਰਾਹੀਂ) ਸੀਰੀਆ ਦੇ ਮੁਹਾਜ਼ ਉਤੇ ਹੀ ਮੁੜ ਗਿਆ ਹੈ। ਸੀਰੀਆ ਅਤੇ ਇਰਾਨ ਪਿੱਛੋਂ ਰੂਸ ਦੀ ਵਾਰੀ ਆਉਣੀ ਸੀ, ਪਰ ਰੂਸ ਪਹਿਲਾਂ ਹੀ ਸੀਰੀਆ ਦੀ ਮਦਦ ਉਤੇ ਨਿਕਲ ਆਇਆ (ਉਸ ਦਾ ਦੋਸ਼: ਪਿਛਲੇ ਸਾਲ ਰੌਠਚਾਈਲਡ ਬੈਂਕ ਨੂੰ ਰੂਸ ਤੋਂ ਦੇਸ਼ ਨਿਕਾਲਾ ਮਿਲ ਗਿਆ)।

ਅਮਰੀਕਾ ਨੂੰ ਕਿਉਂ ਅੱਗ ਲੱਗੀ ਹੋਈ ਹੈ, ਹੋਰਨਾਂ ਦੇਸ਼ਾਂ ਅੰਦਰ ਤਬਾਹੀ ਲਿਆਉਣ ਅਤੇ ਕਬਜ਼ੇ ਕਰਨ ਲਈ। ਅਮਰੀਕਾ ਆਪ ਰੌਠਚਾਈਲਡ ਮੁੱਠੀ ਵਿਚ ਹੈ ਜੋ ਉਸ ਨੂੰ ਖਿਡੌਣਾ ਬਣਾ ਕੇ ਵਰਤ ਰਿਹਾ ਹੈ- ਜੰਗਾਂ ਨਾਲ ਅਮਰੀਕੀ ਅਰਥਚਾਰਾ ਕਮਜ਼ੋਰ ਹੋ ਰਿਹੈ, ਉਸ ਦੇ ਫੌਜੀ ਮਰ ਰਹੇ ਹਨ ਅਤੇ ਵੱਡੀ ਗਿਣਤੀ ਵਿਚ ਜ਼ਖ਼ਮੀ ਹੋ ਕੇ ਫੌਜੀ ਸਪੈਸ਼ਲ ਹਸਪਤਾਲ ਭਰ ਰਹੇ ਹਨ। ਅਮਰੀਕੀ ਸ਼ਹਿਰੀਆਂ ਦੇ ਹੱਥ ਵਿਚ ਕੁਝ ਵੀ ਨਹੀਂ। ਉਹ ਅੰਦਰੋਂ ਜੰਗ ਨਹੀਂ ਚਾਹੁੰਦੇ, ਪਰ ਅਖ਼ਬਾਰਾਂ ਅਤੇ ਮੀਡੀਆ ਦੇ ਕੂੜ ਪ੍ਰਚਾਰ ਹੇਠ ਭੁਲੇਖਿਆਂ ਦਾ ਸ਼ਿਕਾਰ ਹੋ ਕੇ ਸਭ ਜੰਗਾਂ ਦਾ ਸਾਥ ਦਿੰਦੇ ਹਨ। ਲਾਭ ਕੇਵਲ ਬੈਂਕਰਾਂ ਦਾ ਹੈ। ਅਮਰੀਕਾ ਉਤੇ ਕਰਜ਼ਾ ਤੇਜ਼ੀ ਨਾਲ ਵਧ ਰਿਹਾ ਹੈ। ਬਰਾਕ ਓਬਾਮਾ ਦੇ ਅੱਠ ਸਾਲਾਂ ਦੀ ਪ੍ਰਧਾਨਗੀ ਸਮੇਂ ਕਰਜ਼ਾ 8 ਟ੍ਰਿਲੀਅਨ ਵਧਿਆ ਹੈ।

ਭਾਰਤੀ ਰਿਜ਼ਰਵ ਬੈਂਕ, ਰੌਠਚਾਈਲਡ ਦੀ ਗੁਲਾਮੀ ਅੰਦਰ 'ਤਰੱਕੀ' ਕਰ ਰਿਹਾ ਹੈ। ਕੀਮਤਾਂ ਹਰ ਸਾਲ ਵਧ ਰਹੀਆਂ ਹਨ ਅਤੇ ਨਾਲ ਹੀ ਲੋਕਾਂ ਅੰਦਰ ਬੇਚੈਨੀ। ਸਾਨੂੰ ਇਹ ਕਹਿ ਕੇ ਪਲੋਸਿਆ ਜਾ ਰਿਹਾ ਹੈ ਕਿ ਕੀਮਤਾਂ ਤਾਂ ਕੁਦਰਤੀ ਤੌਰ 'ਤੇ ਸਾਰੀ ਦੁਨੀਆ ਅੰਦਰ ਵਧ ਰਹੀਆਂ ਹਨ। ਗੱਲ ਤਾਂ ਸੱਚ ਹੈ, ਪਰ ਉਨ੍ਹਾਂ ਦੇਸ਼ਾਂ ਦੇ ਬੈਂਕ ਕਿਸ ਦੀ ਮੁੱਠੀ ਵਿਚ ਹਨ? ਰੌਠਚਾਈਲਡ ਦੀ ਕਰੰਸੀ ਕੌਣ ਪੈਦਾ ਕਰ ਰਿਹੈ ਅਤੇ ਕਿਹੋ ਜਿਹੀ ਪੈਦਾ ਹੁੰਦੀ ਏ? ਰੌਠਚਾਈਲਡ ਦੇ ਏਜੰਟ ਕੇਂਦਰੀ ਬੈਂਕ ਵੱਲੋਂ ਕਰਜ਼ੇ-ਸੂਦ ਵਾਲੀ ਕਰੰਸੀ ਪੈਦਾ ਹੋਵੇ ਤਾਂ ਫਿਰ ਜੀਵਨ ਦੇ ਵਿੱਤੀ ਮਾਮਲਿਆਂ ਵਿਚ ਸਥਿਰਤਾ ਕਿਸ ਤਰ੍ਹਾਂ ਆ ਸਕਦੀ ਹੈ? ਕੇਂਦਰੀ ਬੈਂਕਾਂ ਦੀ ਮਲਕੀਅਤ ਦੇਸ਼ਾਂ ਦੀਆਂ ਸਰਕਾਰਾਂ/ਲੋਕਾਂ ਦੀ ਜਾਪੇ, ਬੈਂਕਾਂ ਦੇ ਨਾਂ ਇੰਜ ਰੱਖੇ ਹੁੰਦੇ ਹਨ ਜਿਵੇਂ ਜਾਪੇ ਕਿ ਇਹੀ ਅਸਲੀਅਤ ਹੈ, ਜੋ ਅਸਲ ਵਿਚ ਝੂਠ ਹੈ।

ਕਿਸੇ ਵੀ ਕੇਂਦਰੀ ਸਰਕਾਰ, ਸਮੇਤ ਸਾਡੀ ਆਪਣੀ ਕੇਂਦਰੀ ਸਰਕਾਰ ਦਾ ਦਿਲ ਗੁਰਦਾ ਨਹੀਂ ਹੈ ਕਿ ਉਹ ਕਰੰਸੀ ਜਾਰੀ ਕਰਨ ਦੀ ਸ਼ਕਤੀ ਆਪਣੇ ਹੱਥਾਂ ਵਿਚ ਲੈ ਲਵੇ। ਇੰਜ ਕੀਤਾ ਨਹੀਂ ਤਾਂ ਰੌਠਚਾਈਲਡ ਦੀਆਂ ਭੂਗੋਲੀ ਸ਼ਕਤੀਆਂ ਨੇ ਸਰਕਾਰ ਦਾ ਫੱਟਾ ਉਲਟਾ ਦੇਣੈ ਜਾਂ ਤਬਾਹੀ ਕਰਦੀ ਜੰਗ ਛੇੜ ਦੇਣੀ ਹੈ। ਕੇਂਦਰੀ ਸਰਕਾਰ ਬੇਵਸ ਹੈ। ਸੋ, ਸਭ ਨੂੰ ਚੇਤੰਨ ਹੋਣਾ ਚਾਹੀਦਾ ਹੈ ਕਿ ਕਿਹੜੀ ਮਾਇਆ ਦੀ ਨਾਗਣ ਸਾਨੂੰ ਦਿਨ ਪ੍ਰਤੀ ਦਿਨ ਡਸ ਰਹੀ ਹੈ। ਕਿਹੜੀ ਡਾਇਣ ਲਹੂ-ਪਸੀਨੇ ਦੀ ਕਮਾਈ ਪੀ ਰਹੀ ਹੈ। ਸਭ ਪੜ੍ਹੇ-ਲਿਖੇ ਅਨਪੜ੍ਹਾਂ ਨੂੰ ਅੱਖਾਂ ਖੋਲ੍ਹਣ ਦੀ ਲੋੜ ਹੈ।

# ਧਰਮ ਰਾਹੀਂ ਵਾਤਾਵਰਨ ਦੀ ਸੰਭਾਲ ਦਾ ਹੰਭਲਾ

ਵਾਤਾਵਰਣ ਵਿਸ਼ਵ-ਵਿਆਪੀ ਮੁੱਦਾ ਹੈ। ਅੱਜ ਦੁਨੀਆ ਦੇ ਹਰ 10 ਵਿਚੋਂ 9 ਲੋਕ ਗੰਦੀ ਹਵਾ ਵਿਚ ਸਾਹ ਲੈ ਰਹੇ ਹਨ। ਪ੍ਰਦੂਸ਼ਣ ਕਾਰਨ ਹਰ ਸਾਲ ਦੁਨੀਆ ਵਿਚ 60 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਜਾਂਦੀ ਹੈ। ਆਲਮੀ ਤਪਸ਼ ਪੂਰੇ ਸੰਸਾਰ ਲਈ ਇਸ ਵੇਲੇ ਸਭ ਤੋਂ ਚਿੰਤਾਜਨਕ ਸਮੱਸਿਆ ਹੈ। ਵਿਸ਼ਵ ਸਿਹਤ


**ਤਲਵਿੰਦਰ ਸਿੰਘ ਬੁੱਟਰ**

ਸੰਗਠਨ ਸਮੇਤ ਸੰਸਾਰ ਭਾਈਚਾਰੇ ਦੀਆਂ ਵਾਤਾਵਰਣ ਸਬੰਧੀ ਚਿੰਤਤ ਹੋਰ ਜਥੇਬੰਦੀਆਂ ਅਤੇ ਸੰਸਥਾਵਾਂ ਦੁਨੀਆਂ ਵਿਚ ਜ਼ਹਿਰੀਲੇ ਹੋ ਰਹੇ ਵਾਤਾਵਰਣ ਪ੍ਰਤੀ ਬੇਹੱਦ ਸੰਜੀਦਗੀ ਦਾ ਪ੍ਰਗਟਾਵਾ ਕਰ ਰਹੀਆਂ ਹਨ। ਹਰ ਪੱਧਰ 'ਤੇ ਵਾਤਾਵਰਣ ਦੀ ਸ਼ੁਧਤਾ ਲਈ ਚੇਤਨਾ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਵਿਸ਼ਵ ਪੱਧਰ 'ਤੇ ਵਾਤਾਵਰਣ ਪ੍ਰਤੀ ਸਮੱਸਿਆ ਦੇ ਮੱਦੇਨਜ਼ਰ ਵਿਸ਼ਵ ਵਿਆਪੀ ਸਿੱਖ ਸੰਸਥਾਵਾਂ ਨੇ ਹਰ ਸਾਲ 'ਸਿੱਖ ਵਾਤਾਵਰਣ ਦਿਵਸ' ਮਨਾਉਣ ਦੀ ਸਾਰਥਿਕ ਸ਼ੁਰੂਆਤ ਕੀਤੀ ਹੈ। ਸਿੱਖ ਵਾਤਾਵਰਣ ਦਿਵਸ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਦੇ ਪ੍ਰਕਿਰਤੀ ਪ੍ਰੇਮ ਨੂੰ ਸਮਰਪਿਤ ਜੀਵਨ ਤੋਂ ਪ੍ਰੇਰਿਤ ਕੌਮਾਂਤਰੀ ਲਹਿਰ ਦਾ ਰੂਪ ਧਾਰਨ ਕਰ ਚੁੱਕੀ ਹੈ। ਸ੍ਰੀ ਗੁਰੂ ਹਰਿਰਾਇ ਦਾ ਜਨਮ ਕੀਰਤਪੁਰ ਸਾਹਿਬ ਵਿਖੇ ਹੋਇਆ ਸੀ। ਉਨ੍ਹਾਂ ਨੇ ਕੀਰਤਪੁਰ ਸਾਹਿਬ ਵਿਖੇ ਨੌਲੱਖਾ ਬਾਗ਼ ਬਣਾਇਆ ਹੋਇਆ ਸੀ, ਜਿਥੇ ਵਾਤਾਵਰਣ ਦੀ ਸ਼ੁਧਤਾ ਅਤੇ ਸਰੀਰਕ ਰੋਗਾਂ ਦੀ ਨਵਿਰਤੀ ਲਈ ਦੁਰਲੱਭ ਕਿਸਮ ਦੀਆਂ ਜੜ੍ਹੀ-ਬੂਟੀਆਂ ਨਾਲ ਰੋਗੀਆਂ ਦੀ ਹਿਕਮਤ ਵੀ ਕੀਤੀ ਜਾਂਦੀ ਸੀ। ਉਹ ਪ੍ਰਕਿਰਤੀ ਤੇ ਵਣ-ਜੀਵਨ ਪ੍ਰਤੀ ਏਨੇ ਸੰਵੇਦਨਸ਼ੀਲ ਸਨ ਕਿ ਇਕ ਦਿਨ ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਨਾਲ ਬਾਗ਼ ਵਿਚ ਟਹਿਲਦਿਆਂ ਉਨ੍ਹਾਂ ਦੇ ਚੋਲੇ ਦੀ ਕਲੀ ਨਾਲ ਅੜ ਕੇ ਫੁੱਲ ਟੁੱਟ ਗਿਆ ਜਿਸ ਨਾਲ ਉਨ੍ਹਾਂ ਦੇ ਕੋਮਲ ਮਨ ਨੂੰ ਬੇਹੱਦ ਦੁੱਖ ਲੱਗਾ। ਗੁਰੂ ਦਾਦੇ ਤੋਂ ਸਿੱਖਿਆ ਮਿਲੀ, "ਦਾਮਨ ਸੰਕੋਚ ਚਲੋ"।

ਸ੍ਰੀ ਗੁਰੂ ਹਰਿਰਾਇ ਦੇ ਅਗੰਮੀ ਜੀਵਨ ਤੋਂ ਪ੍ਰੇਰਨਾ ਲੈਂਦਿਆਂ 2011 ਤੋਂ ਅਮਰੀਕਾ ਆਧਾਰਿਤ ਸਿੱਖ ਸੰਸਥਾ 'ਈਕੋਸਿੱਖ' ਨੇ ਅਕਾਲ ਤਖ਼ਤ, ਸੰਯੁਕਤ ਰਾਸ਼ਟਰ ਅਤੇ ਮੁੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਹਰ ਸਾਲ ਸ੍ਰੀ ਗੁਰੂ ਹਰਿਰਾਇ ਦੇ ਗੁਰਗੱਦੀ ਦਿਵਸ ਨੂੰ ਸਿੱਖ ਵਾਤਾਵਰਣ ਦਿਵਸ ਵਜੋਂ ਮਨਾਉਣਾ ਸ਼ੁਰੂ ਕੀਤਾ ਜਿਸ ਵਿਚ ਸਿੱਖ ਜਥੇਬੰਦੀਆਂ ਵਲੋਂ ਵੱਡੇ ਪੱਧਰ 'ਤੇ ਬੂਟੇ ਲਾਉਣ-ਸੰਭਾਲ ਦੇ ਪ੍ਰੋਜੈਕਟ, ਪਾਣੀ ਊਰਜਾ ਦੀ ਬੱਚਤ, ਨਗਰ-ਕੀਰਤਨਾਂ ਅਤੇ ਤਿਓਹਾਰਾਂ ਆਦਿ ਨੂੰ ਕੂੜਾ ਰਹਿਤ ਕਰਨ ਦੇ ਅਹਿਮ ਮੁੱਦਿਆਂ 'ਤੇ ਕੰਮ ਸ਼ੁਰੂ ਹੋਇਆ। ਗੁਰਦੁਆਰਿਆਂ ਵਿਚ ਵਾਤਾਵਰਣ 'ਤੇ ਆਧਾਰਿਤ ਸ਼ਬਦ-ਕੀਰਤਨ, ਕਥਾ, ਪਾਣੀ-ਊਰਜਾ ਸਬੰਧੀ ਸੈਮੀਨਾਰ ਅਤੇ ਬੱਚਿਆਂ ਦੀਆਂ ਸਰਗਰਮੀਆਂ ਨੇ ਜ਼ੋਰ ਫੜਿਆ।


ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਪਿਛਲੇ ਸਾਲਾਂ ਦੌਰਾਨ ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਵਾਤਾਵਰਣ ਦੀ ਅਹਿਮੀਅਤ ਨੂੰ ਉਭਾਰਦਿਆਂ ਗੁਰਦੁਆਰਿਆਂ ਅੰਦਰ 'ਬੂਟਾ ਪ੍ਰਸ਼ਾਦ' ਵੰਡਣ ਦੀ ਸਾਰਥਿਕ ਸ਼ੁਰੂਆਤ ਕੀਤੀ। ਗੁਰਦੁਆਰਿਆਂ ਦੇ ਲੰਗਰਾਂ ਵਿਚ ਕੁਦਰਤੀ ਖੇਤੀ ਰਾਹੀਂ ਪੈਦਾ ਹੋਏ ਅਨਾਜ ਦੀ ਵਰਤੋਂ ਦਾ ਫ਼ੈਸਲਾ ਕੀਤਾ ਗਿਆ। ਪਿਛਲੇ ਸਾਲ 5 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣਦਿਆਂ ਹੀ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵਾਤਾਵਰਣ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ ਅਤੇ ਹੋਰ ਸੰਸਥਾਵਾਂ ਨੂੰ ਨਾਲ ਲੈ ਕੇ ਵਾਤਾਵਰਣ ਦੀ ਸ਼ੁਧਤਾ ਲਈ ਵੱਡੀ ਮੁਹਿੰਮ ਦਾ ਆਗਾਜ਼ ਕਰਦਿਆਂ ਸ਼੍ਰੋਮਣੀ ਕਮੇਟੀ ਦਾ ਵਾਤਾਵਰਣ ਸਬੰਧੀ ਵੱਖਰਾ ਵਿਭਾਗ ਵੀ ਬਣਾ ਦਿੱਤਾ। ਇਸ ਵਾਰ ਸ੍ਰੀ ਗੁਰੂ ਹਰਿਰਾਇ ਦਾ ਗੁਰਗੱਦੀ ਦਿਵਸ 26 ਮਾਰਚ ਨੂੰ ਸਿੱਖ ਵਾਤਾਵਰਣ ਦਿਵਸ ਦੇ ਰੂਪ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਰਤਪੁਰ ਸਾਹਿਬ ਵਿਖੇ ਵੱਡੀ ਪੱਧਰ 'ਤੇ ਮਨਾਇਆ ਗਿਆ ਜਿਸ ਦੌਰਾਨ ਸਮਾਜ ਵਿਚ ਵਾਤਾਵਰਣ ਦੀ ਸ਼ੁੱਧਤਾ ਤੇ ਪ੍ਰਕਿਰਤੀ ਦੀ ਸਾਂਭ-ਸੰਭਾਲ ਬਾਰੇ ਜਾਗਰੂਕਤਾ ਦਾ ਸੁਨੇਹਾ ਦਿੱਤਾ ਗਿਆ।



*ਧਾਰਮਿਕ ਪੱਧਰ 'ਤੇ ਇਹ ਜਾਗਰੂਕਤਾ ਫੈਲਾਉਣੀ ਬੇਹੱਦ ਜ਼ਰੂਰੀ ਹੈ ਕਿਉਂਕਿ ਸਾਫ਼ ਹਵਾ, ਸ਼ੁੱਧ ਪਾਣੀ, ਖੇਤੀ, ਵਣ-ਜੀਵਨ ਆਦਿ ਦੀ ਸੁਰੱਖਿਆ ਨਾ ਕੇਵਲ ਸਿੱਖਾਂ ਨੂੰ, ਸਗੋਂ ਸਮੁੱਚੇ ਪੰਜਾਬ ਅਤੇ ਪੰਜਾਬੀਆਂ ਦੀ ਹੋਂਦ ਲਈ ਬੇਹੱਦ ਜ਼ਰੂਰੀ ਹੈ। ਪੰਜਾਬ ਦੇ ਹਰ ਨਾਗਰਿਕ, ਖ਼ਾਸ ਕਰ ਕੇ ਧਾਰਮਿਕ ਸਿੱਖ ਜਥੇਬੰਦੀਆਂ, ਵਿਦਿਅਕ ਅਦਾਰਿਆਂ, ਗੁਰੂ ਘਰਾਂ ਨੂੰ ਹੋਰ ਭਲੇ ਕਾਰਜਾਂ ਦੇ ਨਾਲ ਸਿੱਖ ਵਾਤਾਵਰਨ ਦਿਵਸ ਨੂੰ ਤਵੱਜੋ ਦੇਣੀ ਬੇਹੱਦ ਜ਼ਰੂਰੀ ਹੈ। ਗੁਰਬਾਣੀ ਦੇ ਸੁਨੇਹੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਉਤੇ ਅਮਲ ਕਰਨ ਤੇ ਕਰਾਉਣ ਲਈ ਲੋੜੀਂਦੇ ਕਦਮ ਚੁੱਕਣੇ ਬਣਦੇ ਹਨ।*

ਧਾਰਮਿਕ ਪੱਧਰ 'ਤੇ ਇਹ ਜਾਗਰੂਕਤਾ ਫੈਲਾਉਣੀ ਬੇਹੱਦ ਜ਼ਰੂਰੀ ਹੈ ਕਿਉਂਕਿ ਸਾਫ਼ ਹਵਾ, ਸ਼ੁੱਧ ਪਾਣੀ, ਖੇਤੀ, ਵਣ-ਜੀਵਨ ਆਦਿ ਦੀ ਸੁਰੱਖਿਆ ਨਾ ਕੇਵਲ ਸਿੱਖਾਂ ਨੂੰ, ਸਗੋਂ ਸਮੁੱਚੇ ਪੰਜਾਬ ਅਤੇ ਪੰਜਾਬੀਆਂ ਦੀ ਹੋਂਦ ਲਈ ਬੇਹੱਦ ਜ਼ਰੂਰੀ ਹੈ। ਪੰਜਾਬ ਦੇ ਹਰ ਨਾਗਰਿਕ, ਖ਼ਾਸ ਕਰ ਕੇ ਧਾਰਮਿਕ ਸਿੱਖ ਜਥੇਬੰਦੀਆਂ, ਵਿਦਿਅਕ ਅਦਾਰਿਆਂ, ਗੁਰੂ ਘਰਾਂ ਨੂੰ ਹੋਰ ਭਲੇ ਕਾਰਜਾਂ ਦੇ ਨਾਲ ਸਿੱਖ ਵਾਤਾਵਰਣ ਦਿਵਸ ਨੂੰ ਤਵੱਜੋ ਦੇਣੀ ਬੇਹੱਦ ਜ਼ਰੂਰੀ ਹੈ। ਗੁਰਬਾਣੀ ਦੇ ਸੁਨੇਹੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਉਤੇ ਅਮਲ ਕਰਨ ਤੇ ਕਰਾਉਣ ਲਈ ਲੋੜੀਂਦੇ ਕਦਮ ਚੁੱਕਣੇ ਬਣਦੇ ਹਨ।

# ਸੋਭਾ ਸਿੰਘ ਦਾ ਚਿੱਤਰ ਸੋਹਣੀ-ਮਹੀਵਾਲ



*'ਸੋਹਣੀ-ਮਹੀਵਾਲ' ਚਿੱਤਰਕਾਰ ਸੋਭਾ ਸਿੰਘ ਦੀ ਸ਼ਾਹਕਾਰ ਰਚਨਾ ਹੈ। ਇਸ ਚਿੱਤਰ ਦੇ ਹੋਂਦ ਵਿਚ ਆਉਣ ਬਾਰੇ ਕੁਝ ਵਿਦਵਾਨਾਂ ਦੇ ਵਖ ਵਖ ਵਿਚਾਰ ਹਨ। ਦਿੱਲੀ ਵੱਸਦੇ ਕਲਾ ਆਲੋਚਕ ਜਗਤਾਰਜੀਤ ਨੇ ਆਪਣੇ ਇਸ ਲੇਖ ਵਿਚ ਇਸ ਰਚਨਾ ਦੇ ਵਖ ਵਖ ਪੱਖਾਂ ਬਾਰੇ ਬਹੁਤ ਭਾਵਪੂਰਤ ਗੱਲਾਂ ਕੀਤੀਆਂ ਹਨ। ਇਨ੍ਹਾਂ ਗੱਲਾਂ ਵਿਚ ਚਿੱਤਰ ਬਾਰੇ ਬਾਤ ਤਾਂ ਪਾਈ ਹੀ ਗਈ ਹੈ, ਚਿੱਤਰ ਬਣਾਉਣ ਵੇਲੇ ਚਿੱਤਰਕਾਰ ਦੇ ਮਨ ਅੰਦਰ ਹੋ ਰਹੀ ਉਥਲ-ਪੁਥਲ ਦਾ ਨਕਸ਼ਾ ਖਿੱਚਣ ਦਾ ਯਤਨ ਵੀ ਕੀਤਾ ਗਿਆ ਹੈ। -ਸੰਪਾਦਕ*



**ਜਗਤਾਰਜੀਤ ਸਿੰਘ**
ਫੋਨ: +91-98990-91186

ਵਿਚਾਰਵਾਨ ਮਨੁੱਖ ਤਰਕ ਅਨੁਰੂਪ ਆਪਣਾ ਕਾਰਜ ਨੇਪਰੇ ਚਾੜ੍ਹਦਾ ਹੈ। ਚਿੱਤਰਕਾਰ ਸੋਭਾ ਸਿੰਘ ਇਸ ਤੋਂ ਵੱਖਰੇ ਨਹੀਂ ਹਨ। ਉਨ੍ਹਾਂ ਦੀਆਂ ਪਾਏਦਾਰ ਰਚਨਾਵਾਂ ਪਾਏਦਾਰ ਵਿਚਾਰਾਂ ਉਪਰ ਆਧਾਰਿਤ ਹਨ। ਵਿਚਾਰ ਵਿਕਾਸ ਕਰੇ ਜਾਂ ਉਸ ਵਿਚ ਤਬਦੀਲੀ ਆ ਜਾਣ ਨਾਲ ਪਿਛਲਾ ਵਿਚਾਰ ਨਿਮਨ ਜਾਂ ਰੱਦ ਨਹੀਂ ਹੋ ਜਾਂਦਾ, ਸਗੋਂ ਉਹ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ ਕਿਉਂਕਿ ਉਹੀ ਆਧਾਰ ਬਿੰਦੂ ਹੁੰਦਾ ਹੈ। ਸੋਭਾ ਸਿੰਘ ਨੇ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਬੈਠੀਆਂ ਪ੍ਰੀਤ ਕਥਾਵਾਂ ਦੇ ਪਾਤਰਾਂ ਨੂੰ ਆਧਾਰ ਬਣਾ ਕੇ ਕੁਝ ਚਿੱਤਰ ਉਲੀਕੇ। ਉਨ੍ਹਾਂ ਨੇ ਮਹਿਸੂਸ ਕੀਤਾ- "ਪ੍ਰੇਮੀ ਵਧੀਆ ਇਨਸਾਨ ਹੁੰਦੇ ਹਨ, ਕਿਉਂਕਿ ਉਹ ਇਕ ਦੂਜੇ ਪ੍ਰਤੀ ਸੱਚੇ ਹੁੰਦੇ ਹਨ। ਇਸੇ ਵਿਚਾਰ ਅਧੀਨ ਮੈਂ ਸੋਹਣੀ-ਮਹੀਵਾਲ, ਹੀਰ-ਰਾਂਝਾ, ਸੱਸੀ-ਪੁਨੂੰ ਨੂੰ ਪੇਂਟ ਕੀਤਾ।"

ਚਿਤੇਰੇ ਦੇ 'ਸੋਹਣੀ-ਮਹੀਵਾਲ' ਚਿੱਤਰ ਨੂੰ ਕਾਫ਼ੀ ਪ੍ਰਸਿੱਧੀ ਅਤੇ ਪ੍ਰਵਾਨਗੀ ਮਿਲੀ ਹੈ। ਇਸ ਦਾ ਵਿਰੋਧ ਵੀ ਉਚੀ ਸੁਰ ਵਿਚ ਹੋਇਆ ਸੀ ਜੋ ਸਮਾਂ ਗੁਜ਼ਰਨ ਨਾਲ ਮੱਧਮ ਹੁੰਦਾ ਗਿਆ। ਇਸ ਦੇ ਬਾਵਜੂਦ ਇਸ ਚਿੱਤਰ ਬਾਰੇ ਅਜੇ ਵੀ ਰਹੱਸ ਬਣਿਆ ਹੋਇਆ ਹੈ ਕਿ ਇਸ ਵਿਸ਼ੇ ਨੂੰ ਲੈ ਕੇ ਚਿਤੇਰੇ ਨੇ ਕਿੰਨੇ ਚਿੱਤਰ ਬਣਾਏ।

ਪਹਿਲੀ ਅੜਾਉਣੀ ਇਹੋ ਹੈ ਕਿ ਇਸ ਦਾ ਪਹਿਲਾਂ-ਪਹਿਲ ਰੂਪ ਹੋਂਦ ਵਿਚ ਕਦੋਂ ਆਇਆ। ਇਕੋ ਪੇਂਟਿੰਗ ਦੇ ਤਿੰਨ ਰਚਨਾ-ਸਾਲ ਮਿਲਦੇ ਹਨ ਜੋ ਕ੍ਰਮਵਾਰ 1928, 1935 ਅਤੇ 1943 ਹਨ। ਇਕੋ ਰਚਨਾ ਵਾਸਤੇ ਤਿੰਨ ਵੱਖ ਵੱਖ ਸਮੇਂ, ਇਹ ਕਿਵੇਂ ਹੋ ਗਿਆ? ਇਸ ਦਾ ਇਕ ਕਾਰਨ ਜੋ ਸੰਭਵ ਵੀ ਹੈ, ਪੇਂਟਿੰਗ ਉਪਰ ਉਸ ਦੇ ਰਚਨ-ਵਰ੍ਹੇ ਦਾ ਨਾ ਲਿਖਿਆ ਹੋਣਾ ਹੈ।

ਚਿੱਤਰਕਾਰ ਦੇ ਜਾਣਕਾਰਾਂ ਅਤੇ ਦੂਜੇ ਖੋਜਕਾਰਾਂ ਨੇ ਇਹ ਦੁਹਰਾਇਆ ਹੈ ਕਿ ਲਾਹੌਰ ਰਹਿੰਦਿਆਂ 'ਸੋਹਣੀ-ਮਹੀਵਾਲ' ਨੂੰ ਪੇਂਟ ਕੀਤਾ ਗਿਆ ਸੀ। ਵੰਡ ਵੇਲੇ ਚਿੱਤਰਕਾਰ ਨੂੰ ਤਟ-ਫਟ ਲਾਹੌਰ ਛੱਡਣਾ ਪਿਆ ਜਿਸ ਕਾਰਨ ਆਪਣੇ ਨਾਲ ਉਹ ਕੁਝ ਵੀ ਨਾ ਲਿਆ ਸਕਿਆ। 'ਸੋਹਣੀ-ਮਹੀਵਾਲ' ਦਾ ਮੂਲ ਕੈਨਵਸ ਕਦੇ ਵੀ ਸਰਹੱਦ ਉਲੰਘ ਏਧਰ ਨਾ ਆ ਸਕਿਆ। ਇਹ ਖੋਜ ਖ਼ਬਰ ਬਾਅਦ ਵਿਚ ਕਦੇ ਨਾ ਮਿਲੀ, ਉਸ ਚਿੱਤਰ ਦਾ ਕੀ ਬਣਿਆ। ਇਉਂ ਪਹਿਲੇ 'ਪਾਠ' ਦਾ ਸਦਾ ਲਈ ਭੋਗ ਪੈ ਗਿਆ।

ਉਸੇ ਕੜੀ ਦੀ ਦਾਸਤਾਨ ਦੇਸ਼ ਵੰਡ ਉਪਰੰਤ ਇਧਰ ਮੁੜ ਸ਼ੁਰੂ ਹੁੰਦੀ ਹੈ। ਥੋੜ੍ਹੇ ਥੋੜ੍ਹੇ ਸਮੇਂ ਦੇ ਫਰਕ ਨਾਲ 'ਸੋਹਣੀ-ਮਹੀਵਾਲ' ਦੇ ਚਿੱਤਰ ਨੂੰ ਕ੍ਰਮਵਾਰ 1951, 1956, 1974 ਅਤੇ 1986 ਵਿਚ ਪੇਂਟ ਕੀਤਾ ਗਿਆ। 1951 ਵਾਲਾ ਚਿੱਤਰ ਡਾ. ਕਰਨ ਸਿੰਘ ਪਾਸ ਹੈ ਅਤੇ 1956 ਵਾਲਾ ਚਿੱਤਰ ਰੂਸ ਨੇ ਖ਼ਰੀਦ ਲਿਆ ਸੀ, ਕਿਉਂ ਜੋ ਕਹਾਣੀ ਦੱਸਦੀ ਹੈ ਕਿ ਸੋਹਣੀ ਦਾ ਪ੍ਰੇਮੀ ਮਹੀਵਾਲ ਉਜ਼ਬੇਕਿਸਤਾਨ ਦਾ ਰਹਿਣ ਵਾਲਾ ਸੀ।

ਇਹ ਪੇਂਟਿੰਗ ਆਪਣੇ ਮੁੱਢਲੇ ਰੂਪ ਵਿਚ ਢਲਣ ਤੋਂ ਪਹਿਲਾਂ ਕਿਹੜੇ ਪੜਾਵਾਂ ਵਿਚੋਂ ਲੰਘੀ, ਇਸ ਬਾਰੇ ਨਾ ਤਾਂ ਕੁਝ ਲਿਖਿਆ ਮਿਲਦਾ ਹੈ ਤੇ ਨਾ ਹੀ ਇਸ ਦੇ ਅਧਿਐਨ ਹਿੱਤ ਕੀਤਾ ਕੋਈ ਰੇਖਾਂਕਣ ਸਾਹਮਣੇ ਆਇਆ ਹੈ। ਸਾਡੇ ਦੇਖਣ-ਪਰਖਣ ਲਈ 1951 ਵਿਚ ਤਿਆਰ ਕੀਤੀ ਛੱਬ ਦੇ ਤਿਆਰ ਕੀਤੇ ਪ੍ਰਿੰਟ ਹਨ। ਲੋਕਾਂ ਦੇ ਘਰਾਂ ਵਿਚ ਮਿਲਣ ਵਾਲੇ ਫਰੇਮ ਹੋਏ ਪ੍ਰਿੰਟ ਇਸੇ ਕਿਰਤ ਦੇ ਪ੍ਰਤੀਰੂਪ ਹਨ।

ਦੇਸ਼ ਵੰਡ ਤੋਂ ਬਾਅਦ ਬਣਾਈਆਂ ਤਸਵੀਰਾਂ ਵਿਚਾਲੇ ਅੰਤਰ ਲੱਭਣ ਵਾਸਤੇ ਭਾਵੇਂ ਕਾਫ਼ੀ ਖੇਚਲ ਕਰਨੀ ਪਵੇ, ਪਰ ਵੰਡ ਤੋਂ ਪਹਿਲਾਂ ਦੀ ਪੇਂਟਿੰਗ ਅਤੇ ਵੰਡ ਤੋਂ ਬਾਅਦ ਦੀਆਂ ਤਸਵੀਰਾਂ ਵਿਚਾਲੇ ਦਾ ਫਰਕ ਉਘੜਵਾਂ ਅਤੇ ਦਰਸ਼ਨੀ ਹੈ।

ਚਿੱਤਰ ਦੇ ਕੁਝ ਨੁਕਤਿਆਂ ਨੂੰ ਉਭਾਰਨ ਲਈ 1951 ਦੇ ਚਿੱਤਰ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਇਹ ਤਸਵੀਰ ਉਸ ਵੇਲੇ ਨੂੰ ਸਮੂਰਤ ਕਰਦੀ ਹੈ ਜਦੋਂ ਪੱਕੇ ਘੜੇ ਦੀ ਮਦਦ ਨਾਲ ਸੋਹਣੀ ਵੱਲੋਂ ਝਨਾਂ ਪਾਰ ਕਰ ਲੈਣ ਬਾਅਦ ਉਸ ਨੂੰ ਕੰਢੇ ਖੜ੍ਹੇ ਮਹੀਵਾਲ ਦਾ ਸਹਾਰਾ ਮਿਲਦਾ ਰਿਹਾ ਹੈ। ਇਹ ਕਿਰਿਆ ਪਿਛਲੇ ਕਾਫ਼ੀ ਦਿਨਾਂ ਤੋਂ ਹੁੰਦੀ ਆ ਰਹੀ ਹੋਵੇਗੀ, ਕਿਉਂਕਿ ਦੋਵਾਂ ਸਰੀਰਾਂ ਵਿਚੋਂ ਕਿਸੇ ਇਕ ਵਿਚ ਵੀ ਕੋਈ ਝਿਜਕ-ਸੰਕੋਚ ਨਹੀਂ। ਜਾਪਦਾ ਹੈ ਕਿ ਦੋਵੇਂ ਆਪਸੀ ਮੇਲ-ਜੋਲ ਦੇ ਅਭਿਆਸੀ ਹੋ ਚੁੱਕੇ ਹਨ। ਤਾਹੀਓਂ ਮਿਲਣ ਸਮੇਂ ਸਕੂਨ ਦਾ ਅਹਿਸਾਸ ਭਾਰੀ ਹੋ ਜਾਂਦਾ ਹੈ।

ਸਿਰਜੀ ਰਚਨਾ ਚਨਾਬ ਦੇ ਕਿਨਾਰੇ ਦੀ ਹੈ, ਵੇਲਾ ਡੁੱਬ ਰਹੇ ਸੂਰਜ ਦਾ ਹੈ ਜਿਸ ਦੀ ਹਲਕੀ ਲਾਲੀ ਦਾ ਝਲਕਾਰਾ ਸੋਹਣੀ-ਮਹੀਵਾਲ ਦੇ ਪਿੰਡਿਆਂ ਨੂੰ ਸਾਹਮਣਿਓਂ ਪ੍ਰਕਾਸ਼ਿਤ ਕਰ ਰਿਹਾ ਹੈ। ਪਿਛੋਕੜ ਵਿਚ ਵਿਸ਼ਾਲ ਦੇਹੀ ਵਾਲੇ ਆਸਮਾਨ ਨੂੰ ਸਪਾਟ ਨਹੀਂ ਰੱਖਿਆ ਗਿਆ। ਖਲਾਅ ਦਾ ਵੱਡਾ ਹਿੱਸਾ ਬੱਦਲਾਂ ਨਾਲ ਘਿਰਿਆ ਹੋਇਆ ਹੈ। ਉਨ੍ਹਾਂ ਦੀ ਰੰਗਤ ਤੋਂ ਪਤਾ ਲੱਗਦਾ ਹੈ ਕਿ ਉਹ ਬਹੁਪਰਤੀ ਹਨ ਅਤੇ ਜ਼ੋਰਦਾਰ ਹਲਚਲ ਨਾਲ ਲਬਰੇਜ਼ ਹਨ।

ਕੰਢਿਓਂ ਥੋੜ੍ਹਾ ਜਿਹਾ ਉਰਾਂ, ਪ੍ਰੇਮੀਆਂ ਦੇ ਬਿਲਕੁਲ ਪਿੱਛੇ, ਨਦੀ ਵਗ ਰਹੀ ਹੈ। ਸੰਝ ਦਾ ਵੇਲਾ ਹੋਣ ਕਰ ਕੇ ਵਹਾਅ ਦੀ ਗਤੀ ਦਾ ਪਤਾ ਨਹੀਂ ਲੱਗਦਾ। ਸਰਸਰੀ ਤੌਰ 'ਤੇ ਦੇਖਣ ਨਾਲ ਲੱਗਦਾ ਹੈ, ਜਿਵੇਂ ਨਦੀ ਅਤੇ ਬੱਦਲ ਇਕ-ਦੂਜੇ ਵਿਚ ਮਿਲੇ ਹੋਏ ਹਨ। ਦੋਵਾਂ ਵਿਚਾਲੇ ਵੰਡਵੀਂ ਲਕੀਰ ਖਿੱਚਣੀ ਕਠਿਨ ਹੈ। ਆਮ ਤੌਰ 'ਤੇ ਦਿਸਹੱਦੇ ਨੂੰ ਦਰਸਾਉਣ ਦਾ ਮਤਲਬ ਡੂੰਘਾਈ ਨੂੰ ਚਿਹਨਤ ਕਰਨਾ ਹੁੰਦਾ ਹੈ, ਪਰ ਇਥੇ ਅਜਿਹਾ ਯਤਨ ਹੋਇਆ ਨਹੀਂ ਦਿਸਦਾ।

ਦੋਵੇਂ ਕਿਰਦਾਰਾਂ ਦਾ 'ਪ੍ਰੋਫਾਈਲ' ਰੂਪ ਦੇਖਣ ਨੂੰ ਮਿਲਦਾ ਹੈ। ਇਸ ਦਾ ਲਾਭ ਇਹ ਹੈ ਕਿ ਸਰੀਰ ਦੇ ਅੰਗਾਂ ਦੇ ਬਾਰੀਕ ਤੋਂ ਬਾਰੀਕ ਵੇਰਵੇ ਅਤੇ ਉਨ੍ਹਾਂ ਦੇ ਸੁਹੱਪਣ ਦਾ ਪਤਾ ਲੱਗ ਜਾਂਦਾ ਹੈ। ਪਿੱਠਭੂਮੀ ਗੂੜ੍ਹੀ ਹੋਣ ਕਰ ਕੇ ਦੋਵਾਂ ਦੇ ਰੰਗ-ਆਕਾਰਾਂ ਨੂੰ ਨਿਖਾਰਦੀ ਹੈ।

ਚਿੱਤਰ ਵਾਪਰ ਚੁਕੀ ਘਟਨਾ ਦੀ ਸੂਚਨਾ ਵੀ ਦੇ ਰਿਹਾ ਹੈ, ਭਾਵੇਂ ਅੱਜ ਤਕ ਵਿਦਵਾਨਾਂ ਨੇ ਇਸ ਵੱਲ ਧਿਆਨ ਨਹੀਂ ਦਿੱਤਾ। ਇਹ ਉਸ ਘਟਨਾ ਤੋਂ ਬਾਅਦ ਦੀ ਹਾਲਤ ਉਜਾਗਰ ਕਰਦੀ ਹੈ ਜਦੋਂ ਮਹੀਵਾਲ ਮੱਛੀ ਦੀ ਸ਼ੌਕੀਨ ਸੋਹਣੀ ਨੂੰ ਆਪਣੇ ਪੱਟ ਦਾ ਮਾਸ ਖੁਆ ਚੁੱਕਾ ਹੈ। ਜ਼ਖ਼ਮ ਕਾਰਨ ਉਹ ਤੈਰਨ ਤੋਂ ਅਸਮਰੱਥ ਹੈ। ਤਾਹੀਓਂ ਸੋਹਣੀ, ਹੁਣ ਮਹੀਵਾਲ ਨੂੰ ਮਿਲਣ ਵਾਸਤੇ ਨਦੀ ਤੈਰ ਕੇ ਆਉਂਦੀ ਹੈ। ਇਕ ਪਾਸੇ ਜੇ ਪਿਆਰ-ਖਿੱਚ ਪ੍ਰਬਲ ਹੈ ਤਾਂ ਉਸ ਦੀ ਪ੍ਰਾਪਤੀ ਹਿੱਤ ਘੜਾ ਮਦਦਗਾਰ ਬਣ ਆਉਂਦਾ ਹੈ।

ਚਨਾਬ ਪਾਰ ਕਰਨ ਉਪਰੰਤ ਜਦੋਂ ਸੋਹਣੀ ਥੱਕੀ-ਟੁੱਟੀ ਕਿਨਾਰੇ ਪਹੁੰਚਦੀ ਹੈ ਤਾਂ ਮਹੀਵਾਲ ਉਸ ਨੂੰ ਸਹਾਰਾ ਦੇ ਕੇ ਪਾਣੀਓਂ ਬਾਹਰ ਕੱਢ ਲਿਆਉਂਦਾ ਹੈ। ਚਿਤੇਰੇ ਨੂੰ ਇਹੋ ਪਲ ਚਿਤਰਨਯੋਗ ਲੱਗਦਾ ਹੈ। ਆਪਣੀ ਪ੍ਰੇਮਿਕਾ ਨੂੰ ਆਪਣੇ ਮੋਢੇ ਦਾ ਸਹਾਰਾ ਦੇ ਕੇ ਸੁੱਕੀ ਧਰਤ ਤਕ ਲਿਆਉਣ ਵਾਲਾ ਮਹੀਵਾਲ ਜ਼ਖ਼ਮੀ ਹੈ। ਪੱਟ ਦੇ ਜ਼ਖ਼ਮ ਨੂੰ ਚਿੱਤਰਕਾਰ ਵੱਲੋਂ ਲੁਕਾਅ ਕੇ ਰੱਖਿਆ ਜਾਂਦਾ ਹੈ, ਪਰ ਵਿਛੋੜੇ ਬਾਅਦ ਹੋਣ ਵਾਲੇ ਮਿਲਾਪ ਸਦਕਾ ਦੋਵਾਂ ਦੇ ਤਨ-ਮਨ ਨੂੰ ਮਿਲਦੇ ਸਕੂਨ ਦਾ ਚਿਤਰਨ ਇਸ ਚਿੱਤਰ ਦਾ ਉਦੇਸ਼ ਤੇ ਸਿਖਰ ਹੈ।

ਸੋਭਾ ਸਿੰਘ ਨੇ ਬੜੀ ਸੂਖ਼ਮ ਕਲਾਕਾਰੀ ਰਾਹੀਂ ਚਿੱਤਰ ਹੀ ਨਹੀਂ, ਸਗੋਂ ਪ੍ਰੇਮੀਆਂ ਨੂੰ ਵਿਉਂਤਿਆ ਹੈ। ਇਕ ਧਿਰ ਦੂਜੇ ਨੂੰ ਸਹਾਰਾ ਦੇ ਰਹੀ ਹੈ, ਦੂਜੀ ਧਿਰ ਉਸ ਨੂੰ ਸਵੀਕਾਰ ਵੀ ਕਰ ਰਹੀ ਹੈ, ਪਰ ਕਿਸੇ ਦਾ ਸਰੀਰ ਇਸ ਦਾ ਭੋਰਾ ਵੀ ਸੰਕੇਤ ਨਹੀਂ ਦਿੰਦਾ। ਮਹੀਵਾਲ ਦੀ ਉਪਰ ਉਠੀ ਸੱਜੀ ਬਾਂਹ ਇਹ ਭਰਮ ਜਗਾਉਂਦੀ ਹੈ ਕਿ ਉਸ ਹੱਥ ਨੇ ਸੋਹਣੀ ਦੀ ਸੱਜੀ ਬਾਂਹ ਨੱਪੀ ਹੋਈ ਹੈ, ਪਰ ਏਦਾਂ ਕਰਦਿਆਂ ਦੋਵਾਂ ਦੇ ਸਰੀਰਾਂ ਵਿਚ ਜੋ 'ਜੈਸਚਰਜ' ਹੋਣੇ ਚਾਹੀਦੇ ਹਨ, ਨਹੀਂ ਹਨ। ਮਹੀਵਾਲ ਦਾ ਖੱਬਾ ਹੱਥ ਸੋਹਣੀ ਦੇ ਲੱਕ ਨੂੰ ਛੂੰਹਦਾ ਦਿਖਾਈ ਦਿੰਦਾ ਹੈ। ਇਹ ਹੱਥ ਪ੍ਰੇਮਿਕਾ ਦੀ ਖੱਬੀ ਬਾਂਹ ਜਿਸ ਦੇ ਹੱਥੀਂ ਘੜਾ ਹੈ, ਥੱਲੋਂ ਝਾਕ ਰਿਹਾ ਹੈ। ਹੱਥ ਸਿਰਫ਼ ਰੱਖਿਆ ਹੋਇਆ ਹੈ, ਉਸ ਦੀ ਕਸ ਜਾਂ ਪਕੜ ਜ਼ਾਹਿਰ ਨਹੀਂ ਹੋ ਰਹੀ। ਇਹ ਅਜੀਬ ਵਰਤਾਰਾ ਹੈ। ਇਕੋ ਚਿੱਤਰ ਵਿਚ ਦੋ ਪਹੁੰਚ ਵਿਧੀਆਂ ਦੇਖਣ ਨੂੰ ਮਿਲਦੀਆਂ ਹਨ। ਜਿਹੜਾ ਹੱਥ ਸੋਹਣੀ ਨੂੰ ਸਹਾਰਾ ਦੇ ਰਿਹਾ ਹੈ, ਉਹ ਉਸ ਦੀ ਦੇਹੀ ਦਾ ਭਾਰ ਵੀ ਚੁੱਕ ਰਿਹਾ ਹੈ। ਫਲਸਰੂਪ ਕੋਮਲ ਦੇਹੀ ਉਪਰ ਹੱਥ ਦੇ ਦਾਬ ਦਾ ਪ੍ਰਭਾਵ ਨਹੀਂ ਦਿਸਦਾ। ਦੂਜੇ ਪਾਸੇ ਮਹੀਵਾਲ ਦੀ ਸੱਜੀ ਬਾਂਹ ਦੇ ਡੌਲੇ ਦੁਆਲੇ ਧਾਗਾ ਬੱਝਾ ਹੋਇਆ ਹੈ। ਸਿੱਧੀ ਬਾਂਹ ਦੇ ਮੁਕਾਬਲੇ ਕੂਹਣੀ ਤੋਂ ਬਾਂਹ ਮੋੜਨ ਵੇਲੇ ਡੌਲਾ ਫੁੱਲ ਜਾਂਦਾ ਹੈ। ਇਸੇ ਕਾਰਨ ਬੰਨ੍ਹੇ ਧਾਗੇ ਵਿਚ ਕੱਸ ਆ ਜਾਂਦੀ ਹੈ। ਚਿਤੇਰਾ ਇਸ ਵੇਰਵੇ ਨੂੰ ਬਾਰੀਕੀ ਨਾਲ ਪਕੜਦਾ ਹੈ। ਇਸ ਤੋਂ ਇਲਾਵਾ ਡੌਲੇ ਦੀ ਫੁਲਾਵਟ ਉਸ ਵੱਲੋਂ ਸਹਾਰੇ ਜਾ ਰਹੇ ਵਜ਼ਨ ਨੂੰ ਦੱਸਦੀ ਹੈ।

ਸਰੀਰਕ ਤਕਲੀਫ਼, ਸਰੀਰਕ ਵਜ਼ਨ ਨੂੰ ਸਹਾਰਾ ਦਿੰਦਿਆਂ ਤੇ ਸਹਾਰਦਿਆਂ ਦਾ ਅਕਸ ਦੋਵਾਂ ਦੇ ਚਿਹਰਿਆਂ 'ਤੇ ਨਹੀਂ ਉਭਰਦਾ। ਚਿਹਰੇ, ਵਸਤੂ ਸਥਿਤੀ ਦੇ ਵਿਪਰੀਤ ਅਕਹਿ ਸੁਖ ਦੀ ਝਲਕ ਦੇ ਰਹੇ ਹਨ। ਬੰਦ ਅੱਖਾਂ, ਮੀਟੇ ਬੁੱਲ੍ਹ, ਤਿਊੜੀ-ਵਹੀਨ ਮੱਥੇ ਸਰੀਰਕ ਸਾਥ ਉਪਰੰਤ ਉਪਜੇ ਸਕੂਨ ਨੂੰ ਪ੍ਰਗਟ ਕਰਦੇ ਹਨ। ਇੰਜ ਇਹ ਆਂਤਰਿਕ ਕਿਰਿਆ ਦਾ ਬਾਹਰੀ ਪ੍ਰਤੀਕਿਰਿਆਤਮਕ ਰੂਪ ਹੈ। ਰਚੇ ਦ੍ਰਿਸ਼ ਚਿੱਤਰ ਵਿਚ ਖ਼ਾਮੋਸ਼ੀ ਨੂੰ ਜ਼ੁਬਾਨ ਮਿਲੀ ਹੈ, ਕਿਸੇ ਸ਼ਬਦ ਨੂੰ ਨਹੀਂ। ਸੋਹਣੀ ਅਨੇਕਾਂ ਔਕੜਾਂ ਅਤੇ ਪੈਰੋ-ਪੈਰ ਮੌਤ ਦੇ ਖ਼ਤਰਿਆਂ ਦੀ ਪ੍ਰਵਾਹ ਕੀਤੇ ਬਿਨਾਂ ਮਹੀਵਾਲ ਨੂੰ ਮਿਲਦੀ ਹੈ ਤਾਂ ਪ੍ਰਾਥਮਿਕਤਾ ਸਰੀਰ-ਛੋਹ ਨੂੰ ਮਿਲਦੀ ਹੈ, ਕਿਸੇ ਸ਼ਬਦ ਨੂੰ ਨਹੀਂ। ਉਨ੍ਹਾਂ ਦੇ ਸਿਰ ਉਪਰ ਤੈਰਦੇ, ਲਿਸ਼ਕਦੇ ਬੱਦਲ ਕਿਸੇ ਨਾ ਕਿਸੇ ਤਰ੍ਹਾਂ ਸ਼ੋਰ ਤੇ ਹਲਚਲ ਦਾ ਸੰਕੇਤ ਦਿੰਦੇ ਹਨ। ਉਨ੍ਹਾਂ ਦੇ ਪਿੱਛੇ ਵਹਿ ਰਹੇ ਚਨਾਬ ਦਾ ਪਾਣੀ ਆਪਣੀ ਲੈਅਦਾਰ ਆਵਾਜ਼ ਨੂੰ ਚੁਫ਼ੇਰੇ ਬਿਖੇਰ ਰਿਹਾ ਹੈ, ਪਰ ਚਨਾਬ ਪਾਰ ਕਰ ਕੇ ਆਈ ਸੋਹਣੀ ਸ਼ਾਂਤ ਚਿੱਤ ਹੈ। ਸ਼ਾਂਤ ਚਿੱਤ ਦੋਵੇਂ ਹਨ, ਜਿਵੇਂ ਕੁਝ ਵਾਪਰਿਆ ਹੀ ਨਹੀਂ, ਜਿਵੇਂ ਉਨ੍ਹਾਂ ਦੇ ਆਲੇ-ਦੁਆਲੇ ਕੁਝ ਵਾਪਰ ਹੀ ਨਹੀਂ ਰਿਹਾ। ਦੋਵਾਂ ਦੇ ਮਨ-ਤਨ, ਜਿਸ ਸੰਕਟ ਥਾਣੀਂ ਗੁਜ਼ਰੇ ਹਨ, ਉਸ ਦੀ ਝਰੀਟ ਮਾਤਰ ਵੀ ਚਿਤੇਰੇ ਨੇ ਨਹੀਂ ਵਾਹੀ। ਇਹ ਚਿੱਤਰਕਾਰ ਦੀ ਮਨੌਤ ਦਾ ਫ਼ਲ ਹੈ ਜਿਸ ਨੇ ਜ਼ੁਲਮ ਕਰਨ ਵਾਲਿਆਂ ਜਾਂ ਜ਼ੁਲਮ ਦੇ ਨਿਸ਼ਾਨਾਂ ਨੂੰ ਪੇਂਟ ਨਹੀਂ ਕੀਤਾ।





ਸੋਹਣੀ-ਮਹੀਵਾਲ ਦੀ ਨਦੀ ਵਿਚੋਂ ਨਿਕਲਣ ਦੀ ਕਿਰਿਆ ਇੰਜ ਲੱਗਦੀ ਹੈ ਜਿਵੇਂ ਕੋਈ 'ਗ੍ਰੋ' ਕਰ ਰਿਹਾ ਹੈ। ਇਸ ਵੱਲ ਧਿਆਨ ਤਾਂ ਗਿਆ, ਕਿਉਂਕਿ ਦੋਵਾਂ ਦੀ 'ਪੁਜ਼ੀਸ਼ਨ' ਅਜਿਹੀ ਹੈ ਜਿਥੇ ਉਹ ਗੋਡਿਆਂ ਭਾਰ ਹਨ ਵੀ, ਤੇ ਨਹੀਂ ਵੀ। ਇਹ ਸੱਚ ਹੈ ਕਿ ਅਗਲੇ ਪਲਾਂ ਵਿਚ ਇਸ ਪੁਜ਼ੀਸ਼ਨਾਂ ਨੂੰ ਤੱਜ ਇਨ੍ਹਾਂ ਨੇ ਆਪਣੇ ਪੈਰਾਂ ਭਾਰ ਹੋ ਜਾਣਾ ਹੈ, ਜਿਵੇਂ ਕੋਈ ਬੂਟਾ ਸਹਿਜ ਭਾਵ ਵਧਦਾ ਹੈ, ਬਿਨਾਂ ਕਿਸੇ ਆਵਾਜ਼ ਦੇ। ਲਗਪਗ ਇਹੋ ਅਵਸਥਾ ਇਨ੍ਹਾਂ ਪ੍ਰੇਮੀਆਂ ਦੀ ਹੈ।

ਪ੍ਰੇਮੀਆਂ ਦਾ ਆਲਾ-ਦੁਆਲਾ ਦੂਰ ਤਕ ਬੇਆਬਾਦ ਹੈ, ਕੋਈ ਹਰਿਆਵਲ ਨਹੀਂ। ਐਨ ਖੱਬੇ ਵੱਲ ਥੱਲੇ ਰੁੰਡ-ਮਰੁੰਡ ਰੁੱਖ ਹੈ। ਇਹ ਪੇਂਟਿੰਗ ਦੀ ਕੰਪੋਜ਼ੀਸ਼ਨ ਦਾ ਅਹਿਮ ਜੁਜ਼ ਹੈ ਅਤੇ ਆਪਣੇ-ਆਪ ਇਹ ਅਰਥ ਵਿਹੂਣਾ ਵੀ ਨਹੀਂ। ਇਹ ਜੋੜੇ ਦੇ ਰਾਹ ਆਉਣ ਵਾਲੀ ਵੀਰਾਨਗੀ ਨੂੰ ਚਿਹਨਤ ਕਰਦਾ ਲੱਗਦਾ ਹੈ। ਉਨ੍ਹਾਂ ਪਾਸ ਅਜਿਹੀ ਕੋਈ ਵਸਤੂ ਜਾਂ ਹਥਿਆਰ ਨਹੀਂ ਜਿਸ ਨਾਲ ਆਉਣ ਵਾਲੀ ਕਿਸੇ ਔਕੜ ਜਾਂ ਵਿਰੋਧੀ ਦਾ ਸਾਹਮਣਾ ਕਰ ਸਕਣ।

ਮਹੀਵਾਲ ਦੇ ਮੋਢੇ ਉਪਰ ਭੂਰੀ ਕੰਬਲੀ ਹੈ। ਉਸ ਦੇ ਸਿਰ ਦੁਆਲੇ ਕੱਸਵਾਂ ਰੰਗਦਾਰ ਸਾਫਾ ਬੱਝਾ ਹੋਇਆ ਹੈ। ਕੰਬਲੀ ਗੂੜ੍ਹੇ ਰੰਗ ਦੀ ਹੋਣ ਕਾਰਨ ਸੋਹਣੀ ਦਾ ਸਰੀਰ ਅਤੇ ਉਸ ਦੇ ਤਨ ਨੂੰ ਢਕ ਰਿਹਾ ਪਾਰਦਰਸ਼ੀ ਸਫ਼ੈਦ ਕੱਪੜਾ ਉਭਾਰ ਲੈ ਰਿਹਾ ਹੈ। ਨਦੀ ਪਾਰ ਕੇ ਆਈ ਸੋਹਣੀ ਦੇ ਤਨ ਲਿਪਟਿਆ ਕੱਪੜਾ ਭਿਜਿਆ ਹੋਣ ਕਾਰਨ ਉਸ ਦੀ ਦੇਹ ਨੂੰ ਕੱਜਦਾ ਘੱਟ ਅਤੇ ਉਘਾੜਦਾ ਜ਼ਿਆਦਾ ਹੈ। ਜਿੰਨਾ ਕੁ ਲੁਕਾਇਆ ਜਾ ਰਿਹਾ ਹੈ, ਉਸ ਤੋਂ ਵੱਧ ਦਿਖਾਇਆ ਜਾ ਰਿਹਾ ਹੈ। ਚਿੱਤਰ ਤੋਂ ਇਹ ਸਾਫ਼ ਨਹੀਂ ਹੁੰਦਾ ਕਿ ਉਸ ਨੇ ਕੀ ਪਹਿਨਿਆ ਹੋਇਆ ਹੈ। ਅਸਲ ਵਿਚ ਚਿੱਤਰਕਾਰ ਦੀ ਮਨਸ਼ਾ ਵਸਤਰ ਦਿਖਾਵੇ ਵਿਚ ਨਹੀਂ, ਕੁਝ 'ਹੋਰ' ਹੈ। ਉਹ ਦੋਵਾਂ ਦੇ ਮਿਲਣ ਵਿਚੋਂ ਅਧਿਆਤਮਕ ਸੁਖ ਦੇਖ ਰਿਹਾ ਹੈ, ਭਾਵੇਂ ਇਹ ਕੁਝ ਸਮੇਂ ਲਈ ਹੈ। ਉਂਜ, ਦਰਸ਼ਕ ਨੂੰ ਅਜਿਹੀ ਮਜਬੂਰੀ ਨਹੀਂ। ਦੋਵੇਂ ਪ੍ਰੇਮੀ ਜਵਾਨ ਹਨ। ਉਹ ਸੁੰਦਰ ਤੇ ਬਲਸ਼ਾਲੀ ਵੀ ਹਨ। ਚਿੱਤਰਕਾਰ ਸੁਡੌਲਤਾ ਅਤੇ ਸੁੰਦਰਤਾ ਨੂੰ ਆਪਣੀ ਤਰ੍ਹਾਂ ਜ਼ਾਹਿਰ ਕਰਦਾ ਹੈ। ਮਹੀਵਾਲ ਦੇ ਸਰੀਰ ਨਾਲੋਂ ਸੋਹਣੀ ਦੇ ਸਰੀਰ ਨੂੰ ਪ੍ਰਮੁਖਤਾ ਮਿਲੀ ਹੈ। ਉਂਜ ਵੀ ਇਨ੍ਹਾਂ ਦੇ ਨਾਮ ਉਚਾਰੇ ਜਾਂਦੇ ਹਨ ਤਾਂ ਪਹਿਲਾਂ ਸੋਹਣੀ ਆਉਂਦਾ ਹੈ, ਫਿਰ ਮਹੀਵਾਲ। ਚਿੱਤਰ ਹਵਾਲੇ ਤੋਂ ਪਤਾ ਲੱਗਦਾ ਹੈ ਕਿ ਜਿਹੜਾ ਕਦਮ ਚੁੱਕ ਅੱਗੇ ਵਧਿਆ ਜਾਵੇਗਾ, ਉਸ ਦੀ ਪਹਿਲ ਸੋਹਣੀ ਵੱਲੋਂ ਹੀ ਹੋਵੇਗੀ।

ਤਿੱਖੇ ਨੈਣ-ਨਕਸ਼ ਵਾਲੀ ਨਾਇਕਾ ਦੇ ਮੱਥੇ ਟਿੱਕਾ, ਕੰਨੀਂ ਵਾਲੀਆਂ, ਗਲ ਪਤਲੀ ਗਾਨੀ ਤੇ ਬਾਹੀਂ ਚੂੜੀਆਂ ਹਨ। ਭਿੱਜੇ ਵਾਲ ਲੱਕ ਨੂੰ ਛੋਹ ਰਹੇ ਹਨ। ਸਾਰੀ ਸੁੰਦਰਤਾ ਵਿਚ ਵਾਧਾ ਕਰਨ ਵਾਲੀਆਂ ਇਹ ਕੁਝ ਕੁ ਇਕਾਈਆਂ ਹਨ, ਪਰ ਸੁੰਦਰਤਾ ਦਾ ਅਸਲ ਸੋਮਾ ਉਸ ਦਾ ਆਪਣਾ ਸਰੀਰ ਹੈ। ਸੋਭਾ ਸਿੰਘ ਦੀਆਂ ਸਾਰੀਆਂ ਪ੍ਰੇਮ ਨਾਇਕਾਵਾਂ ਸਰੀਰਕ ਖਿੱਚ ਵਾਲੀਆਂ ਹਨ।

ਦੇਸ਼ ਵੰਡ ਤੋਂ ਪਹਿਲਾਂ ਵਾਲੀ ਪੇਂਟਿੰਗ ਅਤੇ ਵੰਡ ਤੋਂ ਬਾਅਦ ਵਾਲੇ ਚਿੱਤਰ ਵਿਚ ਫਰਕ ਹੈ। ਉਥੇ ਦੋਵਾਂ ਦੇ ਮੂੰਹ ਬਿਲਕੁਲ ਸਿੱਧੇ ਹਨ ਅਤੇ ਇਕ ਚਿਹਰਾ ਦੂਜੇ ਚਿਹਰੇ ਦੇ ਸਮਾਂਤਰ ਲਗਦਾ ਹੈ। ਉਥੇ ਸੱਜੇ ਪਾਸੇ ਮੋਢੇ ਤੋਂ ਆ ਰਿਹਾ ਸਫ਼ੈਦ ਕੱਪੜਾ ਸੱਜੀ ਛਾਤੀ ਨੂੰ ਛੋਹ ਕੇ ਹੇਠਲੇ ਤਨ ਨੂੰ ਢੱਕ ਰਿਹਾ ਹੈ। ਇਉਂ ਸਾਰੀ ਛਾਤੀ ਅਣਕੱਜੀ ਹੀ ਰਹਿੰਦੀ ਹੈ।

ਵੰਡ ਤੋਂ ਬਾਅਦ ਦੇ ਪ੍ਰਤੀਰੂਪਾਂ ਵਿਚ ਸੁਧਾਰ ਆਉਂਦਾ ਹੈ। ਮਹੀਵਾਲ ਦਾ ਚਿਹਰਾ ਅੱਗੇ ਵੱਲ ਨੂੰ ਝੁਕਿਆ ਹੋਇਆ ਹੈ ਜਦੋਂਕਿ ਸੋਹਣੀ ਦਾ ਸਿਰ ਥੋੜ੍ਹਾ ਜਿਹਾ ਉਪਰ ਵੱਲ ਨੂੰ ਹੈ। ਸੋਹਣੀ ਦੇ ਤਨ ਨੂੰ ਢਕਣ ਵਾਲਾ ਕੱਪੜਾ ਹੁਣ ਸੱਜੇ ਵੱਲੋਂ ਨਹੀਂ ਆਉਂਦਾ, ਸਗੋਂ ਉਹ ਗਿਲਾ ਹੋ ਕੇ ਜਿਸਮ ਨਾਲ ਚਿਪਕਿਆ ਹੋਇਆ ਹੈ।

ਸੋਹਣੀ ਨੂੰ ਮਹੀਵਾਲ ਨਾਲ ਜੋੜਨ ਵਾਲੀ ਇਕ ਹੋਰ ਇਕਾਈ ਘੜਾ ਵੀ ਹੈ। ਇਸੇ ਸਾਧਨ ਰਾਹੀਂ ਉਹ ਨਦੀ ਪਾਰ ਕਰ ਕੇ ਪ੍ਰੇਮੀ ਨੂੰ ਮਿਲਣ ਉਪਰੰਤ ਮੁੜ ਆਪਣੇ ਘਰ ਭਾਵ ਸਮਾਜ ਵਿਚ ਆ ਸਮਾਉਂਦੀ ਹੈ। ਚਿੱਤਰ ਮਹੱਤਵਪੂਰਨ ਸੁਨੇਹਾ ਦੇ ਰਿਹਾ ਹੈ। ਇਸ ਦੀ ਵਿਆਖਿਆ ਲੌਕਿਕ ਵੀ ਹੋ ਸਕਦੀ ਹੈ ਤੇ ਅਲੌਕਿਕ ਵੀ। ਜੋ ਦ੍ਰਿਸ਼ਟੀ ਦੀ ਪਕੜ ਵਿਚ ਹੈ, ਉਹ ਸਪਸ਼ਟ ਹੈ। ਜੋ ਪਕੜ ਵਿਚ ਨਹੀਂ, ਉਸ ਨੂੰ ਅਦ੍ਰਿਸ਼ ਨਾਲ ਜੋੜ ਕੇ ਦੇਖ ਲਿਆ ਜਾਂਦਾ ਹੈ।

ਚਿੱਤਰ ਵਿਚ ਘੜਾ ਅੱਗੇ ਹੈ, ਫਿਰ ਸੋਹਣੀ ਹੈ ਤੇ ਐਨ ਪਿੱਛੇ ਮਹੀਵਾਲ। ਇਹ ਦਰਜਾਬੰਦੀ ਆਪਣੇ ਆਪ ਸਭ ਕੁਝ ਉਚਾਰ ਰਹੀ ਹੈ। ਸੋਹਣੀ ਕਿਨਾਰੇ ਪਹੁੰਚ ਕੇ ਆਪਣੇ ਪ੍ਰੇਮੀ ਨਾਲ ਮਿਲਾਪ ਦੇ ਬਾਵਜੂਦ ਉਸ ਸਾਧਨ (ਘੜੇ) ਦਾ ਤਿਆਗ ਨਹੀਂ ਕਰਦੀ। ਇਕ ਬਾਂਹ ਜੇ ਪ੍ਰੇਮੀ ਦੀ ਦੇਹ ਦੁਆਲੇ ਹੈ ਤਾਂ ਦੂਜੇ ਹੱਥ ਘੜਾ ਹੈ। ਪਰਮ ਆਨੰਦ ਦੀ ਅਵਸਥਾ ਵਿਚ ਵੀ ਉਹ ਕਿਸੇ ਇਕ ਨੂੰ ਤਿਆਗਦੀ ਨਹੀਂ। ਸੰਜੁਗਤੀ ਦੀ ਇਸ ਅਵਸਥਾ ਦਾ ਰਚੇਤਾ, ਸੋਹਣੀ ਨਹੀਂ; ਚਿੱਤਰਕਾਰ ਹੈ। ਸੋਭਾ ਸਿੰਘ ਘੜੇ

**(ਬਾਕੀ ਅਗਲੇ ਸਫੇ 'ਤੇ)**

# ਸਾਡਾ ਵੱਡਾ ਮੰਜਾ

**ਸੁਖਦੇਵ ਸਿੱਧੂ ਦੀ ਇਹ ਲਿਖਤ 'ਸਾਡਾ ਵੱਡਾ ਮੰਜਾ' ਉਹਦੀਆਂ ਹੋਰ ਲਿਖਤਾਂ ਵਾਂਗ ਹੀ ਗੱਲਾਂ ਕਰਨ ਵਰਗੀ ਹੈ। ਆਮ ਲੋਕ ਅਤੇ ਇਨ੍ਹਾਂ ਲੋਕਾਂ ਨਾਲ ਜੁੜੇ ਸੰਸੇ ਤੇ ਸਿਦਕ ਉਹਦੀਆਂ ਲਿਖਤਾਂ ਵਿਚ ਅਛੋਪਲੇ ਜਿਹੇ ਆਣ ਕੇ ਆਪਣੀ ਥਾਂ ਮੱਲ ਲੈਂਦੇ ਹਨ। ਵਲੈਤ ਵਿਚ ਇੰਨੇ ਸਾਲਾਂ ਤੋਂ ਵੱਸਦਾ ਹੋਣ ਦੇ ਬਾਵਜੂਦ ਜਦੋਂ ਉਹ ਕਲਮ ਰਾਹੀਂ ਆਪਣੇ ਪਿੰਡਾਂ ਅਤੇ ਆਪਣੇ ਲੋਕਾਂ ਵੱਲ ਪੂਰੀ ਨੀਝ ਨਾਲ ਝਾਤੀ ਮਾਰਦਾ ਹੈ ਤਾਂ ਇਹ ਗੱਲਾਂ, ਗੱਲਾਂ ਨਹੀਂ ਰਹਿੰਦੀਆਂ; ਸੁੱਚੀ ਤੇ ਸੱਚੀ ਜ਼ਿੰਦਗੀ ਦਾ ਸਾਗਰ ਹੋ ਨਿਬੜਦੀਆਂ ਹਨ। -ਸੰਪਾਦਕ**

ਸਹੂਲਤਾਂ ਦੀ ਥੋੜ੍ਹ ਵਾਲੇ ਘਰ 'ਚ ਵੱਡੇ ਮੰਜੇ ਦੀ ਆਪਣੀ ਠਾਠ ਬਣੀ ਰਹੀ। ਇਹਦੀ ਆਪਣੀ ਸ਼ਾਨ ਹੁੰਦੀ ਸੀ, ਆਪਣੀ ਹਸਤੀ। ਏਡਾ ਮੰਜਾ ਨਾ ਤਾਂ ਘਰ 'ਚ ਹੋਰ ਸੀ, ਨਾ ਆਲੇ-ਦੁਆਲੇ ਤੇ ਨਾ ਕਿਧਰੇ ਰਿਸ਼ਤੇਦਾਰੀ 'ਚ। ਇਹ ਪਲੰਘ ਨਾਲੋਂ ਵੀ ਵੱਡਾ ਸੀ। ਹਲਕੇ ਚੌਖਟੇ ਵਾਲੇ ਚਾਰ-ਪੰਜ ਸਰੀਰਾਂ ਨੂੰ ਇਹ ਸੌਖਿਆਂ ਝੱਲ ਲੈਂਦਾ ਸੀ-ਤਕੜਿਆਂ ਤਿੰਨਾਂ ਨੂੰ ਵੀ। ਨੌਵੀਂ-ਦਸਵੀਂ ਤਾਈਂ ਪਹੁੰਚ ਕੇ ਇਹ ਮੇਰਾ ਮੰਜਾ ਹੋ ਗਿਆ ਸੀ। ਪਹਿਲਾਂ ਇਹ ਮੈਥੋਂ ਹਿਲਦਾ ਵੀ ਨਹੀਂ ਸੀ ਹੁੰਦਾ, ਚੱਕ ਲੈਣਾ ਤਾਂ ਹੋਰ ਗੱਲ ਸੀ; ਇਹਨੂੰ ਜਾਂ ਮੇਰਾ ਬਾਪ ਚੁੱਕਦਾ ਸੀ ਜਾਂ ਚਾਚਾ। ਮਾਂ ਵੀ ਚੁੱਕ ਲੈਂਦੀ ਹੁੰਦੀ ਸੀ, ਪਰ ਉਹਨੂੰ ਨਾਲ ਆਸਰੇ ਦੀ ਲੋੜ ਪੈਂਦੀ ਸੀ। ਪਹਿਲਾਂ ਪਹਿਲਾਂ ਮੈਂ ਮੌਰਾਂ 'ਤੇ ਚੱਕਣ ਦੀ ਕੋਸ਼ਿਸ਼ ਹੀ ਕਰਦਾ ਰਿਹਾ। ਮੋਢਿਆਂ 'ਤੇ ਚੁੱਕਿਆ ਮੰਜਾ ਏਨਾ ਝੂਲਦਾ ਕਿ ਮੇਰੀ ਕੋਈ ਵਾਹ ਪੇਸ਼ ਨਾ ਜਾਂਦੀ, ਕਦੇ ਮੋਹਰਲੇ ਪਾਵੇ ਜ਼ਮੀਨ ਨੂੰ ਜਾ ਲਗਦੇ ਤੇ ਕਦੇ ਪਿਛਲੇ; ਇਹ ਝੋਲਾ-ਝੁਲਾਈ ਮੈਨੂੰ ਤੰਗ ਕਰਦੀ ਸੀ। ਝੂਲਦਾ ਮੰਜਾ ਧੌਣ ਨੂੰ ਜਰਬ ਪਹੁੰਚਾਉਂਦਾ ਸੀ।



**ਸੁਖਦੇਵ ਸਿੱਧੂ**
e-mail: sidhu@ntlworld.com

ਕਦੇ ਕਦੇ ਮੇਰੀ ਲੰਮੀ ਕਮਜ਼ੋਰ ਧੌਣ ਨੂੰ ਮਚਕੋੜ ਵੀ ਆ ਜਾਂਦੀ ਸੀ। ਧੌਣ ਮਲਾਉਣੀ ਪੈਂਦੀ, ਸੇਕ ਦੇਣਾ ਪੈਂਦਾ। ਦਾਦੀ ਕੁਆਸੀ ਰੋਟੀ ਬਣਾ ਕੇ ਧੌਣ 'ਤੇ ਬੰਨ੍ਹਦੀ ਤਾਂ ਕਿਤੇ ਜਾ ਕੇ ਕੰਮ ਸੂਤ ਆਉਂਦਾ; ਅੱਗੇ ਤੋਂ ਮੰਜਾ ਨਾ ਚੁੱਕਣ ਦੀ ਹਦਾਇਤ ਵੀ ਕਰਦੀ। ਮੇਰਾ ਆਪਣਾ ਮਨ ਵੀ ਇਹਨੂੰ ਚੁੱਕਣ ਤੋਂ ਜਕਦਾ ਤਾਂ ਸਹੀ, ਪਰ ਮਨ 'ਚ ਉਠਦਾ ਹਠ ਡਾਢਾ ਸੀ; ਕਹਿੰਦਾ ਕਿ ਇਹ ਮੰਜਾ ਮੈਂ ਕਿਸੇ ਦਿਨ ਚੁੱਕਣਾ ਹੀ ਚੁੱਕਣਾ ਹੈ। ਜਦ ਮੈਂ ਇਹਨੂੰ ਸਿਰ 'ਤੇ ਸਾਂਭਣ ਜੋਗਾ ਹੋ ਗਿਆ, ਤਾਂ ਇਹ ਮਾਣ ਕਰਨ ਵਾਲੀ ਗੱਲ ਬਣ ਗਈ ਸੀ।

ਛੇ ਕੁ ਮਹੀਨੇ ਬਾਅਦ ਵੰਡ-ਉਜਾੜੇ ਦੇ ਝੰਬੇ ਮੇਰੇ ਘਰ ਦੇ ਜਿਹਲਮੀਆਂ ਦੇ ਸੱਦੇ 'ਤੇ ਦੁਆਬੇ ਦੇ ਅਖੀਰਲੇ ਪਿੰਡ ਸਿੰਘਪੁਰੇ ਜਾ ਟਿਕੇ ਸੀ, ਐਨ ਸਤਲੁਜ ਦਰਿਆ ਦੇ ਕੰਢੇ ਕਰ ਕੇ। ਠੇਕੇ-ਭੌਲੀ 'ਤੇ ਵਾਹੀ ਕਰਨ ਲਈ, ਵੱਡੇ ਸਾਰੇ ਟੱਬਰ ਦਾ ਪੇਟ ਪਾਲਣ ਲਈ। ਬਾਕੀ ਪੰਜਾਬ ਵਾਂਗ ਏਸ ਪਿੰਡੋਂ ਵੀ ਕਈ ਵਸਦੇ-ਰਸਦੇ ਮੁਸਲਮਾਨ ਉਜੜ ਕੇ ਗਏ ਸੀ, ਅਣਚਾਹੇ ਮਨ ਨਾਲ, ਆਪਣੇ ਵਤਨੋਂ। ਬਹੁਤੇ ਜਾਨਾਂ ਬਚਾ ਕੇ, ਸਾਰਾ ਸਾਮਾਨ ਛੱਡ ਕੇ ਨਿਕਲ ਤੁਰੇ ਹੋਣੇ ਸੀ। ਕੁਝ ਕੀਮਤੀ ਗਹਿਣੇ ਗੱਟੇ ਤੇ ਪੈਸੇ-ਧੇਲੇ ਲੈ ਗਏ ਹੋਣਗੇ। ਮਗਰਲੇ ਸੁਆਰਥੀਆਂ ਦੀਆਂ ਮੌਜਾਂ ਲੱਗ ਗਈਆਂ। ਪਿੱਛੇ ਰਹਿ ਗਿਆ ਕੰਮ ਦਾ ਸਾਰਾ ਸਾਮਾਨ ਤਾਂ ਪਹਿਲਾਂ ਲੁੱਟਿਆ ਗਿਆ ਸੀ, ਜਾਂ ਸਾਂਭ ਲਿਆ ਸੀ। ਬਚੇ ਸਾਮਾਨ 'ਚੋਂ ਚੱਜ ਦੇ ਸਾਮਾਨ ਉਤੇ ਤਕੜਿਆਂ ਸਰਦਾਰਾਂ ਜਾਂ ਜਥੇ ਵਾਲਿਆਂ ਆਪਣਾ ਗੁਣਾ ਪਾ ਲਿਆ। ਬਾਕੀ ਦਾ ਬਚਿਆ-ਖੁਚਿਆ ਹਮਾਤੜਾਂ ਲਈ ਰਹਿਣ ਦਿੱਤਾ। ਉਨ੍ਹਾਂ 'ਚੋਂ ਵੀ ਰਹਿੰਦ-ਖੂੰਹਦ ਪਾਕਿਸਤਾਨੋਂ ਉਜੜ ਕੇ ਆਏ ਪਨਾਹਗੀਰਾਂ ਲਈ ਬਚੀ ਰਹਿ ਗਈ ਸੀ।

ਉਜਾੜਿਆਂ ਤੋਂ ਨੌਈਂ ਦਸੀਂ ਮਹੀਨੀਂ ਬਾਅਦ ਟਿਕ-ਟਿਕਾ ਹੋਏ ਤੋਂ ਮੇਰੇ ਬਾਪ ਨੂੰ ਕਿਸੇ ਨੇ ਸਲਾਹ ਦਿੱਤੀ ਸੀ ਕਿ ਸਕੂਲ ਕੋਲ ਸਾਮਾਨ ਦਾ ਢੇਰ ਪਿਆ ਹੈ, ਜੇ ਕੋਈ ਚੀਜ਼ ਤੇਰੇ ਕੰਮ ਦੀ ਹੈ, ਤਾਂ ਤੂੰ ਵੀ ਲੈ ਆ। ਚੱਜ ਦੀਆਂ ਸਭ ਚੀਜ਼ਾਂ 'ਤੇ ਤਾਂ ਲੋਕਾਂ ਪਹਿਲਾਂ ਹੀ ਮੱਲਾਂ ਮਾਰ ਲਈਆਂ ਸਨ। ਆਪ ਲੁਟ-ਪੁੱਟ ਹੋ ਕੇ ਆਇਆਂ ਲਈ ਕੀ ਬਚਣਾ ਸੀ? ਰਹਿੰਦ-ਖੂੰਹਦ ਹੀ ਹੋਣੀ ਸੀ। ਮੇਰੇ ਬਾਪ ਨੂੰ ਮੰਜੇ ਦਾ ਚੁਗਾਠਾ ਭਾਅ ਗਿਆ। ਹੋਰ ਬਚਿਆ ਵੀ ਕਬਾੜ ਹੀ ਸੀ। ਇਹ ਇਹੋ ਹੀ ਘਰ ਲੈ ਆਇਆ। ਇਹ ਵੀ ਘਰੇ ਕੋਠੇ 'ਤੇ ਕਈ ਮਹੀਨੇ ਪਿਆ ਰਿਹਾ। ਫਿਰ ਹੱਥੀਂ ਵਾਣ ਵੱਟ ਕੇ ਇਹਨੂੰ ਬੁਣਿਆ; ਚੁਗਾਠ ਦਾ ਮੰਜਾ ਬਣਾਇਆ। ਜਦੋਂ ਇਹ ਮੰਜਾ ਹੋ ਗਿਆ, ਤਾਂ ਇਹਦਾ ਟੌਹਰ ਝੱਲਿਆ ਨਾ ਜਾਵੇ। ਠਾਠ ਮੁੜ ਕਾਇਮ ਹੋ ਗਿਆ। ਇਹਦੇ ਰੁਲੇ ਰੰਗ ਮੁੜ ਲਿਸ਼ਕ ਪਏ। ਫਿਰ ਇਹ ਰੁਤਬਾ ਬੜਾ ਚਿਰ ਕਾਇਮ ਦਾਇਮ ਰਿਹਾ।

ਇਹਨੂੰ ਬੁਣਨ ਤੋਂ ਪਹਿਲਾਂ ਮੇਰੇ ਬਾਪ ਨੇ ਇਹਦੇ 'ਤੇ ਹੱਥ ਫੇਰਿਆ; ਧੁੱਪੇ ਰੱਖ ਕੇ ਤੇਲ ਲਾ-ਲਾ ਕੇ ਲਿਸ਼ਕਾਇਆ। ਕਾਲੀ ਟਾਹਲੀ ਦੇ ਮਜ਼ਬੂਤ ਪਾਵਿਆਂ, ਸੇਰੂਆਂ ਤੇ ਬਾਹੀਆਂ 'ਤੇ ਕੀਤਾ ਪੀਲਾ ਤੇ ਲਾਲ ਰੰਗ, ਤੇ ਵੇਲ-ਬੂਟੇ ਪੂਰੇ ਨਿਖਰ ਆਏ। ਜਾਣੋਂ ਸਵਾਇਆ ਰੂਪ ਫਿਰ ਚੜ੍ਹ ਆਇਆ ਹੋਵੇ। ਰੰਗ-ਬਰੰਗੇ ਨਮੂਨੇ ਫਿਰ ਲਿਸ਼ਕ ਪਏ। ਬਕੌਲ ਬਾਪ, ਪੰਜ-ਛੇ ਕਿੱਲੋ, ਕੱਲੇ-ਕੱਲੇ ਪਾਵੇ ਦਾ ਭਾਰ ਸੀ। ਉਦੋਂ ਖਰਾਦਾਂ ਨਾ ਹੋਣ ਦੇ ਬਾਵਜੂਦ, ਇਹਦੇ ਮੋਟੇ ਮੋਟੇ ਸੇਰੂ ਤੇ ਬਾਹੀਆਂ ਪੂਰੀ ਗੋਲਾਈ 'ਚ ਸਨ, ਜਿਵੇਂ ਅੱਜ ਕੱਲ੍ਹ ਖਰਾਦਾਂ ਨਾਲ ਕਰਦੇ ਨੇ। ਕਾਰੀਗਰ ਦੇ ਹੱਥਾਂ ਦੇ ਹੁਨਰ ਦੀ ਬਰਕਤ ਦੇ ਦਮ ਦਾ ਸਬੂਤ ਸੀ। ਪਾਵਿਆਂ ਦੀਆਂ ਤਾਂ ਗੱਲਾਂ ਹੀ ਛੱਡੋ: ਭਾਰੇ ਸਾਢੇ ਤਿੰਨ ਤਿੰਨ ਫੁੱਟੇ ਪਾਵੇ; ਉਪਰਲਾ ਇਕ ਫੁੱਟ ਦਾ ਸਿਰ ਪੂਰਾ ਗੋਲ। ਰਤਾ ਕੁ ਹੇਠੋਂ ਖਰਾਦ ਲਾ ਕੇ ਭਰੀਆਂ ਪਾ ਕੇ ਥੋੜ੍ਹਾ ਘਟਾਇਆ ਹੋਇਆ, ਫਿਰ ਉਭਾਰਿਆ ਹੋਇਆ। ਏਦਾਂ ਹੀ ਫਿਰ ਪੰਜ ਛੇ ਵਾਰ ਇਸ ਵਾਧੇ ਘਾਟੇ ਨਾਲ ਪਿੰਜਣੀਆਂ ਤੀਕ ਕਈ ਤਰ੍ਹਾਂ ਦੇ ਨਮੂਨੇ ਘਾਟੇ ਪੈਟਰਨ ਬਣੇ ਹੋਏ ਸਨ। ਬਿਲਕੁਲ ਹੇਠਾਂ ਜਾ ਕੇ ਵਾਹਵਾ ਚੌੜਾ ਅੱਠ ਇੰਚ ਦੇ ਗੇੜ ਦਾ ਪੌੜ। ਚਾਰ ਇੰਚ ਗੋਲਾਈ ਦੇ ਸੇਰੂ ਤੇ ਬਾਹੀਆਂ। ਕਾਰੀਗਰ ਦਿਆਂ ਹੱਥਾਂ ਦੀ ਸੁੱਧੀ ਕਰਾਮਾਤ ਸੀ, ਇਹ। ਇਹਦੇ ਆਕਾਰ, ਮੀਨਾਕਾਰੀ ਤੇ ਠਾਠ ਤੋਂ ਲੱਗਦਾ ਕਿ ਇਹ ਮੰਜਾ ਨਹੀਂ ਸੀ। ਆਪਣੇ ਜਲੌਅ ਵਾਲੇ ਦਿਨਾਂ 'ਚ ਇਹ ਪਲੰਘ ਹੋਣਾ; ਕਿਸੇ ਮੁਸਲਮਾਨ ਚੌਧਰੀ ਦੇ ਘਰ ਦੇ ਰੁਤਬੇ ਦਾ ਹਿੱਸਾ, ਪਰ ਸਾਡੇ ਕੋਲ ਆ ਕੇ ਇਹ ਵੱਡਾ ਮੰਜਾ ਹੀ ਰਿਹਾ।

ਦਰਿਆ ਦੇ ਕੰਢੇ ਸੰਘਣੇ ਝੱਲ 'ਚ ਬੂਝੇ-ਸਲਵਾੜ ਦੀ ਕੋਈ ਕਮੀ ਨਹੀਂ ਸੀ। ਸਾਂਅ ਸਾਂਅ ਕਰਦਾ ਜੰਗਲ ਹੀ ਜੰਗਲ ਸੀ, ਆਲੇ-ਦੁਆਲੇ। ਬਾਪ ਨੇ ਹੱਥੀ ਨਾਕੂਆਂ ਦੀ ਮੁੰਜ ਕੱਢੀ, ਫਿਰ ਸਲਾਭ ਦੇ ਕੇ ਕੁੱਟੀ ਤੇ ਬਾਅਦ 'ਚ ਮਸ਼ੀਨ 'ਤੇ ਇਹਦਾ ਵਾਣ ਬਣਾਇਆ। ਬਾਪ ਸਾਰੇ ਕੰਮ ਵਾਹਿਗੁਰੂ ਦਾ ਨਾਂ ਲੈ ਕੇ ਸ਼ੁਰੂ ਕਰਦਾ ਤੇ ਪੂਰਾ ਮਨ ਲਾ ਕੇ ਤਨ ਦੇਹੀ ਨਾਲ ਸੰਤੋਖਦਾ ਰਿਹਾ ਹੈ।

ਬਾਪ ਨੇ ਸਭ ਤੋਂ ਪਹਿਲਾਂ ਦੰਦੀ ਆਪੇ ਬੰਨ੍ਹੀ; ਐਨ ਵਿਚਾਲੇ ਕਰ ਕੇ ਡੰਡਾ ਪਾ ਕੇ ਦੰਦੀ ਨੂੰ ਵੱਟ ਚਾੜ੍ਹ ਕੇ ਕੱਸ ਲਿਆ। ਫਿਰ ਚਹੁੰ ਰੱਸੀਆਂ ਦਾ ਜੀਅ ਪਾਇਆ। ਬਾਅਦ 'ਚ ਸਾਂਘੇ ਭੰਨ-ਭੰਨ ਬੁਣਿਆ। ਸੁਹਣੇ ਨਮੂਨੇ ਬਣਾਏ। ਫਿਰ ਅੱਧੀ ਕੁ, ਪਰ ਢਿੱਲੀ ਦੌਣ ਪਾ ਦਿੱਤੀ; ਅਖੀਰ 'ਚ ਦੰਦੀ 'ਚੋਂ ਸੋਟੀ ਕੱਢ ਕੇ ਪੈਂਦ ਪੂਰੀ ਕੱਸ ਦਿੱਤੀ। ਸਾਰਾ ਕੰਮ ਪੂਰਾ ਹੋਏ ਤੋਂ ਮੰਜੇ ਨੂੰ ਵੱਖੀ ਪਰਨੇ ਖੜ੍ਹਾ ਕੀਤਾ; ਜਿਥੋਂ ਚੁੱਕਿਆ ਸੀ, ਓਥੇ ਪੈਰ ਫੇਰਿਆ। ਫਿਰ ਡਾਹਿਆ, ਤਾਂ ਇਹ ਪੂਰਾ ਮੰਜਾ ਕਹਾਇਆ। ਬਕੌਲ ਬਾਪ ਇਹਨੂੰ ਪੂਰਾ ਅੱਠ ਕਿੱਲੋ ਵਾਣ ਲੱਗਾ ਸੀ।

ਵੱਡਾ ਮੰਜਾ ਘਰ ਆਏ ਚਾਰ-ਚਾਰ ਪ੍ਰਾਹੁਣੇ ਵੀ ਸਾਂਭ ਲੈਂਦਾ ਸੀ। ਬਹੁਤਾ ਚਿਰ ਮੈਂ ਤੇ ਮੇਰੀ ਦਾਦੀ ਇਹਦੇ 'ਤੇ ਪੈਂਦੇ ਰਹੇ। ਫਿਰ ਮੈਂ ਤੇ ਚਾਚਾ ਪੈਂਦੇ ਰਹੇ। ਉਦੋਂ ਗਰਮੀਆਂ ਨੂੰ ਜਦੋਂ ਲੋਕ ਕੋਠਿਆਂ 'ਤੇ ਪੈਂਦੇ ਸੀ, ਵੱਡਾ ਮੰਜਾ ਕਦੇ ਕੋਠੇ 'ਤੇ ਨਹੀਂ ਸੀ ਚੜ੍ਹਿਆ। ਹੇਠਾਂ ਵਿਹੜੇ 'ਚ ਹੀ ਡੱਠਾ ਸ਼ਾਨ ਬਣਾਈ ਰੱਖਦਾ।

ਪਹਿਲਿਆਂ 'ਚ ਜਦੋਂ ਪਿੰਡਾਂ ਵਿਚ ਬਰਾਤਾਂ ਆਉਣੀਆਂ, ਤਾਂ ਭਾਈਚਾਰੇ ਹਿਤ ਪਿੰਡ 'ਚੋਂ ਮੰਜੇ-ਬਿਸਤਰੇ ਕੱਠੇ ਕਰ ਕੇ ਬਰਾਤੀਆਂ ਦਾ ਸੁਆਗਤ ਕਰਨ ਦੀ ਪਿਰਤ ਹੁੰਦੀ ਸੀ। ਉਦੋਂ, ਵਿਆਹਾਂ-ਸ਼ਾਦੀਆਂ 'ਚ ਆਏ ਮਹਿਮਾਨ ਸਾਰੇ ਪਿੰਡ ਦੇ ਹੀ ਹੁੰਦੇ ਸੀ। ਜਨੇਤੀ ਆ ਕੇ ਮੰਜਿਆਂ 'ਤੇ ਬੈਠੇ-ਪਏ ਰਹਿੰਦੇ; ਖਾਂਦੇ ਪੀਂਦੇ; ਸ਼ੁਗਲ ਮੇਲਾ ਕਰਦੇ। ਗੌਣ-ਪਾਣੀ ਵੀ ਸੁਣਦੇ। ਵਿਆਹ ਵਾਲੇ ਘਰ ਲਈ, ਅਗਲਿਆਂ ਦੀ ਆਸ ਸਭ ਤੋਂ ਵੱਡਾ ਮੰਜਾ ਚੁੱਕਣ ਦੀ ਹੁੰਦੀ ਸੀ, ਪਰ ਸਾਡਾ ਵੱਡਾ ਮੰਜਾ ਇਸ ਤੋਂ ਬਚ ਜਾਂਦਾ ਰਿਹਾ। ਇਕ ਤਾਂ ਮੰਜੇ-ਬਿਸਤਰੇ ਕੱਠੇ ਕਰਨ ਵਾਲੇ ਨਿਆਣੇ ਹੁੰਦੇ ਤੇ ਇਹ ਉਨ੍ਹਾਂ ਤੋਂ ਚੁੱਕਿਆ ਹੀ ਨਹੀਂ ਸੀ ਜਾਣਾ ਹੁੰਦਾ, ਦੂਜਾ ਮੇਰੀ ਮਾਂ ਇਹਦੇ ਲਈ ਕਦੇ ਰਾਜ਼ੀ ਵੀ ਨਹੀਂ ਸੀ ਹੁੰਦੀ। ਇਹ ਜ਼ਹਿਮਤ ਵੱਡੇ ਮੰਜੇ ਨੂੰ ਮਸਾਂ ਇਕ ਅੱਧੀ ਵਾਰੀ ਹੀ ਝੱਲਣੀ ਪਈ ਸੀ; ਉਹ ਵੀ ਮਾਣ-ਤਾਣ ਰੱਖਣ ਖਾਤਿਰ।

ਸਾਲੋ-ਸਾਲ ਬਾਪ ਮਈ ਜੂਨ 'ਚ ਇਹਨੂੰ ਬਾਹਰ ਕੱਢ ਕੇ ਧੁੱਪੇ ਰੱਖ ਲੈਂਦਾ। ਜਿਥੇ ਕਿਤੇ ਘੁਣ ਲੱਗਾ ਦਿਸਦਾ, ਉਨ੍ਹਾਂ ਮੋਰੀਆਂ 'ਚ ਮਿੱਟੀ ਦਾ ਤੇਲ ਪਾ ਦਿੰਦਾ ਤੇ ਸਿਖਰ ਦੁਪਹਿਰ ਦੀ ਧੁੱਪ ਦੇ ਅੱਗ ਵਰਗੇ ਸੇਕ ਅਤੇ ਤੇਲ ਦੇ ਹਮਕ ਨਾਲ ਸਿਓਂਕ ਭੁਰਨ ਭੁਰਨ ਕਰ ਕੇ ਬਾਹਰ ਆ ਜਾਂਦੀ ਸੀ- ਢੇਰ ਲੱਗ ਜਾਂਦੇ। ਇਓਂ ਇਹਦਾ ਸਾਲ ਭਰ ਚੰਗਾ ਲੰਘ ਜਾਂਦਾ। ਹਰ ਵਰ੍ਹੇ ਦੇ ਘੁਣ ਨੇ ਆਖਿਰ ਇਕ ਪਾਵਾ ਖੋਖਲਾ ਕਰ ਹੀ ਲਿਆ ਸੀ। ਇਹ ਪਾਵਾ ਰਤਾ ਕੁ ਹਿੱਲਦਾ ਹਿੱਲਦਾ ਅਖੀਰ 'ਚ ਢਿਲਕ-ਢਿਲਕ ਕਰਨ ਲੱਗ ਪਿਆ; ਇਹਦਾ ਬਚਾਅ ਰੱਖਣਾ ਪੈਂਦਾ। ਪਹਿਲਾਂ ਬਾਪ ਨੇ ਆਪਣੇ ਓਹੜ-ਪੋਹੜ ਕੀਤੇ। ਗੱਲ ਨਾ ਬਣਦੀ ਦੇਖ, ਬਾਪ ਨੇ ਪਿੰਡੇ ਦੇ ਭਰੱਪੇ ਵਾਲੇ, ਮਿਸਤਰੀ ਪਾਲ ਸਿਓਂ ਨਾਲ ਗੱਲ ਕੀਤੀ। ਉਹ ਕਹਿੰਦਾ: ਕਿਸੇ ਦਿਨ ਲੈ ਆਈਂ, ਦੇਖ ਲਵਾਂਗੇ। ਤਾਏ ਪਾਲ ਸਿਓਂ ਕੋਲ ਲੈ ਕੇ ਗਿਆ, ਤਾਂ ਉਹਨੇ ਕਾਲੀ ਕਿੱਕਰ ਦਾ ਚੌਰਸ ਢਾਂਚਾ ਜਿਹਾ ਬਣਾ ਕੇ ਫਿੱਟ ਕਰ ਦਿੱਤਾ। ਇਹ ਪਾਵਾ ਭਾਵੇਂ ਕਾਲੀ ਸ਼ਾਹ ਕਿੱਕਰ ਦਾ ਸੀ, ਪਰ ਮੇਲ ਤਾਂ ਕੋਈ ਨਹੀਂ ਸੀ ਹੋਇਆ। ਇਕ ਹਿਸਾਬ ਨਾਲ ਤਾਏ ਨੇ ਆਪਣੀ ਤਰਫੋਂ ਹੱਥ ਹੀ ਖੜ੍ਹੇ ਕਰ ਦਿੱਤੇ ਸੀ। ਕਹਿੰਦਾ, ਏਡੀਆਂ ਏਡੀਆਂ ਤਾਂ ਖਰਾਦਾਂ ਵੀ ਹੈ ਨਹੀਂ, ਮੈਂ ਤਾਂ ਏਨਾ ਕੁ ਹੀ ਕਰ ਸਕਦਾਂ।



***ਛੇ ਕੁ ਮਹੀਨੇ ਬਾਅਦ ਵੰਡ-ਉਜਾੜੇ ਦੇ ਝੰਬੇ ਮੇਰੇ ਘਰ ਦੇ ਜਿਹਲਮੀਆਂ ਦੇ ਸੱਦੇ 'ਤੇ ਦੁਆਬੇ ਦੇ ਅਖੀਰਲੇ ਪਿੰਡ ਸਿੰਘਪੁਰੇ ਜਾ ਟਿਕੇ ਸੀ- ਐਨ ਸਤਲੁਜ ਦਰਿਆ ਦੇ ਕੰਢੇ ਕਰ ਕੇ। ਠੇਕੇ-ਭੌਲੀ 'ਤੇ ਵਾਹੀ ਕਰਨ ਲਈ- ਵੱਡੇ ਸਾਰੇ ਟੱਬਰ ਦਾ ਪੇਟ ਪਾਲਣ ਲਈ। ਬਾਕੀ ਪੰਜਾਬ ਵਾਂਗ ਏਸ ਪਿੰਡੋਂ ਵੀ ਕਈ ਵਸਦੇ ਰਸਦੇ ਮੁਸਲਮਾਨ ਉਜੜ ਕੇ ਗਏ ਸੀ- ਅਣਚਾਹੇ ਮਨ ਨਾਲ, ਆਪਣੇ ਵਤਨੋਂ'। ਬਹੁਤੇ ਜਾਨਾਂ ਬਚਾ ਕੇ ਨਿਕਲ ਤੁਰੇ ਹੋਣੇ ਸੀ। ਕੁਝ ਕੀਮਤੀ ਗਹਿਣੇ ਗੱਟੇ ਤੇ ਪੈਸੇ ਧੇਲੇ ਲੈ ਗਏ ਹੋਣਗੇ। ਮਗਰਲੇ ਸੁਆਰਥੀਆਂ ਦੀਆਂ ਮੌਜਾਂ ਲੱਗ ਗਈਆਂ। ਪਿੱਛੇ ਰਹਿ ਗਿਆ ਸਾਮਾਨ ਲੁੱਟਿਆ ਗਿਆ ਸੀ, ਜਾਂ ਸਾਂਭ ਲਿਆ ਸੀ।***

*ਆਪਣੇ ਜੱਦੀ ਪਿੰਡ ਚੱਕ ਸਿੱਖਾਂ ਵਾਲਾ (ਪਾਕਿਸਤਾਨ) ਵਿਚ ਬਜ਼ੁਰਗਾਂ ਨਾਲ ਬੀਤੇ ਦੀਆਂ ਬਾਤਾਂ ਪਾ ਰਿਹਾ ਲਿਖਾਰੀ ਸੁਖਦੇਵ ਸਿੱਧੂ (ਐਨ ਸੱਜੇ)।*

ਤਾਏ ਨੇ ਆਪਣੇ ਵੱਲੋਂ ਮੰਜਾ ਬਣਾਉਣ ਵਾਲੇ ਦੀ ਸਰਦਾਰੀ ਮੰਨ ਲਈ ਸੀ ਤੇ ਉਹਦੇ ਹੱਥਾਂ ਨੂੰ ਨਮਸਕਾਰ ਹੀ ਕੀਤਾ ਸੀ। ਅੱਧ ਮਸੋਸੇ ਮਨ ਨਾਲ ਬਾਪ ਮੰਜਾ ਘਰ ਲੈ ਆਇਆ ਸੀ। ਮੰਜਾ ਬਚ ਤਾਂ ਗਿਆ ਸੀ, ਪਰ ਬਿੱਜ ਪੈ ਗਈ ਸੀ। ਤਾਏ ਦਾ ਕੀਤਾ ਤੁੱਥ ਮੁੱਥ ਸਾਫ ਦੀਹਦਾ ਸੀ। ਹੁਣ ਨਵਾਂ ਕੁਢੱਬਾ ਪਾਵਾ, ਬਾਹਰਵਾਰ ਸੀ ਤੇ ਦੇਖਣ ਨੂੰ ਭੈੜਾ ਲੱਗਦਾ ਸੀ। ਬਾਪ ਨੇ ਮਾਂ ਨੂੰ ਨਾਲ ਲੈ ਕੇ ਮੰਜਾ ਉਧੇੜਿਆ। ਇਸ ਹਿਸਾਬ ਨਾਲ ਬੁਣਿਆ ਕਿ ਨਵਾਂ ਪਾਵਾ ਕੰਧ ਵਾਲੇ ਪਾਸੇ ਚਲੇ ਜਾਵੇ ਤੇ ਲੁਕਿਆ ਰਹੇ। ਵੱਡੇ ਮੰਜੇ ਦਾ ਕਜ ਢਕਿਆ ਗਿਆ ਅਤੇ ਟੌਹਰ ਮੁੜ ਕਾਇਮ ਹੋ ਗਈ।

ਘਰ ਦੇ ਜਦੋਂ ਸਿੰਘਪੁਰਿਓਂ ਉਠੇ, ਤਾਂ ਵੱਡਾ ਮੰਜਾ ਵੀ ਪਿੰਡ ਨੂੰ ਨਾਲ ਹੀ ਲੈ ਆਂਦਾ। ਇਹਨੂੰ ਗੱਡੇ 'ਤੇ ਮੂਧਾ ਮਾਰ ਕੇ ਰੱਖਿਆ, ਉਤੇ ਦੂਸਰਾ ਹੋਰ ਕੰਮ ਦਾ ਸਾਮਾਨ ਰੱਖ ਲਿਆ। ਪੰਜਾਬ 'ਚ ਕਾਲੀ ਨ੍ਹੇਰੀ ਵਗੀ ਤਾਂ ਫਿਰ ਉਥਲ ਪੁਥਲ ਹੋਈ। ਇਹਦੇ ਡਰ ਕਾਰਨ ਚਾਚੇ ਦੇ ਘਰਦੇ ਪਿੰਡੋਂ ਉਠੇ ਤਾਂ ਇਹ ਪਿੰਡੋਂ ਨਕੋਦਰ ਨਾਲ ਹੀ ਆ ਗਿਆ। ਫਿਰ ਚਾਚੇ ਦੇ ਘਰ ਦੇ ਜਦੋਂ ਆਪਣੇ ਆਪ ਨੂੰ ਜ਼ਰਾ ਕੁ 'ਸਰਦੇ' ਸਮਝਣ ਲੱਗ ਪਏ, ਤਾਂ ਵੱਡੀ ਸਾਰੀ ਬੈੱਡ ਲੈ ਆਂਦੀ। ਨਿੰਗਰ ਮੰਜੇ ਦੀ ਹੋਂਦ ਖਤਰੇ 'ਚ ਪੈ ਗਈ; ਇਹਦਾ ਰੁਤਬਾ ਘਟਣ ਲੱਗ ਪਿਆ; ਬੇਕਦਰੀ ਹੋਣ ਲੱਗ ਪਈ। ਬੱਸ ਕਦੇ ਏਧਰ, ਕਦੇ ਓਧਰ ਪਿਆ ਰਹਿਣਾ। ਸੁੱਟ-ਪਸੁੱਟ ਹੋਣ ਲੱਗ ਪਈ ਤਾਂ ਆਖਰ ਮੇਰੀ ਛੋਟੀ ਭੂਆ ਇਹਨੂੰ ਆਪਣੇ ਘਰ ਲੈ ਗਈ। ਭੂਆ ਨੇ ਵੱਡਾ ਮੰਜਾ ਛੋਟੀ ਹੁੰਦੀ ਤੋਂ ਦੇਖਿਆ ਹੋਇਆ ਸੀ।

ਸ਼ਾਇਦ ਭੂਆ ਵੀ ਨਾ ਲੈ ਕੇ ਜਾਂਦੀ, ਜੇ ਇਹਦੇ ਘਰਦੇ ਹਾਲਾਤ ਠੀਕ ਰਹੇ ਹੁੰਦੇ। ਭੂਆ ਦੇ ਘਰ ਦਿਆਂ ਨੇ ਬੜੇ ਪੁੱਠੇ ਕੰਮ ਕੀਤੇ, ਸਿਰੇ ਦੇ। ਉਨ੍ਹਾਂ ਦੀ ਅਕਲ ਅਸਲੋਂ ਨਿਆਰੀ ਸੀ। ਬਾਰਾਂ ਕਿੱਲੇ ਪੈਲੀ ਵੇਚ ਵੱਟ ਕੇ ਰਕਮ ਕੁੱਤਿਆਂ ਗੁਆਉਣੀ ਕਰ ਦਿੱਤੀ ਸੀ। ਚੋਣਾਂ ਲੜ ਲਈਆਂ ਤੇ ਹੋਰ ਬੇਥਵੇ ਪੈਸੇ ਉਡਾਏ। ਏਸੇ ਕਰ ਕੇ ਮਗਰੋਂ ਘਰੋਂ ਬੇਘਰ ਹੋਏ ਸੀ। ਅੰਤਾਂ ਦੇ ਬੁਰੇ ਦਿਨ ਦੇਖੇ ਸੀ ਇਨ੍ਹਾਂ ਨੇ। ਭੂਆ ਦੇ ਘਰਦਿਆਂ ਦਾ ਸਾਰਾ ਲਾਣਾ ਸਿਰੇ ਦਾ ਨਿਕੰਮਾ ਨਿਕਲਿਆ। ਮੇਰੇ ਬਾਪ ਨੇ ਧੀਆਂ ਹਾਰ ਪਾਲੀ ਭੈਣ ਦਾ ਰਿਸ਼ਤਾ ਜ਼ਮੀਨ-ਭਾਂਡੇ ਵਾਲੇ ਹੋਣ ਕਰ ਕੇ ਕੀਤਾ ਸੀ। ਇਹ ਲਾਲਚ ਭੂਆ ਵਾਲੇ ਪੁੱਠਾ ਪੈ ਗਿਆ; ਵਿਚੋਂ ਗੱਲ ਹੋਰ ਹੀ ਨਿਕਲੀ। ਇਹਨੇ ਵਿਚਾਰੀ ਨੇ ਸਾਰੀ ਉਮਰ ਦੁੱਖ ਹੀ ਝੱਲਿਆ। ਵੱਡਾ ਮੰਜਾ ਹੁਣ ਉਨ੍ਹਾਂ ਦੀ ਬੈਠਕ ਮੱਲੀ ਬੈਠਾ ਹੈ। ਮੰਜੇ ਦੀ ਭਲੀ ਕਿਸਮਤ ਨੂੰ ਇਹ ਵੀ ਚੰਗਾ ਹੋਇਆ ਕਿ ਭੂਆ ਲੈ ਗਈ, ਨਹੀਂ ਤਾਂ ਚਾਚੇ ਦੇ ਘਰਦਿਆਂ ਨੇ ਇਹਨੂੰ ਬਾਲਣ ਬਣਾ ਕੇ ਕੰਮ ਮੁਕਾ ਦੇਣਾ ਸੀ।

ਵੱਡੇ ਮੰਜੇ ਦੇ ਭਾਗ ਦੇਖੋ, ਪਹਿਲਾਂ ਇਹੋ ਮੰਜਾ ਮੁਸਲਮਾਨਾਂ ਦੀ ਠਾਠ ਦਾ ਹਿੱਸਾ ਸੀ। ਵਿਚੇ ਕਈ ਮਹੀਨੇ ਲਾਵਾਰਿਸ ਰੁਲਦਾ ਰਿਹਾ, ਵਿਚਾਰਾ; ਫਿਰ ਸਿੱਖਾਂ ਦਾ ਹੋ ਗਿਆ ਸੀ ਤੇ ਹੁਣ ਹਿੰਦੂ ਘਰ 'ਚ ਟਿਕਿਆ ਹੈ। ਇਹਨੂੰ ਵਿਤਕਰਾ ਆਉਂਦਾ ਹੀ ਨਹੀਂ ਸੀ। ਜਿਥੇ ਗਿਆ, ਸਭ ਥਾਈਂ ਵਸ ਗਿਆ। ਆਪਣਾ ਬਾਬਾ ਫਰੀਦ ਕਹਿੰਦਾ ਹੈ: ਦਰਵੇਸ਼ਾਂ ਨੂੰ ਲੋੜੀਏ ਰੁੱਖਾਂ ਦੀ ਜੀਰਾਂਦ- ਇਹਦੇ ਕੋਲ ਤਾਂ ਪਹਿਲਾਂ ਹੀ ਸੀ।

ਇਹਨੂੰ ਬਣਾਉਣ ਵਾਲੇ ਹੱਥ ਪਤਾ ਨਹੀਂ ਹੁਣ ਹੋਣਗੇ ਵੀ ਕਿ ਨਹੀਂ; ਪਰ ਵੱਡੇ ਮੰਜੇ ਦੀ ਬਨਿਸਬਤ ਉਨ੍ਹਾਂ ਦਸਤਾਂ ਦੀ ਮਹਿਮਾ ਅਜੇ ਵੀ ਸਾਬਤ-ਸਬੂਤੀ ਹੈ।

# ਸੋਭਾ ਸਿੰਘ ਦਾ ਚਿੱਤਰ ਸੋਹਣੀ-ਮਹੀਵਾਲ

(ਪਿਛਲੇ ਸਫੇ ਦੀ ਬਾਕੀ)

ਨੂੰ ਚਿੱਤਰ ਵਿਚੋਂ ਬਾਹਰ ਕਰ ਸਕਦੇ ਸੀ, ਉਹ ਥੋੜ੍ਹੀ ਵਿੱਥ 'ਤੇ ਵੀ ਟਿਕਾਅ ਸਕਦੇ ਸਨ, ਪਰ ਇਉਂ ਹੋਣ ਨਾਲ ਬੱਝਵਾਂ ਸੰਦੇਸ਼ ਜਾਣਾ ਸੀ। ਸਾਧਨ ਜੇ ਜੀਵਨ ਦਾ ਆਧਾਰ ਹੈ, ਉਹ ਮੌਤ ਦਾ ਸਬੱਬ ਵੀ ਬਣ ਸਕਦਾ ਹੈ। ਇਹ ਕਥਾ ਇਹ ਗੱਲ ਵੀ ਕਹਿੰਦੀ ਹੈ। ਘੜੇ ਵਿਚ ਕੁਝ ਹੈ, ਪਰ ਕੀ ਹੈ ਇਹ ਕਿਹਾ ਨਹੀਂ ਜਾ ਸਕਦਾ। ਕੀ ਇਹ ਸੋਹਣੀ ਦੇ ਵਸਤਰ ਹਨ? ਜੇ ਹਨ ਤਾਂ ਉਹ ਸੁੱਕੇ ਹੋਏ ਨਹੀਂ ਹੋ ਸਕਦੇ।

ਚਿੱਤਰ ਵਿਚ ਪ੍ਰਕਾਸ਼ ਦੇ ਦੋ ਸਰੋਤ ਹਨ। ਇਕ ਪੱਛਮ ਵਿਚ ਅਸਤ ਹੋ ਰਿਹਾ ਸੂਰਜ ਅਤੇ ਦੂਜਾ, ਅੰਬਰੀਂ ਲਿਸ਼ਕਦੀ ਬਿਜਲੀ। ਇਹ ਸੂਰਜੀ ਲੋਅ ਹੀ ਹੈ ਜੋ ਸਾਰੇ ਵਾਤਾਵਰਨ ਨੂੰ ਦੇਖਣ ਯੋਗ ਬਣਾ ਰਹੀ ਹੈ। ਆਕਾਸ਼ੀ ਬਿਜਲੀ ਦ੍ਰਿਸ਼ ਨੂੰ ਅਲੌਕਿਤ ਨਹੀਂ ਕਰ ਰਹੀ। ਧਰਤੀ ਦੇ ਨਿੱਕੇ ਟੁਕੜੇ ਉਪਰ ਜੋ ਹੋ ਰਿਹਾ ਹੈ, ਬਿਜਲੀ ਉਸ ਦੇ ਵਿਪਰੀਤ ਕੰਮ ਕਰ ਰਹੀ ਹੈ।

ਪੇਂਟਿੰਗ-ਸਪੇਸ ਵਿਚ ਦੂਰ ਤਕ ਤੀਜੀ ਧਿਰ ਨਹੀਂ ਹੈ, ਪਰ ਉਸ ਦੀ ਮੌਜੂਦਗੀ ਜ਼ਰੂਰ ਹੈ। ਉਸੇ ਤੋਂ ਵੱਖ ਹੋ ਕੇ ਇਨ੍ਹਾਂ ਇਹ ਜਗ੍ਹਾ ਚੁਣੀ ਹੈ। ਵੱਡਾ ਸਪੇਸ ਘੇਰਨ ਵਾਲੇ ਦੋ ਤੱਤ ਹਨ- ਨਦੀ ਅਤੇ ਅਸਥਾਈ ਸੰਘਣੇ ਬੱਦਲ। ਵਗਦੇ ਪਾਣੀ ਨੂੰ ਸਮੇਂ ਵਜੋਂ ਵੀ ਦੇਖਿਆ ਜਾਂਦਾ ਹੈ। ਸੰਘਣੇ, ਸਿਆਹ, ਕੜਕਦੇ, ਲਿਸ਼ਕਦੇ ਬੱਦਲਾਂ ਨੂੰ ਸਮਾਜ ਦੇ ਪ੍ਰਤੀਰੂਪ ਵਜੋਂ ਲਿਆ ਜਾ ਸਕਦਾ ਹੈ।

ਇਸ ਪੇਂਟਿੰਗ ਨੂੰ ਵਿਸ਼ਾਲ ਦਰਸ਼ਕ ਸਮੂਹ, ਵਿਸ਼ੇਸ਼ ਕਰ ਕੇ ਪੰਜਾਬੀਆਂ ਵੱਲੋਂ ਸਵੀਕਾਰਿਆ ਗਿਆ ਹੈ। ਅਨੇਕਾਂ ਨੇ ਇਸ ਉਪਰ ਅਸ਼ਲੀਲ ਹੋਣ ਦਾ ਇਲਜ਼ਾਮ ਲਾਇਆ ਹੈ। ਇਉਂ ਕਹਿਣ ਵਾਲੇ ਵਿਦਵਾਨ ਭਾਰਤੀ ਕਲਾ ਪਰੰਪਰਾ ਤੋਂ ਅਣਜਾਣ ਜਾਪਦੇ ਹਨ।

ਇਹ ਉਲਝਣ ਸਦਾ ਬਣੀ ਰਹਿਣੀ ਹੈ, ਕਿਉਂਕਿ ਫੈਸਲਾ ਕਰਨ ਵਾਲਾ ਖੁਦ ਨੂੰ ਵਸਤੂ ਵਿਚ ਉਲਝਾ ਲੈਂਦਾ ਹੈ। ਵਸਤੂ ਪੱਧਰ ਜੇ ਚਿੱਤਰ ਨੂੰ ਖੰਡ-ਖੰਡ ਕਰ ਕੇ ਦੇਖੀਏ ਤਾਂ ਬਣੀ ਮਨੌਤ ਆਪੇ ਭੁਰਨ ਲੱਗਦੀ ਹੈ। ਵਿਰੋਧੀਆਂ ਨੇ ਇਸ ਕਲਾਕ੍ਰਿਤ ਨੂੰ ਇਉਂ ਦੇਖਣ ਦੀ ਕਦੇ ਹਿੰਮਤ ਨਹੀਂ ਕੀਤੀ। 'ਸੋਹਣੀ-ਮਹੀਵਾਲ' ਰਚਨਾ ਦਾ ਪ੍ਰਭਾਵ ਤੇ ਸੁੰਦਰਤਾ ਤਾਂ ਹੀ ਉਜਾਗਰ ਹੁੰਦੀ ਹੈ ਜੇ ਸਮੁੱਚ ਨੂੰ ਇਕਾਈ ਵਜੋਂ ਦੇਖਿਆ ਜਾਵੇ।

ਭਾਰਤੀ ਅਧਿਆਤਮਕ ਖੇਤਰ ਵਿਚ 'ਛੋਹ' ਦਾ ਬਹੁਤ ਮਹੱਤਵ ਹੈ। ਪ੍ਰਾਪਤੀ ਤਕ ਪਹੁੰਚ ਚੁੱਕੀ ਸ਼ਖਸੀਅਤ ਦੀ ਇਕ ਛੋਹ ਹੀ ਮਿਲਣ ਵਾਲੇ ਦਾ ਜੀਵਨ ਬਦਲ ਸਕਦੀ ਹੈ। ਸੋਹਣੀ ਮਹੀਵਾਲ ਦਾ ਚਿੱਤਰ ਸੁਚੇਤ ਤੌਰ 'ਤੇ ਉਸੇ ਅਵਸਥਾ ਦੀ ਪੇਸ਼ਕਾਰੀ ਹੈ। ਸੋਭਾ ਸਿੰਘ ਖੁਦ ਇਹ ਸਵੀਕਾਰ ਕਰਦੇ ਰਹੇ ਕਿ ਪ੍ਰੇਮ ਵਿਗੁੱਚੇ ਇਨ੍ਹਾਂ ਪਾਤਰਾਂ ਦਾ ਮਿਲਣ ਅਧਿਆਤਮਕ ਮਿਲਣ ਜਿਹਾ ਹੈ, ਕਿਉਂਕਿ ਉਸ ਵੇਲੇ ਉਨ੍ਹਾਂ ਨੂੰ ਦੀਨ ਦੁਨੀਆਂ ਦੀ ਪ੍ਰਵਾਹ ਨਹੀਂ ਰਹਿੰਦੀ। ਕਾਲਾਂਤਰ ਵਿਚ ਉਹ ਇਹ ਵਿਚਾਰ ਇਸ ਆਧਾਰ 'ਤੇ ਤਿਆਗ ਦਿੰਦੇ ਹਨ ਕਿ ਜੇ ਇਹ ਵਿਆਹੇ ਜਾਂਦੇ ਤਾਂ ਇਨ੍ਹਾਂ ਵੀ ਕਲਾਹ-ਕਲੇਸ਼ ਦਾ ਸ਼ਿਕਾਰ ਹੋ ਜਾਣਾ ਸੀ। ਉਪਰੰਤ ਉਹ ਗੁਰੂ ਸਾਹਿਬਾਨ ਦੇ ਚਿੱਤਰ ਪੇਂਟ ਕਰਨ ਲੱਗੇ।

# ਡਾਲਰ ਝਾੜਦੇ ਬਾਬਿਆਂ ਦੀਆਂ ਮਜਲਿਸਾਂ

**ਸਫਰ ਜ਼ਿੰਦਗੀ ਦਾ**

ਪ੍ਰਿੰਸੀਪਲ ਬੀ.ਐਸ. ਬਾਜਵਾ

1947 ਦੀ ਵੰਡ ਵੇਲੇ ਮੈਂ ਛੇਵੀਂ 'ਚ ਪੜ੍ਹਦਾ ਸਾਂ। ਵੰਡ ਪਿਛੋਂ ਸਾਡੀ ਆਰਜ਼ੀ ਅਲਾਟਮੈਂਟ ਅਮਲੋਹ ਨੇੜੇ ਪਿੰਡ ਸ਼ਾਹਪੁਰ ਵਿਚ ਹੋਈ। ਬਾਪੂ ਜੀ ਨੇ ਹੋਰ ਕੁਝ ਕਰਨ ਤੋਂ ਪਹਿਲਾਂ ਸਾਨੂੰ ਖੰਨੇ ਨੇੜੇ ਮਿਡਲ ਸਕੂਲ ਸਾਲਾਣੇ ਦਾਖਲ ਕਰਵਾ ਦਿੱਤਾ। ਸਕੂਲੋਂ ਵਾਪਸ ਆਉਂਦੇ ਅਸੀਂ ਪਹੇ ਤੋਂ ਥੋੜ੍ਹਾ ਹਟਵੇਂ ਖੇਤਾਂ ਦੁਆਲੇ ਬੇਰੀਆਂ ਤੋਂ ਬੇਰ ਝਾੜਦੇ, ਬਸਤੇ ਤੇ ਜੇਬਾਂ ਭਰ ਲੈਂਦੇ। ਇਸ ਤਰ੍ਹਾਂ ਬੇਰ ਖਾਂਦੇ ਹਸਦੇ ਖੇਡਦੇ ਪਿੰਡ ਦੇਰ ਨਾਲ ਹੀ ਪਹੁੰਚਦੇ। ਬਚੇ ਹੋਏ ਬੇਰ ਵੇਖ ਘਰਦੇ ਪੁੱਛਦੇ, ਤੁਸੀਂ ਪੜ੍ਹਨ ਗਏ ਸੀ ਜਾਂ ਬੇਰ ਤੋੜਨ?

ਕੈਨੇਡਾ ਰਹਿੰਦਿਆਂ ਹੁਣ ਗਾਰਡੀਅਨ ਵੇਅਰ ਹਾਊਸ ਵਿਚ ਕੰਮ ਕਰਦਿਆਂ ਹਰ ਹਫਤੇ ਜਦੋਂ ਚੈਕ ਮਿਲਦਾ ਹੈ ਤਾਂ ਬੇਰ ਝਾੜ ਕੇ ਜੇਬਾਂ ਤੇ ਬਸਤੇ ਭਰਨ ਦਾ ਸਮਾਂ ਅੱਖਾਂ ਅੱਗੇ ਆ ਖੜ੍ਹਾ ਹੁੰਦਾ ਹੈ। ਨਾਲ ਕੰਮ ਕਰਦੇ ਪੰਜਾਬੀ ਯਾਰਾਂ ਦੋਸਤਾਂ ਨਾਲ ਹਸਦਿਆਂ ਖੇਡਦਿਆਂ ਕੰਮ ਦਾ ਕੋਈ ਬੋਝ ਮਹਿਸੂਸ ਨਹੀਂ ਹੁੰਦਾ। ਮਾੜੇ ਮੋਟੇ ਵਿਹਲ ਵਿਚ ਖੂਬ ਖੁੰਡ ਚਰਚੇ ਛਿੜਦੇ ਹਨ ਤੇ ਰੌਣਕਾਂ ਭਰੀਆਂ ਮਜਲਿਸਾਂ ਲੱਗਦੀਆਂ ਹਨ।

ਇਨ੍ਹਾਂ ਵਿਚੋਂ ਬਹੁਤੇ ਪੰਜਾਬੀ ਤੇ ਬਾਬੇ ਹਨ। ਪਰ ਕੰਮ ਨੂੰ ਸਾਰੇ ਹੀ ਤਕੜੇ ਤੇ ਛੋਹਲੇ ਹਨ। ਇਨ੍ਹਾਂ ਦਾ ਬੋਲ ਬਾਣੀ ਠੇਠ ਪੇਂਡੂ ਪੰਜਾਬੀ ਹੈ। ਗੱਲਾਂ ਕਰਦੇ ਖੁੰਡਾਂ 'ਤੇ ਬੈਠੇ ਬੁੜ੍ਹਿਆਂ ਵਰਗੇ ਹੀ ਲੱਗਦੇ ਹਨ। ਉਸੇ ਤਰ੍ਹਾਂ ਦੀਆਂ ਹੀ ਟਿੱਚਰਾਂ, ਘਤਿੱਤਾਂ, ਕਹਾਣੀਆਂ ਤੇ ਟੋਟਕੇ ਸੁਣੀ ਦੇ ਹਨ। ਕੰਮ ਕਰਦੇ, ਬੈਠੇ-ਖਲੋਤੇ, ਚਾਹ ਪਾਣੀ ਪੀਂਦੇ ਆਪੋ ਆਪਣੇ ਸੁਭਾਅ ਅਨੁਸਾਰ ਹਰ ਕੋਈ ਗਲਾਂ ਬਾਤਾਂ ਦੀ ਪਟਾਰੀ ਖੋਲ੍ਹੀ ਰੱਖਦਾ ਹੈ। ਹਾਸੇ ਮਜ਼ਾਕ ਦੀ ਛੁਰਲੀਆਂ ਕੋਈ ਨਾ ਕੋਈ ਛੱਡੀ ਹੀ ਜਾਂਦਾ ਹੈ।

ਕਾਰਡ ਪੰਚ ਕਰਦੇ ਇਕ ਦੂਜੇ ਨੂੰ ਸਤਿ ਸ੍ਰੀ ਅਕਾਲ, ਗੁਡ ਮਾਰਨਿੰਗ ਕਹਿ ਸਭ ਆਪੋ ਆਪਣੇ ਕੰਮ ਸੰਭਾਲ ਲੈਂਦੇ ਹਨ। ਕੰਮ ਕਰਦੇ ਫਿਰਦੇ ਦੋਸਤ ਇਕ ਦੂਜੇ ਨਾਲ ਚਿਹਰਿਆਂ ਦੇ ਹਾਵ ਭਾਵਾਂ ਨਾਲ ਕਈ ਵਾਰੀ ਹਾਲ ਚਾਲ ਪੁੱਛ ਦੱਸ ਜਾਂਦੇ ਹਨ। ਕੰਮ ਦੌਰਾਨ ਗੱਲਾਂ ਦੀ ਪੂਰੀ ਮਨਾਹੀ ਹੈ। ਫਲਾਇਰ ਮਿਕਸ ਕਰਦੀਆਂ ਬੀਬੀਆਂ ਇਕ ਦੂਜੀ ਕੋਲੋਂ ਪਰਿਵਾਰ ਦਾ ਹਾਲ ਚਾਲ ਪੁਛੇ ਬਿਨਾ ਨਹੀਂ ਰਹਿੰਦੀਆਂ। ਕੰਨ ਗੱਲ ਵੱਲ, ਹੱਥ ਕੰਮ ਵੱਲ ਦੇ ਤਰੀਕੇ 'ਤੇ ਚਲਦਿਆਂ ਕੰਮ ਦਾ ਭਾਰ ਮਹਿਸੂਸ ਹੀ ਨਹੀਂ ਹੁੰਦਾ। ਅਕੇਵਾਂ ਤੇ ਥਕੇਵਾਂ ਨੇੜੇ ਤੇੜੇ ਨਹੀਂ ਫਟਕਦੇ। ਕਈ ਬੀਬੀਆਂ ਜਿੰਨੀ ਸਪੀਡ ਨਾਲ ਗੱਲਾਂ ਕਰਦੀਆਂ ਹਨ, ਉਦੂੰ ਦੂਣੀ ਨਾਲ ਫਲਾਇਰ ਮਿਕਸ ਕਰੀ ਜਾਂਦੀਆਂ ਹਨ।

ਬਾਈ ਮੱਘਰ ਸਿੰਘ, ਬਿਰਕਾਂ ਵਾਲਾ, ਛੋਟੀ ਰੇੜ੍ਹੀ ਨੀਵੀਂ ਪਾਈ ਖਿੱਚੀ ਜਾਂਦਾ ਸੁਣਾ ਜਾਊ, "ਪ੍ਰਿੰਸੀਪਲ ਸਾਹਿਬ ਦਿਨ ਕੱਟਦੇ ਆਂ, ਵੈਸੇ ਮੌਜਾਂ ਬੜੀਆਂ ਜੇ। ਨਾਲੇ ਬਾਈਆਂ ਨੂੰ ਮਿਲ ਜਾਈਦੈ ਤੇ ਨਾਲੇ ਡਾਲਰ ਕੁੱਟ ਖੜਦੇ ਆਂ।"

"ਮੱਘਰ ਸਿਆਂ! ਮੌਜਾਂ ਤਾਂ ਹੋਣੀਆਂ ਈ ਨੇ, ਫਿਰ ਤੁਰ ਜਾਈਦੈ, ਘਰ ਬੈਠੇ ਅਸੀਂ ਕਿਹੜੇ ਵੱਡੇ ਹੁੰਦੇ ਹਾਂ। ਇਕ ਪੰਥ ਦੋ ਕਾਜ।" ਇਹ ਸੁਣਦਾ ਜ਼ਰਾ ਕੁ ਪੈਰ ਮਲਦਾ, ਮਿੰਨਾ ਜਿਹਾ ਹੱਸਦਾ ਕਹਿ ਦਊ, ਇਸ ਵਿਚ ਜਮਾਂ ਈ ਸ਼ੱਕ ਨਈਂ। ਮੌਜੀ ਜਿਹਾ ਬੰਦਾ ਕਿਤੇ ਕਿਤੇ ਉਸ ਦੀ ਟੀਰੀ ਜਿਹੀ ਘਤਿੱਤ, ਦੋਹਰੇ ਅਰਥਾਂ ਵਾਲੀ, ਪੁਆੜੇ ਵੀ ਪਾ ਦਿੰਦੀ ਹੈ। ਜੇ ਕੋਈ ਉਸ ਦੀ ਕਿਸੇ ਗੱਲ ਦਾ ਬੁਰਾ ਮਨਾਏ ਤਾਂ ਨਿਵ ਵੀ ਜਾਂਦਾ ਹੈ। ਵੈਸੇ ਗੱਲਾਂ ਦਾ ਬਾਹਲਾ ਈ ਸ਼ੌਕੀ ਏ। ਜੇ ਕਿਤੇ ਸੁਪਰਵਾਈਜ਼ਰ ਖਲੋਤੇ ਨੂੰ ਟੋਕ ਦੇਵੇ ਤਾਂ 'ਆ ਜੀ ਜਰਾ ਫਲਾਇਰ ਲੱਭ ਰਿਹਾ ਸੀ, ਗੱਲਾਂ ਕਾਹਨੂੰ ਕਰਦਾ ਸੀ' ਕਹਿ ਫਲਾਇਰ ਚੁੱਕ ਵਗ ਜਾਊ।

ਹੁਸ਼ਿਆਰਪੁਰੀਆ ਤਾਰਾ ਸਿੰਘ ਪੂਰੀ ਚੁਸਤੀ ਨਾਲ ਕੰਮ ਕਰਦਾ ਮਾੜਾ ਜਿਹਾ ਕੰਨ 'ਚ ਕਹਿ ਜਾਊ, 'ਆ ਕੋਈ ਕੰਮਾਂ ਆ, ਆ ਲੈ ਜਮਾਂ ਈ ਵੇਹਲੇ ਆਂ।' ਡਾਇਰੈਕਟਰ ਖੇਤੀ ਵਿਭਾਗ ਤੋਂ ਰਿਟਾਇਰ ਹੋ ਕੇ ਇਥੇ ਆਇਆ, ਉਮਰ ਦੇ ਸੱਤਵੇਂ ਦਹਾਕੇ ਨੂੰ ਹੰਢਾਉਂਦਾ ਮੁੰਡਿਆਂ ਵਾਂਗ ਹੀ ਲੱਗਦੈ। ਫਲਾਇਰਾਂ ਨੂੰ ਜੱਫੇ ਪਾਉਂਦਾ ਕੌਡੀਆਂ ਪਾਉਂਦਾ ਲੱਗਦਾ ਹੈ। ਤੁਰਿਆ ਜਾਂਦਾ ਫਲਾਇਰ ਪੈਕ ਦੀ ਗਿਣਤੀ ਕਰ ਠਾਹ ਲਿਆ ਕੇ ਟੇਬਲ ਤੇ ਸੁੱਟੂ ਤੇ ਆਖੂ, 'ਲੈ ਚੱਕ ਪੂਰੇ ਬੀਹ ਨੇ।' ਜਵਾਨੀ ਵੇਲੇ ਉਹ ਚੰਗਾ ਕਬੱਡੀ ਖਿਡਾਰੀ ਸੀ।

ਛੋਟੇ ਕੱਦ ਵਾਲਾ ਮਾਹਲਪੁਰੀਆ ਪੰਜਾਬ ਯੂਨੀਵਰਸਟੀ ਦਾ ਚੋਟੀ ਦਾ ਐਥਲੀਟ ਤੇ ਫੁਟਬਾਲਰ ਰਿਹਾ ਹੈ। ਇਕ ਦਿਨ ਮੈਂ ਪੁੱਛਿਆ, 'ਉਏ ਕਿਹੜਾ ਕੁਸ਼ਤਾ ਮਾਰ ਕੇ ਤੇਰੀ ਸਿੰਘਣੀ ਤੈਨੂੰ ਖੁਆਉਂਦੀ ਆ, ਜਮਾਂ ਈ ਧੌਲਿਆਂ ਵਾਲਾ ਗੱਭਰੂ ਲੱਗਦੈਂ।' 'ਕੋਈ ਕੁਸ਼ਤਾ ਕਸ਼ਤਾ ਨਈਂਉ ਖਾਂਦਾ, ਰਾਤ ਨੂੰ ਰੱਜ ਕੇ ਪੀਈ ਦੀ ਏ ਤੇ ਰੱਜ ਕੇ ਮੀਟ ਖਾਈਦੈ, ਸਵੇਰੇ ਲੱਸੀ ਤੇ ਫਰੂਟ ਚਾਟ ਦੇ ਡੱਬੇ ਝੋਲੇ 'ਚ ਈ ਰੱਖੀਦਾ ਈ, ਔਹ ਬੈਗ ਵੇਖ ਲੈ, ਚਾਹ ਦੀ ਸੂਲਾਹ ਮਾਰਨ ਵਾਲਾ ਵਿਹੁ ਵਾਂਗ ਲੱਗਦੈ' ਕਹਿ ਫਲਾਇਰਾਂ ਦੀ ਵੱਡੀ ਢੇਰੀ ਨੂੰ ਇਉਂ ਪਿਆ ਜਿਵੇਂ ਪਹਿਲਵਾਨ ਮੁਗਦਰ ਨੂੰ ਪੈਂਦਾ ਹੈ।

ਮੇਜਰ ਸਿੰਘ ਫੌਜ 'ਚੋਂ ਸੂਬੇਦਾਰੀ ਦੇ ਸਟਾਰ ਲਵਾ ਕੇ ਕੈਨੇਡਾ ਆਇਆ ਹੈ। ਗੋਰਾ, ਚਿੱਟਾ, ਨਰੋਆ, ਛੈਲ ਛਬੀਲਾ, ਸੱਤਵੇਂ ਦਹਾਕੇ ਦੇ ਅੱਧ ਵਿਚ ਹੈ। ਡੈਂਟਿੰਗ ਪੇਂਟਿੰਗ ਕਰਕੇ ਰੱਖਦਾ, ਵੇਖਣ ਨੂੰ ਪੰਜਾਹਾਂ ਦਾ ਹੀ ਲੱਗਦਾ ਹੈ। ਗੱਲਾਂ 'ਚੋਂ ਗੱਲ ਕੱਢਦਾ ਸਭ ਨੂੰ ਹਸਾਉਂਦਾ ਰਹਿੰਦਾ ਹੈ। ਗੱਲਾਂ ਬਾਤਾਂ ਤੇ ਚੂਚਰਾਂ ਦੀ ਸਥਰੀ ਉਹਦੀ ਮਾਸਟਰ ਲਛਮਣ ਸਿੰਘ, ਤਾਰਾ ਸਿੰਘ ਤੇ ਮੱਘਰ ਸਿੰਘ ਨਾਲ ਵਾਹਵਾ ਪੈਂਦੀ ਹੈ। ਇਕ ਵਾਰੀ ਛੁਟੀ ਵੇਲੇ ਕਹਿੰਦਾ, 'ਲਛਮਣਾ ਐਵੇਂ ਲੰਮੀਆਂ ਪਲਾਂਘਾਂ ਮਾਰਦਾ ਭੱਜਾ ਜਾਨੈਂ, ਆ ਤੈਨੂੰ ਰੰਗਾਂ ਦੀ ਦੁਨੀਆਂ ਵਿਚ ਗੇੜਾ ਕਢਾ ਲਿਆਵਾਂ, ਘਰ ਜਾ ਕੇ ਤੂੰ ਝਿੜਕਾਂ ਈ ਖਾਣੀਆਂ ਨੇ।' ਲਛਮਣ ਤੁਰਿਆ ਜਾਂਦਾ ਕਹੀ ਜਾਵੇ, 'ਨਾ ਭਰਾਵਾ ਇਹ ਕੰਮ ਤੇਰੇ ਤੇ ਈ ਛੱਡੇ, ਤੂੰ ਈ ਮੌਜਾਂ ਕਰ।'

'ਬਰੇਕ' ਵੇਲੇ ਸਾਰੇ ਆਪਣੇ ਲੰਚ ਬੈਗ ਲੈ ਇਕੱਠੇ ਬੈਠ ਜਾਂਦੇ ਨੇ। ਹਲਕੀਆਂ ਫੁਲਕੀਆਂ ਇਕ ਦੂਜੇ 'ਤੇ ਟਕੋਰਾਂ ਚਲ ਪੈਂਦੀਆਂ ਹਨ: 'ਮੱਘਰ ਸਿਆਂ, ਤੂੰ ਮੈਨੂੰ ਵਿਰਕ ਨਹੀਂ ਲੱਗਦਾ।'

'ਸੰਤੋਖ ਸਿਆਂ, ਹੈਂ ਬਈ ਹਾਂ ਤਾਂ ਅਸੀਂ ਬਿਰਕ ਈ, ਤੂੰ ਭਾਵੇਂ ਨਾ ਮੰਨ। ਲੁਧਿਆਣੇ ਜ਼ਿਲੇ 'ਚ ਮਾਲਵੇ ਦੇ ਪ੍ਰਸਿੱਧ ਪਿੰਡ ਨੇ ਬਿਰਕ ਬਰਸਾਲ। ਅਸੀਂ ਬਿਰਕਾਂ ਦੇ ਜੱਦੀ ਪੁਸ਼ਤੀ ਬਿਰਕ ਆਂ।'

ਵਿਚੋਂ ਹੀ ਮਹਿਤਾਬ ਸਿੰਘ ਵਿਰਕ ਆਪਣੀ ਸਿਆਣਪ ਤੇ ਸੂਝ ਦਾ ਪ੍ਰਗਟਾਵਾ ਕਰਦਾ ਹੈ ਕਿ ਉਧਰ ਬਾਰ ਵਿਚ ਵੀ ਵਿਰਕ ਏਧਰੋਂ ਗਏ ਸਨ। ਹਰਿਆਣੇ ਵਿਚ ਵੀ ਏਧਰਲੇ ਵਿਰਕਾਂ ਦੇ ਕੁਝ ਪਿੰਡ ਹਨ। ਮਹਿਤਾਬ ਸਿੰਘ ਵਿਰਕ ਹਰਿਆਣਾ ਪੁਲਿਸ ਵਿਚ ਡੀ ਐਸ ਪੀ ਰਿਹੈ। ਉਸ ਦੀ ਦਿੱਖ ਹੀ ਪ੍ਰਭਾਵੀ ਅਫਸਰਾਂ ਵਾਲੀ ਹੈ। ਉਚਾ ਲੰਮਾ ਕੱਦ, ਪੂਰਾ ਬਣ ਤਣ ਕੇ ਰਹਿੰਦਾ ਹੈ। ਨਿਤ ਨੇਮੀ ਬੰਦਾ ਹੈ। ਗਲ ਬਾਤ ਵਿਚ ਗੁਰਬਾਣੀ ਦੀਆਂ ਤੁਕਾਂ ਦਾ ਆਮ ਹੀ ਹਵਾਲਾ ਦੇਂਦਾ ਰਹਿੰਦਾ ਹੈ। ਇਨ੍ਹਾਂ ਦਾ ਪੱਕਾ ਸਾਥੀ ਸਿਗਨਲ ਦਾ ਸਾਬਕਾ ਕੈਪਟਨ ਭੁਪਿੰਦਰ ਸਿੰਘ ਵੜੈਚ ਹੈ। ਦੋਹਾਂ ਦੀ ਜੋੜੀ ਨੂੰ ਮੈਂ ਹੰਸਾਂ ਦੀ ਜੋੜੀ ਕਹਿੰਦਾ ਹਾਂ। ਇਕੱਠੇ ਹੀ ਕੰਮ 'ਤੇ ਆਉਂਦੇ-ਜਾਂਦੇ ਹਨ। ਛੋਟਾ ਸਾਡਾ ਭਾਅ ਸੰਤੋਖ ਸਿੰਘ ਵਿਰਕ ਖੁਲੇ ਡੁਲ੍ਹੇ ਸੁਭਾਅ ਵਾਲਾ ਨਿਰੋਲ ਜੱਟ ਹੈ। ਦੂਜਿਆਂ ਨੂੰ ਖੁਆ ਪਿਆ ਕੇ ਬੜਾ ਖੁਸ਼ ਹੁੰਦਾ ਹੈ। ਜੂਹਾਂ, ਨਹਿਰਾਂ, ਖੁਲ੍ਹੀਆਂ ਪੈਲੀਆਂ, ਮੁਰੱਬਿਆਂ, ਮੱਜਿਆਂ ਤੇ ਜੁੜੀਆਂ ਪਰ੍ਹੇ ਪੰਚਾਇਤਾਂ, ਮੱਝਾਂ, ਟਰੈਕਟਰਾਂ, ਨੌਕਰਾਂ, ਦੁਧ ਜਾਂ ਦਾਰੂ ਨਾਲ ਭਰੇ ਜੱਗਾਂ ਤੇ ਦੋਹਣੀਆਂ ਦੀਆਂ ਗੱਲਾਂ ਕਰਦਾ ਉਹ ਪੇਂਡੂ ਜੀਵਨ ਤੋਂ ਓਦਰਿਆ ਮਹਿਸੂਸ ਹੁੰਦਾ ਹੈ। ਪਿੰਡ ਦਾ ਕਈ ਸਾਲ ਸਰਪੰਚ ਵੀ ਰਿਹਾ ਹੈ।

ਇਕ ਦਿਨ ਗੱਲ ਚਲ ਪਈ ਕਿ ਗੋਤਾਂ ਚੰਗੀਆਂ ਹੁੰਦੀਆਂ ਨੇ ਜਾਂ ਆਦਮੀ? ਕੀ ਜ਼ਮੀਨਾਂ ਮਿਲਖਾਂ ਤੇ ਕੋਠੀਆਂ ਦਾ ਰੋਅਬ ਪਾਉਣਾ ਜਾਇਜ਼ ਹੈ? ਬਲੰਦ ਸਿੰਘ ਕਹਿੰਦਾ, 'ਭਰਾਵੋ ਜਾਇਦਾਦਾਂ ਦੇ ਰੋਹਬ ਪਾਉਣਾ ਹਉਮੈ ਹੁੰਦੀ ਜੇ। ਇਹ ਇਕ ਦੀਰਘ ਰੋਗ ਹੁੰਦੈ। ਕੋਈ ਕਿਸੇ ਨੂੰ ਕਦੀ ਕੁਝ ਦੇਂਦਾ ਨਈਂ ਜੇ ਤੇ ਨਾ ਹੀ ਕਦੀ ਕੋਈ ਕਿਸੇ ਕੋਲੋਂ ਕੁਝ ਲੈਂਦਾ ਜੇ।'

ਮੱਘਰ ਸਿੰਘ, ਪਿਆਰਾ ਸਿੰਘ ਵੱਲ ਇਸ਼ਾਰਾ ਕਰ ਕਹਿੰਦਾ, 'ਇੰਸਪੈਕਟਰ ਸਾਹਿਬ ਤੁਸੀਂ ਦੱਸੋ ਤੁਹਾਡਾ ਕੀ ਵਿਚਾਰ ਹੈ?' ਪ੍ਰਿੰਸੀਪਲ ਨੂੰ ਪੁੱਛੋ, ਕਹਿ ਕੇ ਗੱਲ ਮੇਰੇ ਵੱਲ ਰੇੜ ਦਿੱਤੀ। 'ਕਹਿੰਦੇ ਕੋਈ ਜੱਟ ਆਪਣੀਆਂ ਪੈਲੀਆਂ ਬਾਰੇ ਉੱਚੀ ਬਾਂਹ ਕਰ ਕਰ ਦੂਰ ਦੂਰ ਦੇ ਖੇਤਾਂ ਦੇ ਹਵਾਲੇ ਦੇ ਦੇ ਦਸੇ, ਔਹ ਵੀ ਸਾਡੀ ਮੱਕੀ ਜੇ, ਔਹ ਕਮਾਦ, ਔਹ ਖੇਤ...ਔਹ ਤੇ ਆਹ ਮੋਟਰਾਂ, ਇੰਜਣ ਤੇ ਬਾਈ ਲਾਰਸ ਟਰੈਕਟਰ...।' ਉਸ ਦੀ ਜਾਇਦਾਦ ਦੀ ਲੰਮੀ ਲਿਸਟ ਸੁਣ ਅੱਕਿਆਂ ਮੱਘਰ ਸਿੰਘ ਵਿਚੋਂ ਹੀ ਟੋਕ ਕੇ ਬੋਲਿਆ, 'ਅਸੀਂ ਤਾਂ ਬਾਈ ਥਾਲੀ 'ਚ ਪਰੋਸੀ ਸੇਵਾ ਪਾਣੀ ਤੋਂ ਤੇਰੀ ਸਰਦਾਰੀ ਜਾਚਾਂਗੇ।'

ਗਿਣਤੀ ਟੇਬਲ ਤੇ ਕਿਤੇ ਬਾਹਲੇ ਹੀ ਢੇਰ ਇਕੱਠੇ ਹੋ ਜਾਣ ਤਾਂ ਮੱਘਰ ਸਿੰਘ ਨੀਵੀਂ ਪਾਈ ਕਹੂ, 'ਹਟੋ ਪਰੇ, ਗਲ ਹੀ ਕੁਝ ਨਹੀਂ ਹੁਣੇ ਹੀ ਗਿਣਤੀ ਦਾ ਕੰਮ ਖਿੱਚ ਦਿਆਂਗੇ, ਸੰਜੇ ਭਾਈ (ਸੁਪਰਵਾਈਜ਼ਰ) ਫਿਕਰ ਨਾ ਕਰ।' ਫਲਾਇਰ ਸੈਟ ਕਰਨ 'ਚ ਬਾਈ ਗੁਰਦੇਵ ਸਿੰਘ ਬੜਾ ਮਾਹਿਰ ਹੈ। ਫੌਜ ਦਾ ਰਿਟਾਇਰ ਸੂਬੇਦਾਰ ਮੇਜਰ ਬਹੁਤ ਹੀ ਘੱਟ ਗਲ ਕਰਦਾ ਹੈ।

ਪਹਿਲੇ ਦਿਨ ਕੰਮ ਦੀ ਜੋੜੀ ਮੇਰੀ ਹੁਸ਼ਿਆਰਪੁਰੀਏ ਸੱਤਪਾਲ ਸਿੰਘ ਨਾਲ ਬਣੀ। ਉਹ ਬਹੁਤ ਧੀਰਾ ਤੇ ਮਸਤ ਆਦਮੀ ਹੈ। ਗਲ ਤਾਂ ਬਹੁਤ ਸੰਖੇਪ ਜਿਹੀ ਲੋੜ ਪੈਣ 'ਤੇ ਹੀ ਕਰਦਾ ਹੈ। ਤੀਜੇ ਘੰਟੇ ਕਹਿੰਦਾ ਤੁਸੀਂ ਇਹ ਕੰਮ ਕੱਟ ਜਾਉਗੇ, ਬਸ ਪਹਿਲੇ ਹਫਤੇ ਥਕਾਵਟ ਹੋਵੇਗੀ।



ਕੰਮ ਏਨਾ ਈ ਜੇ। ਹੌਲੀ ਹੌਲੀ ਸਭ ਸੈਟ ਹੋ ਜਾਏਗਾ। ਸਾਡੇ ਦੂਜੇ ਸਾਥੀ ਗੁਲਜ਼ਾਰ ਸਿੰਘ ਬਾਜਵਾ, ਬਲਬੀਰ ਸਿੰਘ ਬਰਾੜ, ਸਟੇਸ਼ਨ ਮਾਸਟਰ ਸੁਰਜੀਤ ਸਿੰਘ, ਗੁਲਾਬ ਰਾਏ ਤੇ ਜਸਵੰਤ ਸਿੰਘ ਸਰੋਤੇ ਬਹੁਤੇ ਈ ਵਧੀਆ ਨੇ, ਗਲ ਸਾਈ ਦਿੱਤਿਆਂ ਈ ਕਰਦੇ ਨੇ। ਕੰਮ ਵਿਚ ਪੂਰੇ ਮਗਨ ਰਹਿੰਦੇ ਹਨ। ਪਰ ਮਹਿਫਿਲ ਵਿਚ ਬੈਠੇ ਘਤਿਤਾਂ ਸੁਣਦੇ ਬੜੇ ਖੁਸ਼ ਹੁੰਦੇ ਹਨ।

ਹਫਤੇ ਪਿੱਛੋਂ ਮੇਜਰ ਸਿੰਘ ਪੁਛਦੈ, 'ਪ੍ਰਿੰਸੀਪਲ ਸਾਹਿਬ, ਕਿਵੇਂ ਜੇ, ਕੰਮ ਔਖਾ ਤੇ ਨਹੀਂ।' 'ਹੁਣ ਤਾਂ ਭਰਾਵਾ ਇਉਂ ਲਗਦਾ ਜਿਵੇਂ ਉਠ ਨੂੰ ਖੋਪੇ ਪੱਕ ਗਏ ਹੋਣ। ਅੱਖਾਂ ਮੀਟ ਕੇ ਤੁਰੇ ਫਿਰਦੇ ਆਂ।' 'ਲੈ ਸੁਣ ਲੈ ਮਾਸਟਰਾ ਇਉਂ ਬੰਦਾ ਨਵੇਂ ਕੰਮੀਂ ਵਗਣਾ ਸਿੱਖ ਜਾਂਦੈ।' ਤੁਰਿਆ ਜਾਂਦਾ ਲਛਮਣ ਸਿੰਘ ਹੁੰਗਾਰਾ ਭਰਦਾ ਕਹਿ ਗਿਆ, 'ਜਦੋਂ ਕੰਮ ਫੜ ਹੀ ਲਿਆ, ਆ ਹੀ ਗਏ ਆਂ ਤਾਂ ਸਾਡੇ ਲਈ ਕੰਮ ਕੋਈ ਸ਼ੈਆ ਈ ਨਈਂ। ਪੜ੍ਹਾਉਣਾ ਕਿਤੇ ਸੌਖੈ, ਅਜ ਕਲ ਤਾਂ ਇਹ ਕੰਮ ਨਾਗਾਂ ਦੀ ਪਟਾਰੀ ਬਣਿਆ ਪਿਆ।'

ਇਕ ਦਿਨ ਬਰੇਕ 'ਚ ਚਾਹ ਪੀਣ ਕਾਹਨੂੰ ਲੱਸੀ ਪੀਣ ਤਾਰਾ ਸਿੰਘ ਤੁਰਿਆ ਆਵੇ। ਨਾਲ ਹੀ ਸਭ ਪਾਸਿਆਂ ਤੋਂ ਬੇਧਿਆਨਾ ਤਿਰਛਾ ਜਿਹਾ ਕਿਸੇ ਸੋਹਣੀ ਜਿਹੀ ਸ਼ੈਅ ਨੂੰ ਵੇਖੀ ਜਾਏ। ਮੇਜਰ ਨੇ ਛੇੜਦਿਆਂ ਕਿਹਾ, 'ਆ ਜਾ, ਆ ਜਾ, ਤਾਰਾ ਸਿਆਂ, ਪੁਠੇ ਪਾਸੇ ਝਾਕਦਾ ਕਿਤੇ ਸਕਿੱਡ ਨਾਲ ਅੜਕ ਕੇ ਡਿੱਗ ਪਏਂ ਤੇ ਗੋਡੇ ਭਨਾ ਲਏਂ।'

'ਉਏ ਕਾਹਨੂੰ, ਮੈਂ ਤਾਂ ਵੇਖ ਰਿਹਾ ਸੀ ਕਿੰਨੀ ਬੱਚਤ ਜਿਹੀ ਕੀਤੀ ਹੋਈ ਏ, ਕਿੰਨੇ ਥੋੜੇ ਜਿਹੇ ਕਪੜਿਆਂ ਨਾਲ ਹੀ ਬੁੱਤਾ ਜਿਹਾ ਸਾਰਿਆ ਹੋਇਆ ਆ, ਸਾਡੇ ਤਾਂ ਸਾਢੇ ਪੰਜ ਮੀਟਰ ਤੋਂ ਘੱਟ ਊਂਈ ਨਈਂ ਸਰਦਾ।' ਸਾਰੇ ਹਸ ਪਏ ਤੇ ਚਾਹ ਪਾਣੀ 'ਚ ਲੱਗ ਗਏ।

'ਚਲ ਇਹ ਤਾਂ ਹੋਇਆ, ਲਿਆ ਖੋਲ ਲੱਸੀ ਵਾਲੀ ਬੋਤਲ, ਰਾਤੀਂ ਤੂੰ ਬਹੁਤ ਗਲਾਸੀਆਂ ਮਾਰੀਆਂ ਮੈਂ ਵੇਖ ਰਿਹਾ ਸੀ। ਤਾਰਾ ਸਿੰਘ ਅਜ ਕਰੂ ਕੋਈ ਕਾਰਾ ਕਿਤੇ ਚੱਕ ਕੇ ਈ ਨਾ ਲਿਜਾਣਾ ਪਏ।'

'ਲੈ ਫੜ ਪੀ ਲੱਸੀ, ਆ ਵੇਖ ਤੇਰੇ ਸਾਹਮਣੇ ਐਂ ਸਾਬਤ ਸਬੂਤੇ ਬੈਠੇ ਆਂ, ਰਤੀ ਭਰ ਵੀ ਕੋਈ ਭਾਣ ਭੂਣ ਸੌਰੀ ਨਈਂਉ।'

'ਅਜ ਬਈ, ਮੱਘਰ ਸਿੰਘ ਪੂਰਾ ਨਿੱਖਰਿਆ ਪਿਆ, ਅਜ ਪੱਟੂ ਕਿਸੇ ਨੂੰ' ਮੇਜਰ ਸਿੰਘ ਉਹਦੇ ਚਿੱਟੇ ਕੁੜਤੇ ਤੇ ਨਵੀਂ ਪੱਗ ਵੱਲ ਸ਼ਰਾਰਤੀ ਜਿਹਾ ਝਾਕਦਾ ਗੱਲ ਰੇੜ ਗਿਆ।

'ਓਏ ਕਾਹਨੂੰ ਝੱਗਾ ਤਾਂ ਪੁਰਾਣਾ ਈ, ਆ ਪੱਗ ਜ਼ਰੂਰ ਧੋਤੀ ਬੰਨ੍ਹੀ ਏ।'

'ਕੁਝ ਵੀ ਹੋਵੇ, ਅੱਜ ਤੂੰ ਪੂਰਾ ਨਿਖਾਰਿਆਂ ਲੱਗਦੈ ਜਿਵੇਂ ਸਬੂਤੇ ਦਾ ਸਬੂਤਾ ਈ ਡਰਾਈ ਕਲੀਨ ਹੋ ਕੇ ਆਇਆ ਹੋਵੇਂ।' ਸੁਣ ਸਾਰੇ ਹੱਸ ਪਏ। ਮਘਰ ਸਿੰਘ ਮਿੰਨਾਂ ਜਿਹਾ ਹੱਸਦਾ ਕਹੇ, ਪ੍ਰਿੰਸੀਪਲ ਸਾਹਿਬ ਕਾਹਨੂੰ, ਆਪ ਵੀ ਹੱਸਣ ਲਗ ਪਿਆ ਤੇ ਉਸ ਦੀ ਕਾਹਨੂੰ ਕਾਹਨੂੰ ਤੇ ਕੋਈ ਹੋਰ ਘਤਿੱਤ ਛਿੜ ਪੈਂਦੀ।

ਇਕ ਸ਼ੁਕਰਵਾਰ ਚੈਕ ਆਉਣ ਵਿਚ ਦੇਰੀ ਹੋ ਗਈ। ਛੁੱਟੀ ਦਾ ਵੀ ਸਮਾਂ ਹੋ ਚੁਕਾ ਸੀ। ਸਾਰੇ ਦਫਤਰ ਦੇ ਗੇਟ ਵੱਲੀਂ ਝਾਕ ਰਹੇ ਸਨ। 'ਮੇਜਰ ਸਿਆਂ, ਇਉਂ ਲਗਦਾ ਜਿਵੇਂ ਹਲ ਵਾਹੁੰਦਾ ਭੁਖਾ-ਪਿਆਸਾ ਜੱਟ ਪਿੰਡੋਂ ਨਿਕਲਦੀ ਪਹੀ ਵੱਲ ਛਾਹ ਵੇਲਾ ਲਿਆਂਉਂਦੀ ਜੱਟੀ ਨੂੰ ਵੇਖ ਰਿਹਾ ਹੋਵੇ।' ਆਹ ਸੁਣ ਲਛਮਣਾ ਪ੍ਰਿੰਸੀਪਲ ਕੀ ਕਹਿ ਰਿਹਾ ਈ।

ਆਉਂਦਾ ਜਾਂਦਾ ਮੱਘਰ ਸਿੰਘ ਹੌਲੀ ਜਿਹੀ ਸੁਣਾ ਜਾਊ, 'ਪ੍ਰਿੰਸੀਪਲ ਸਾਹਿਬ ਜੀ...।' ਮੈਂ ਵੀ ਕਹਿ ਦਊਂ, 'ਸਰਦਾਰ ਮੱਘਰ ਸਿੰਘ।' ਪਰ ਉਸ ਦੇ ਉਚਾਰਨ ਵਿਚ ਤਿੱਖੀ ਜਿਹੀ ਚੋਭ ਮੈਂ ਭਾਂਪਦਾ ਹਾਂ। ਜਿਵੇਂ ਕਹਿ ਰਿਹਾ ਹੋਵੇ, 'ਸੁਣਾ ਹੁਣ, ਕਿਵੇਂ ਆ, ਉਥੇ ਕੁਰਸੀ 'ਤੇ ਬੈਠਾ ਘੰਟੀ ਮਾਰ ਸੇਵਾਦਾਰਾਂ ਨੂੰ ਬੁਲਾਉਂਦਾ ਹੁੰਦਾ ਸੀ, ਏਥੇ ਆਪ ਲੇਬਰ ਕਰ ਰਿਹੈਂ।' ਮੈਂ ਕਹਿ ਛੱਡਦਾਂ, 'ਮੱਘਰ ਸਿਆਂ ਸਮੇਂ ਸਮੇਂ ਦੀਆਂ ਗੱਲਾਂ ਨੇ, ਸਮਾਂ ਬੜਾ ਸਮਰਥ ਈ।'

ਬਰਸਾਲਾਂ ਵਾਲੇ ਪ੍ਰੋ: ਜਗਤਾਰ ਸਿੰਘ ਢਾਹੂ ਤੇ ਉਸ ਦੇ ਸਾਰੇ ਪਰਿਵਾਰ ਬਾਰੇ ਸਾਰਾ ਕੁਝ ਦੱਸਦਾ ਹੈ। ਬਰਸਾਲਾਂ ਤੋਂ ਹੀ ਬੀਬੀ ਮੁਕੰਦ ਕੌਰ ਤੇ ਉਸ ਦੇ ਪਤੀ ਪ੍ਰੋ. ਦਰਸ਼ਨ ਸਿੰਘ ਪੰਨੂੰ ਅਤੇ ਇਸ ਤਰ੍ਹਾਂ ਸਾਰੇ ਇਲਾਕੇ ਦੇ ਕਿੱਸੇ ਕਹਾਣੀਆਂ ਗਲੀਂ ਬਾਤੀਂ ਦੱਸਦਾ ਰਹਿੰਦਾ ਏ। ਇਕ ਵਾਰੀ ਪੁਛਿਆ ਪਿੱਛੇ ਪਿੰਡ ਕੀ ਸ਼ੁਗਲ ਸੀ। 'ਸੱਚ ਦਸਾਂ ਪ੍ਰਿੰਸੀਪਲ, ਬਿਰਕਾਂ ਨੇੜੇ ਸੰਗਤਪੁਰੇ ਪ੍ਰਾਇਮਰੀ ਸਕੂਲ 'ਚ ਮਾਸਟਰ ਸੀ। ਮੇਰੇ ਘਰੋਂ ਵੀ ਟੀਚਰ ਸੀ। ਝੂਠ ਨਈਂ ਬੋਲਦਾ ਜਮਾਂ ਈ। ਦੋਹਾਂ ਨੂੰ ਦਸ ਹਜ਼ਾਰ ਪੈਨਸ਼ਨ ਮਿਲਦੀ ਏ। ਉਥੇ ਰਾਜੇ ਸੀ, ਏਥੇ ਰੰਕ ਬਣ ਗਏ ਆਂ। ਸਭ ਕੁਝ ਕੋਲ ਸੀ।'

ਸਾਊ ਲਛਮਣ ਸਿੰਘ ਮੇਜਰ ਦੇ ਢਹੇ ਆਇਆ ਹੀ ਰਹਿੰਦਾ ਏ। ਬਰੇਕ ਵਿਚ ਉਹ ਦੱਸੇ 'ਇਹ ਤੁਰਦਾ ਫਿਰਦਾ ਮੈਨੂੰ ਪੁਛ ਆਉਂਦਾ ਅਜ ਕਿੰਨੇ ਘੰਟੇ ਲੱਗਣੇ ਨੇ, ਉਤਰ ਸੁਣ ਹਿਸਾਬ ਮਾਸਟਰ ਹਫਤੇ ਦੇ ਘੰਟਿਆਂ ਨੂੰ ਮੂੰਹ ਜ਼ਬਾਨੀ ਜੋੜਦਾ, ਤੀਹਾਂ ਨਾਲ ਗੁਣਾ ਕਰਦਾ ਪੂਰੀ ਚੜ੍ਹਦੀ ਕਲਾ ਵਿਚ ਹੋਇਆ ਦੂਜੇ ਗੇੜੇ ਪੂਰਾ ਹਸਦਾ ਕੂਹਣੀ ਮਾਰ ਕੇ ਲੰਘੂ।' ਕੋਲ ਬੈਠਾ ਗਰੈਜੂਏਟ ਬੁਲੰਦ ਸਿੰਘ ਬੋਲ ਪਿਆ 'ਇਉਂ ਤਾਂ ਅਸੀਂ ਸਾਰੇ ਈ ਕਰਦੇ ਰਹਿੰਦੇ ਆਂ।' ਦਾਨਾ ਬੀਨਾ ਬੁਲੰਦ ਸਿੰਘ ਜੀਵਨ ਨੂੰ ਬੜੇ ਗਹੁ ਨਾਲ ਜਾਣਨ ਵਾਲਾ ਸ਼ਖਸ ਐ। ਮੈਨੂੰ ਬੜਾ ਗੰਭੀਰ ਹੋ ਸਵਾਲ ਕਰਦੈ, ਤੁਸੀਂ ਐਮ. ਏ. ਅਰਥ ਸ਼ਾਸਤਰ ਹੋ। ਭਾਰਤ ਦੇ ਲੋਕਾਂ ਦੀ ਗਰੀਬੀ ਕਿਵੇਂ ਦੂਰ ਹੋ ਸਕਦੀ ਹੈ? ਵਧਦੀ ਆਬਾਦੀ ਕਿਵੇਂ ਰੁਕ ਸਕਦੀ ਹੈ? ਕੈਨੇਡੀਅਨ ਬੱਚੇ ਧਰਮ ਤੋਂ ਕਿਉਂ ਦੂਰ ਹੋ ਰਹੇ ਹਨ?

ਜਿਸ ਦਿਨ ਮੈਨੂੰ ਮਜ਼ਦੂਰੀ ਦਾ ਪਹਿਲਾ ਚੈਕ ਮਿਲਿਆ ਤਾਂ ਕੈਨੇਡੀਅਨ ਕਮਾਈ ਦੀ ਮੈਨੂੰ ਇਕ ਖਾਸ ਖੁਸ਼ੀ ਮਹਿਸੂਸ ਹੋ ਰਹੀ ਸੀ। ਛੁੱਟੀ ਵੇਲੇ ਕਾਰਡ ਪੰਚ ਕਰਦਿਆਂ ਮੈਂ ਕਿਹਾ ਇਸ ਚੈੱਕ ਦੀ ਮੈਨੂੰ ਉਨੀ ਖੁਸ਼ੀ ਹੈ ਜਿੰਨੀ ਪਲੇਠੀ ਦੇ ਜਨਮੇ ਪੁੱਤ ਦੀ ਮਾਂ ਨੂੰ ਹੁੰਦੀ ਹੈ। ਕੋਲ ਖੜੀਆਂ ਕੁਝ ਬੀਬੀਆਂ ਹੱਸ ਪਈਆਂ ਤੇ ਕਹਿੰਦੀਆਂ ਫੇਰ ਤਾਂ ਵੀਰ ਜੀ ਲੋਹੜੀ ਵੰਡੋਗੇ? 'ਜ਼ਰੂਰ ਭੈਣ ਜੀ, ਲੋਹੜੀ 'ਤੇ ਖਰਚ ਕਰ ਦਿਆਂਗੇ, ਇਹ ਕਿਹੜੀ ਗੱਲ ਏ।' ਤਾਰਾ ਸਿੰਘ, ਮੇਜਰ ਸਿੰਘ ਤੇ ਮੱਘਰ ਸਿੰਘ ਕੋਲ ਖੜੇ ਕਹਿੰਦੇ, ਫਿਰ ਤਾਂ ਸਾਡੀ ਵੀ ਪਾਰਟੀ ਖਰੀ ਹੋ ਗਈ।

ਦੱਸੋ ਬਾਈ! ਅਜਿਹੇ ਮਾਹੌਲ ਵਿਚ ਜੇ ਅਸੀਂ ਕੰਮ ਕਰਦੇ ਡਾਲਰ ਲੈ ਆਉਨੇ ਆਂ ਤਾਂ ਕੀ ਇਹ ਡਾਲਰ ਬੇਰੀਆਂ ਤੋਂ ਝਾੜਨ ਵਾਲੀ ਗੱਲ ਨਹੀਂ? ਨਾਲੇ ਤੇ ਲਾ ਆਉਨੇ ਆਂ ਮਜਲਿਸਾਂ ਤੇ ਨਾਲੇ ਫਿਰ ਤੁਰ ਆਉਨੇ ਆਂ। ਸ਼ਾਲਾ! ਸਦਾ ਵੱਸਦੀ ਰਸਦੀ ਰਹੇ ਗਾਰਡੀਅਨ ਤੇ ਇਸ ਦਾ ਵੇਅਰ ਹਾਊਸ, ਜਿਹੜੀ ਸਾਡੀ ਸਭ ਦੀ ਓਟ, ਆਸਰਾ ਤੇ ਥਾਂ ਹੈ!

## ਸਿੱਧ-ਸੁਭਾਅ ਵਿਚ ਜੀਵਨ ਪੜਾਅ

ਪ੍ਰਾਚੀਨ ਸ਼ਾਸਤਰਾਂ ਮੁਤਾਬਕ ਇਨਸਾਨ ਦਾ ਜੀਵਨ 4 ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲੇ 25 ਸਾਲ ਇਨਸਾਨ ਨੂੰ ਵਿਦਿਆ, ਹੁਨਰ ਜਾਂ ਕਿਸੇ ਕਿੱਤੇ ਦੀ ਮੁਹਾਰਤ ਹਾਸਲ ਕਰਨ ਵਾਸਤੇ ਦੱਸੇ ਗਏ ਹਨ। 25 ਤੋਂ 50 ਸਾਲ ਦੀ ਉਮਰ ਗ੍ਰਹਿਸਥ ਜੀਵਨ ਬਤੀਤ ਕਰਨ ਦਾ ਆਦੇਸ਼ ਹੈ ਜਿਸ ਵਿਚ ਉਹ ਆਪਣੀ ਵਿਦਿਆ ਜਾਂ ਕਿੱਤੇ ਦਾ ਇਸਤੇਮਾਲ ਕਰੇ। 50 ਤੋਂ 75 ਸਾਲ ਦੀ ਉਮਰ ਧਾਰਮਿਕ ਗ੍ਰੰਥ ਪੜ੍ਹਨ ਅਤੇ ਅਧਿਆਤਮ ਪਾਉਣ ਦਾ ਜ਼ਿਕਰ ਹੈ। 75 ਤੋਂ 100 ਸਾਲ ਦੀ ਉਮਰ ਇਨਸਾਨ ਵੱਲੋਂ ਕੀਤੀ ਗਈ ਧਾਰਮਿਕ ਪੜ੍ਹਾਈ ਦਾ ਗਿਆਨ ਸਮਾਜ ਨੂੰ ਦੇਣ ਦਾ ਹੁਕਮ ਹੈ। ਇਸ ਕਾਲ ਵਿਚ ਉਸ ਨੂੰ ਆਪਣੇ ਜੀਵਨ ਦੇ ਤਜਰਬੇ ਵੀ ਸਮਾਜ ਨੂੰ ਦੱਸਣ ਵਾਸਤੇ ਕਿਹਾ ਗਿਆ ਹੈ।

ਪੰਜਾਬੀ ਪੇਂਡੂ ਜੀਵਨ ਨਾਲ ਜੁੜੇ ਅਖਾਣਾਂ ਵਿਚ ਵੀ ਉਮਰ ਨੂੰ ਹਿੱਸਿਆਂ ਵਿਚ ਵੰਡਿਆ ਗਿਆ ਹੈ: ਬਰਸਾਂ ਹੋਈਆਂ ਦਸ, ਤਾਂ ਹੋ ਗਿਆ ਰਸ। ਮਤਲਬ, ਬੰਦਾ 10 ਸਾਲ ਬਾਅਦ ਕੁਝ ਕਰਨ ਜੋਗਾ ਹੋ ਜਾਂਦਾ ਹੈ, ਰਾਸੇ ਪੈ ਜਾਂਦਾ ਹੈ। ਛੋਟੇ-ਮੋਟੇ ਕੰਮ ਵਿਚ ਹਿੱਸਾ ਪਾ ਸਕਦਾ ਹੈ।

ਬਰਸਾਂ ਹੋਈਆਂ ਵੀਹ, ਤਾਂ ਦੇ ਤੁਰਿਆ ਘੀ। ਮਤਲਬ, ਅੱਲੜ ਮੁੰਡਾ ਕਿਸੇ ਦੀ ਸੁਣਦਾ ਨਹੀਂ, ਆਪਣੀ ਹੀ ਮਰਜ਼ੀ ਦਾ ਮਾਲਕ ਹੁੰਦਾ ਹੈ।

ਬਰਸਾਂ ਹੋਈਆਂ ਤੀਹ, ਜੰਮ ਪਈ ਧੀ। ਮਤਲਬ, ਬੰਦਾ ਕਬੀਲਦਾਰ ਹੋ ਜਾਂਦਾ ਹੈ, ਧੀ ਜੰਮਣ ਨਾਲ ਸੰਜੀਦਾ ਹੋਣਾ ਪੈ ਜਾਂਦਾ ਹੈ।

ਬਰਸਾਂ ਹੋਈਆਂ ਚਾਲੀ, ਤਾਂ ਹੋ ਗਿਆ ਹਾਲੀ।

ਹਾਲੀ ਤੋਂ ਮਤਲਬ, ਹੁਣ ਕਿਸਾਨ ਹਲ ਦੇ ਸਿਆੜ ਸਿੱਧੇ ਲਾਉਂਦਾ ਹੈ। ਉਸ ਵਿਚ ਕੋਈ ਵਿੰਗ-ਵਲ ਨਹੀਂ ਰਹਿੰਦਾ।

ਬਰਸਾਂ ਹੋਈਆਂ ਪੰਜਾਹ, ਸੱਦੇ ਪੁੱਛੇ ਜਾਹ। ਪੰਜਾਹ ਸਾਲਾਂ ਨੂੰ ਪੰਚਾਇਤਾਂ ਵਿਚ ਜਾਂ ਉਸ ਦੀ ਪੁੱਛ-ਪ੍ਰਤੀਤ ਸਿਆਣੇ ਵਜੋਂ ਹੋਣੀ ਸ਼ੁਰੂ ਹੋ ਜਾਂਦੀ ਹੈ।

ਬਰਸਾਂ ਹੋਈਆਂ ਸੱਠ, ਤਾਂ ਫੜ ਲਈ ਲੱਠ। ਸੱਠ ਸਾਲੇ ਨੂੰ ਬੁੱਢਾ ਕਹਿਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ।

ਬਰਸਾਂ ਹੋਈਆਂ ਸੱਤਰ, ਗਿਆ ਬਹੱਤਰ। ਸੱਤਰਵੇਂ ਸਾਲ ਵਿਚ ਮੱਤ ਮਾਰੀ ਜਾਂਦੀ ਹੈ।

ਬਰਸਾਂ ਹੋਈਆਂ ਅੱਸੀ, ਹੋ ਗਿਆ ਖੱਸੀ। ਅੱਸੀਵੇਂ ਵਿਚ ਉਕਾ ਬੇਕਾਰ ਹੋ ਜਾਂਦਾ ਹੈ।

ਬਰਸਾਂ ਹੋਈਆਂ ਨੱਬੇ,
ਜਿਥੇ ਬੈਠੇ ਉਥੇ ਹੱਗੇ।
ਬਰਸਾਂ ਹੋਈਆਂ ਸੌ,
ਨਾ ਮਿੱਤਰ ਨੂੰ ਆਸ ਤੇ ਨਾ ਦੁਸ਼ਮਣ ਭੌ।

-ਕਮਲਜੀਤ ਸਿੰਘ ਫਰੀਮਾਂਟ

# ਸੋਮਨਾਥ ਮੰਦਿਰ ਉਤੇ ਮਹਿਮੂਦ ਗਜ਼ਨਵੀ ਦਾ ਹਮਲਾ

**ਵਾਸਦੇਵ ਸਿੰਘ ਪਰਹਾਰ**
ਫੋਨ: 206-434-1155

ਪੁਰਾਤਨ ਸਮੇਂ ਤੋਂ ਹੀ ਸੋਮਨਾਥ ਮੰਦਿਰ ਸਾਰੇ ਹਿੰਦੁਸਤਾਨ ਵਿਚ ਪ੍ਰਸਿਧ ਸੀ। ਵੱਡੇ-ਵੱਡੇ ਰਾਜੇ-ਮਹਾਰਾਜੇ ਬੇਸ਼ੁਮਾਰ ਧਨ, ਸੋਨਾ ਅਤੇ ਕੀਮਤੀ ਹੀਰੇ-ਜਵਾਹਰਾਤ ਦੇ ਰੂਪ ਵਿਚ ਚੜ੍ਹਾਉਂਦੇ ਰਹੇ। ਸਯਦ ਮੁਹੰਮਦ ਲਤੀਫ ਦੀ ਪੁਸਤਕ 'ਹਿਸਟਰੀ ਆਫ ਦਿ ਪੰਜਾਬ' ਅਨੁਸਾਰ ਸੋਮਨਾਥ ਮੰਦਿਰ ਆਪਣੀ ਸ਼ਾਨਦਾਰ ਇਮਾਰਤ, ਜੋ ਕੀਮਤੀ ਪੱਥਰਾਂ ਦੀ ਬਣੀ ਹੋਈ ਸੀ, ਕਰ ਕੇ ਭਵਨ ਕਲਾ ਦਾ ਖਾਸ ਨਮੂਨਾ ਸੀ। ਵੱਖ-ਵੱਖ ਰਿਆਸਤਾਂ ਦੇ ਰਾਜਿਆਂ ਨੇ ਦੋ ਹਜ਼ਾਰ ਪਿੰਡ ਇਸ ਮੰਦਿਰ ਨੂੰ ਜਾਗੀਰ ਵਜੋਂ ਦਿੱਤੇ ਹੋਏ ਸਨ ਤਾਂ ਕਿ ਪੁਜਾਰੀਆਂ ਅਤੇ ਹੋਰ ਸੇਵਾਦਾਰਾਂ ਦਾ ਗੁਜ਼ਾਰਾ ਹੋ ਸਕੇ। ਹਿੰਦੁਸਤਾਨ ਦੇ ਹਰ ਕੋਨੇ ਤੋਂ ਸ਼ਰਧਾਲੂ ਸੋਨਾ ਅਤੇ ਪੈਸਾ ਚੜ੍ਹਾਉਂਦੇ। ਸੂਰਜ ਅਤੇ ਚੰਦਰ ਗ੍ਰਹਿਣ ਸਮੇਂ ਦੋ ਤੋਂ ਤਿੰਨ ਲੱਖ ਸ਼ਰਧਾਲੂ ਇਥੇ ਮੱਥਾ ਟੇਕਦੇ।

ਮੂਰਤੀ ਦਾ ਇਸ਼ਨਾਨ ਦਿਨ ਵਿਚ ਦੋ ਵਾਰੀ ਗੰਗਾ ਜਲ ਨਾਲ ਕਰਾਇਆ ਜਾਂਦਾ। ਇਹ ਗੰਗਾ ਜਲ ਬਾਰਾਂ ਸੌ ਮੀਲ ਦੂਰੋਂ ਲਿਆਇਆ ਜਾਂਦਾ ਸੀ। ਇਕ ਵੱਡਾ ਘੰਟਾ ਜਿਸ ਦੀ ਸੰਗਲੀ ਵੀ ਸੋਨੇ ਦੀ ਸੀ, 200 ਮਣ ਭਾਰਾ ਸੀ। ਇਹ ਸ਼ਰਧਾਲੂਆਂ ਨੂੰ ਪੂਜਾ ਸਮੇਂ ਬੁਲਾਉਣ ਲਈ ਵਜਾਇਆ ਜਾਂਦਾ ਸੀ।

ਮੰਦਿਰ ਦੇ ਕਰਮਚਾਰੀਆਂ ਵਿਚ 2000 ਬ੍ਰਾਹਮਣ, 500 ਦੇਵਦਾਸੀਆਂ (ਨੱਚਣ ਵਾਲੀਆਂ ਕੁੜੀਆਂ), 300 ਗਵੱਈਏ/ਸਾਜ਼ਿੰਦੇ ਅਤੇ ਤਿੰਨ ਸੌ ਨਾਈ ਸਨ ਜੋ ਸ਼ਰਧਾਲੂਆਂ ਦੀ ਮੰਦਿਰ ਅੰਦਰ ਜਾਣ ਤੋਂ ਪਹਿਲਾਂ ਹਜਾਮਤ ਕਰਦੇ ਸਨ। ਮੰਦਿਰ ਅੰਦਰ ਜਾਣ ਤੋਂ ਪਹਿਲਾਂ ਸ਼ੇਵ ਕਰਾਉਣੀ ਜ਼ਰੂਰੀ ਸੀ। ਮੁੰਨੇ ਹੋਏ ਸਿਰਾਂ ਅਤੇ ਦਾੜ੍ਹੀਆਂ ਵਾਲੇ ਪੁਜਾਰੀ ਮੂਰਤੀ ਦੀ ਪੂਜਾ ਕਰਦੇ ਅਤੇ ਨੱਚਣ ਵਾਲੀਆਂ ਕੁੜੀਆਂ ਗਹਿਣੇ ਸਜਾ ਕੇ ਮੂਰਤੀ ਅੱਗੇ ਨੱਚਦੀਆਂ। ਰਾਜਿਆਂ ਵੱਲੋਂ ਸ਼ਰਧਾ ਨਾਲ ਆਪਣੀਆਂ ਲੜਕੀਆਂ ਇਸ ਮੰਦਿਰ ਵਿਚ ਚੜ੍ਹਾਉਣ ਦਾ ਰਿਵਾਜ ਸੀ ਤਾਂ ਕਿ ਭਗਵਾਨ ਦੀ ਪ੍ਰਸੰਨਤਾ ਪ੍ਰਾਪਤ ਹੋ ਸਕੇ।

ਸੋਮਨਾਥ ਦੀ ਮੂਰਤੀ ਤੋਂ ਇਲਾਵਾ ਸੋਨੇ ਤੇ ਚਾਂਦੀ ਦੀਆਂ ਬਣੀਆਂ ਸੈਂਕੜੇ ਹੋਰ ਮੂਰਤੀਆਂ ਸਨ ਜੋ ਸਭ ਢਾਹ-ਢੇਰੀ ਕਰਨ ਲਈ ਮਹਿਮੂਦ, ਗਜ਼ਨੀ ਤੋਂ ਸਤੰਬਰ 1024 ਨੂੰ ਚੱਲਿਆ। ਉਸ ਦੇ ਪਿੱਛੇ ਤੁਰਕਿਸਤਾਨ ਅਤੇ ਲਾਗੇ ਦੇ ਹੋਰ ਦੇਸ਼ਾਂ ਦੇ ਪੰਜਾਹ ਹਜ਼ਾਰ ਰਜ਼ਾਕਾਰ (ਵਾਲੰਟੀਅਰ) ਮੂਰਤੀਆਂ ਤੋੜਨ ਲਈ ਇਸਲਾਮ ਅਨੁਸਾਰ ਸ਼ੁਭ ਕੰਮ ਸਮਝ ਕੇ ਬਿਨਾ ਤਨਖਾਹ ਆ ਗਏ। ਮੁਲਤਾਨ ਦਾ ਰੇਗਿਸਤਾਨ ਪਾਰ ਕਰ ਕੇ ਮਹਿਮੂਦ ਅਜਮੇਰ ਪਹੁੰਚਿਆ ਅਤੇ ਇਸ ਸ਼ਹਿਰ ਨੂੰ ਬਿਨਾ ਕਿਸੇ ਮੁਕਾਬਲੇ ਤੋਂ ਜਿੱਤ ਕੇ ਤਬਾਹ ਕਰ ਦਿੱਤਾ।

ਸੋਮਨਾਥ ਦੇ ਮੰਦਿਰ ਦੁਆਲੇ ਇਸ ਦੀ ਰੱਖਿਆ ਲਈ ਦੀਵਾਰ ਬਣਾਈ ਹੋਈ ਸੀ। ਤਿੰਨ ਦਿਨ ਤੱਕ ਰਾਜਪੂਤ ਇਸ ਦੀ ਰੱਖਿਆ ਕਰਦੇ ਰਹੇ ਅਤੇ ਮਹਿਮੂਦ ਨੂੰ ਪਛਾੜ ਦਿੱਤਾ। ਆਖਰ, ਮਹਿਮੂਦ ਘੋੜੇ ਤੋਂ ਉਤਰਿਆ ਅਤੇ ਜ਼ਮੀਨ ਉਤੇ ਝੁਕ ਕੇ ਦੁਆ ਕੀਤੀ। ਦੁਬਾਰਾ ਘੋੜੇ ਉਥੇ ਚੜ੍ਹ ਕੇ ਆਪਣੇ ਜਰਨੈਲ ਅਬਦ ਹਸਨ ਦਾ ਹੱਥ ਫੜ ਕੇ ਆਖਿਆ ਕਿ ਖੁਦਾ ਨੇ ਉਸ ਨੂੰ ਜਿੱਤ ਦਾ ਅਸ਼ੀਰਵਾਦ ਦਿੱਤਾ ਹੈ ਅਤੇ ਉਚੀ ਆਵਾਜ਼ ਵਿਚ ਆਪਣੇ ਫੌਜੀਆਂ ਦਾ ਹੌਸਲਾ ਵਧਾ ਕੇ ਐਸੀ ਹੱਲਾਸ਼ੇਰੀ ਦਿੱਤੀ ਕਿ ਉਹ ਦੁਸ਼ਮਣ 'ਤੇ ਟੁੱਟ ਕੇ ਪੈ ਗਏ ਤੇ ਗੜ੍ਹੀ ਅੰਦਰ ਦਾਖਲ ਹੋ ਕੇ ਪੰਜ ਹਜ਼ਾਰ ਲੋਕ ਮਾਰ ਸੁੱਟੇ। ਬਾਕੀ ਦੇ ਕਿਸ਼ਤੀਆਂ ਵਿਚ ਸਵਾਰ ਹੋ ਕੇ ਸਮੁੰਦਰ ਵਿਚ ਠਿੱਲ੍ਹ ਪਏ। ਮੁਸਲਮਾਨਾਂ ਨੇ ਪਿੱਛਾ ਕਰ ਕੇ ਬਹੁਤ ਸਾਰੀਆਂ ਕਿਸ਼ਤੀਆਂ ਡੋਬ ਦਿੱਤੀਆਂ।

ਫਿਰ ਮਹਿਮੂਦ ਆਪਣੇ ਪੁੱਤਰਾਂ ਨਾਲ ਅੰਦਰ ਗਿਆ ਤਾਂ ਉਸ ਨੇ ਪੱਥਰ ਦੀ ਇਕ ਮੂਰਤੀ ਦੇਖੀ। ਉਸ ਨੇ ਡੰਡਾ ਮਾਰ ਕੇ ਉਸ ਦਾ ਨੱਕ ਤੋੜ ਦਿੱਤਾ। ਮੂਰਤੀ ਦੇ ਦੋ ਟੁਕੜੇ ਕਰ ਕੇ ਗਜ਼ਨੀ ਲੈ ਜਾਣ ਦਾ ਹੁਕਮ ਦਿੱਤਾ। ਗਜ਼ਨੀ ਲਿਜਾ ਕੇ ਇਕ ਟੁਕੜਾ ਵੱਡੀ ਮਸਜਿਦ ਦੇ ਮੁੱਖ ਦੁਆਰ ਦੇ ਫਰਸ਼ ਉਤੇ, ਅਤੇ ਦੂਜਾ ਆਪਣੇ ਦਰਬਾਰ ਦੇ ਮੁੱਖ ਦੁਆਰ ਉਤੇ ਰੱਖਣ ਦਾ ਹੁਕਮ ਦਿੱਤਾ ਤਾਂ ਕਿ ਆਉਣ ਜਾਣ ਵਾਲੇ ਇਨ੍ਹਾਂ ਉਤੇ ਪੈਰ ਰੱਖ ਕੇ ਲੰਘਣ। ਦੋ ਹੋਰ ਟੁਕੜੇ ਮੱਕਾ ਅਤੇ ਮਦੀਨਾ ਭੇਜੇ ਗਏ।



ਮਹਿਮੂਦ ਗਜ਼ਨਵੀ ਦਾ ਇਕ ਚਿੱਤਰ





(ਖੱਬੇ) ਮਹਿਮੂਦ ਗਜ਼ਨਵੀ ਵਲੋਂ ਢਹਿ ਢੇਰੀ ਕੀਤਾ ਸੋਮਨਾਥ ਮੰਦਿਰ ਅਤੇ (ਸੱਜੇ) ਆਜ਼ਾਦੀ ਪਿਛੋਂ ਬਣੇ ਸੋਮਨਾਥ ਮੰਦਿਰ ਦੀ ਨਵੀਂ ਇਮਾਰਤ

ਬ੍ਰਾਹਮਣਾਂ ਨੇ ਮਹਿਮੂਦ ਨੂੰ ਬੇਨਤੀ ਕੀਤੀ ਕਿ ਮੂਰਤੀ ਨਾ ਤੋੜੇ ਤੇ ਇਸ ਬਦਲੇ ਇੰਨਾ ਸੋਨਾ ਉਸ ਨੂੰ ਦੇਣ ਨੂੰ ਤਿਆਰ ਹਨ। ਉਸ ਦੇ ਅਹਿਲਕਾਰਾਂ ਨੇ ਵੀ ਸਲਾਹ ਦਿੱਤੀ ਕਿ ਬ੍ਰਾਹਮਣਾਂ ਦੀ ਇਹ ਬੇਨਤੀ ਮੰਨ ਲਈ ਜਾਵੇ, ਕਿਉਂਕਿ ਮੂਰਤੀ ਤੋੜਨ ਨਾਲ ਬੁੱਤ ਪੂਜਾ ਦਾ ਰਿਵਾਜ ਖਤਮ ਨਹੀਂ ਹੋਣਾ, ਪਰ ਮਹਿਮੂਦ ਨੇ ਕਿਹਾ ਕਿ ਆਉਣ ਵਾਲੀਆਂ ਨਸਲਾਂ ਉਸ ਨੂੰ ਮੂਰਤੀ ਵੇਚਣ ਵਾਲਾ ਆਖਣਗੀਆਂ। ਮੂਰਤੀ ਤੋੜੀ ਗਈ ਤਾਂ ਉਸ ਵਿਚੋਂ ਕੀਮਤੀ ਹੀਰੇ ਜਵਾਹਰਾਤ ਮਿਲੇ ਜਿਨ੍ਹਾਂ ਦੀ ਕੀਮਤ ਸੋਨੇ ਨਾਲੋਂ ਕਿਤੇ ਵੱਧ ਸੀ।

ਸੋਮਨਾਥ ਦੇ ਮੰਦਿਰ ਬਾਰੇ ਤਵਾਰੀਖ ਗੁਰੂ ਖਾਲਸਾ (ਭਾਸ਼ਾ ਵਿਭਾਗ, ਪੰਜਾਬ 1993) ਵਿਚ ਲਿਖਿਆ ਹੈ, "ਸੋਮਨਾਥ ਮੰਦਿਰ ਦੇ ਕਿਸੇ ਚਤੁਰ ਪਾਂਡੇ ਨੇ ਮੰਦਿਰ ਦੇ ਗੁੰਬਦ ਵਿਚ ਚਾਰ ਚੁੰਬਕੀ ਸਿਲਾਂ ਚੌਹੀਂ ਪਾਸੀਂ ਲਗਵਾ ਕੇ ਸ਼ਿਵ ਦੀ ਲੋਹੇ ਦੀ ਮੂਰਤੀ ਨੂੰ ਗੇਰੂਆ ਰੰਗ ਕਰਵਾ ਕੇ ਇਨ੍ਹਾਂ ਚੁੰਬਕੀ ਸਿਲਾਂ ਦੀ ਖਿੱਚ ਨਾਲ ਹਵਾ ਵਿਚ ਲਟਕਦੀ ਕਰ ਦਿੱਤੀ ਅਤੇ ਪ੍ਰਚਾਰ ਕਰ ਦਿੱਤਾ ਕਿ ਸ਼ਿਵ ਜੀ ਮਹਾਰਾਜ ਆਕਾਸ਼ ਮਾਰਗ ਤੋਂ ਆ ਕੇ ਮੰਦਿਰ ਦੇ ਅੰਦਰ ਅਚਰ ਆਸਨ (ਸਹਾਰੇ ਬਗੈਰ) ਲਗਾ ਕੇ ਬੈਠੇ ਹਨ। ਗੱਲ ਇਕ ਬੰਦੇ ਤੋਂ ਅੱਗੇ ਹਜ਼ਾਰਾਂ ਤੱਕ ਪਹੁੰਚਦੀ ਗਈ। ਲੋਕਾਂ ਨੇ ਆਪਣਾ ਧਨ ਇਸ ਮੂਰਤੀ ਅੱਗੇ ਰੱਖ ਕੇ ਸੁੱਖਾਂ ਸੁੱਖੀਆਂ। ਚੜ੍ਹਾਵੇ ਦੇ ਸੋਨੇ ਦੇ ਢੇਰਾਂ ਤੋਂ ਪਾਂਡਿਆਂ ਨੇ ਕੀਮਤੀ ਹੀਰੇ, ਨੀਲਮ, ਮੋਤੀ ਕੱਢ ਕੇ ਮੰਦਿਰ ਦੇ ਖੋਖਲੇ ਥੰਮ੍ਹਾਂ ਅਤੇ ਮੂਰਤੀਆਂ ਵਿਚ ਲੁਕਾ ਲਏ। ਪਾਂਡਿਆਂ ਦਾ ਇਹ ਫਰੇਬ ਦੇਸ਼ ਦੇ ਉਜਾੜੇ ਦਾ ਕਾਰਨ ਬਣਿਆ, ਉਦੋਂ ਹੀ ਇਹ ਕਹਾਵਤ ਬਣੀ, 'ਆਪ ਡੁਬੇਂਦੇ ਬ੍ਰਾਹਮਣਾਂ ਜਜ਼ਮਾਨ ਵੀ ਡੋਬੇ।' ਗਜ਼ਨੀ ਨੂੰ ਇਸ ਮੰਦਿਰ ਤੋਂ ਕਰੋੜਾਂ ਦਾ ਮਾਲ ਲੱਭਾ। ਉਸ ਨੇ 30 ਸਾਲਾਂ ਵਿਚ 17 ਹਮਲੇ ਕਰ ਕੇ ਹਿੰਦੁਸਤਾਨ ਲੁੱਟ-ਪੁੱਟ ਕੇ ਉਜਾੜ ਦਿੱਤਾ।"

ਮਥੁਰਾ ਸ਼ਹਿਰ ਦੇ 22 ਕੋਹ ਦੇ ਘੇਰੇ ਵਿਚ ਮੰਦਿਰ ਹੀ ਮੰਦਿਰ ਸਨ। ਇਕ ਵੱਡੇ ਮੰਦਿਰ ਬਾਰੇ ਮਹਿਮੂਦ ਲਿਖਦਾ ਹੈ ਕਿ ਜੇ ਅਸੀਂ ਕਰੋੜ ਮੋਹਰਾਂ ਖਰਚ ਕਰੀਏ ਤੇ ਪੰਜ ਸੌ ਕਾਰੀਗਰ ਸੌ ਬਰਸ ਲੱਗੇ ਰਹਿਣ ਤਾਂ ਵੀ ਅਜਿਹਾ ਮੰਦਿਰ ਬਣਨਾ ਮੁਸ਼ਕਿਲ ਹੈ। ਕੇਸ਼ਵ ਦੇ ਇਸ ਮੰਦਿਰ ਵਿਚੋਂ ਮਹਿਮੂਦ ਨੂੰ ਐਨਾ ਸੋਨਾ, ਹੀਰੇ, ਮੋਤੀ, ਮੂੰਗਾ, ਰੂਬੀ, ਲਾਲ ਫਿਰੋਜ਼ੇ ਮਿਲੇ ਕਿ ਸਾਰੀ ਫੌਜ ਹੀ ਮਾਲਾ-ਮਾਲ ਹੋ ਗਈ। ਦੋ-ਦੋ ਰੁਪਏ ਵਿਚ ਗੁਲਾਮ ਗਜ਼ਨੀ ਦੇ ਬਾਜ਼ਾਰਾਂ ਵਿਚ ਵਿਕਦੇ ਰਹੇ। ਇਸ ਦੇਸ਼ ਦੇ ਬੁੱਤ ਪੂਜ, ਬੁੱਤ ਹੀ ਬਣ ਗਏ।

ਮਥੁਰਾ ਦੇ ਹੀ ਇਕ ਤਿਲਕ ਨੂੰ ਮਹਿਮੂਦ ਨੇ ਆਪਣਾ ਸੈਨਾਪਤੀ ਬਣਾਇਆ ਸੀ। 'ਘਰ ਦਾ ਭੇਤੀ ਲੰਕਾ ਢਾਹੇ' ਵਾਲੀ ਗੱਲ ਹੋਈ। ਇਹ ਤਿਲਕ, ਮਹਿਮੂਦ ਲਈ ਬਹੁਤ ਕਾਰਗਰ ਸਾਬਤ ਹੋਇਆ, ਕਿਉਂਕਿ ਉਹੀ ਦੱਸਦਾ ਸੀ ਕਿ ਕਿਹੜੀਆਂ ਥਾਂਵਾਂ 'ਤੇ ਹਮਲਾ ਕਰ ਕੇ ਬਹੁਤਾ ਧਨ ਮਿਲੇਗਾ। ਜੇ ਪਾਂਡੇ ਗਲਤ ਪ੍ਰਚਾਰ ਨਾਲ ਧਨ ਇਕੱਠਾ ਨਾ ਕਰਦੇ ਤਾਂ ਦੇਸ਼ ਮਹਿਮੂਦ ਦੀ ਲੁੱਟ-ਖੁਸੱਟ ਤੋਂ ਬਚ ਸਕਦਾ ਸੀ ਅਤੇ ਮਰਦ, ਬੱਚੇ ਤੇ ਔਰਤਾਂ ਗਜ਼ਨੀ ਦੇ ਬਾਜ਼ਾਰਾਂ ਵਿਚ ਭੇਡ-ਬੱਕਰੀਆਂ ਵਾਂਗ ਨਾ ਵਿਕਦੇ। ਜੇ ਇਹ ਧਨ ਦੇਸ਼ ਵਾਸੀਆਂ ਦੀ ਭਲਾਈ ਲਈ ਖਰਚ ਹੁੰਦਾ ਰਹਿੰਦਾ ਤਾਂ ਵਿਦੇਸ਼ੀ ਹਮਲਾਵਰਾਂ ਨੇ ਗਰੀਬ ਦੇਸ਼ ਉਤੇ ਹਮਲਾ ਕਰਨ ਬਾਰੇ ਸੋਚਣਾ ਹੀ ਨਹੀਂ ਸੀ। ਉਹ ਹਿੰਦੁਸਤਾਨ ਨੂੰ ਸੋਨੇ ਦੀ ਚਿੜੀ ਸਮਝ ਕੇ ਹੀ ਹਮਲਾ ਕਰਦੇ ਸਨ।

ਬ੍ਰਾਹਮਣ ਜਨਤਾ ਨੂੰ ਅਨਪੜ੍ਹ ਰੱਖ ਕੇ ਆਪਣਾ ਉਲੂ ਸਿੱਧਾ ਕਰੀ ਜਾਂਦੇ ਸਨ। ਜੇ ਉਨ੍ਹਾਂ ਸਮਿਆਂ ਵਿਚ ਚੁੰਬਕ ਸ਼ਕਤੀ ਦਾ ਆਮ ਲੋਕਾਂ ਨੂੰ ਗਿਆਨ ਹੁੰਦਾ ਤਾਂ ਉਨ੍ਹਾਂ ਨੇ ਹਵਾ ਵਿਚ ਲਟਕ ਰਹੀ ਮੂਰਤੀ ਨੂੰ ਅਕਾਸ਼ ਮਾਰਗ ਤੋਂ ਆਈ ਨਹੀਂ ਸੀ ਸਮਝਣਾ। ਜੇ ਲੋਕ ਜਾਗ੍ਰਿਤ ਹੁੰਦੇ ਤਾਂ ਉਥੇ ਵੱਧ ਚੜ੍ਹਾਵੇ ਨਾ ਚੜ੍ਹਾਉਂਦੇ; ਫਿਰ ਨਾ ਖਾਲੀ ਮੰਦਿਰਾਂ ਉਤੇ ਹਮਲੇ ਹੁੰਦੇ ਅਤੇ ਨਾ ਹੀ ਬੇਗੁਨਾਹ ਲੋਕਾਂ ਦਾ ਕਤਲੇਆਮ ਹੁੰਦਾ।

ਹਿੰਦੁਸਤਾਨ ਦੀ ਤਵਾਰੀਖ ਵਿਚ ਸ਼ਹਿਨਸ਼ਾਹ ਔਰੰਗਜ਼ੇਬ ਦੇ ਔਗੁਣਾਂ ਅਤੇ ਹਿੰਦੂ ਪਰਜਾ ਉਤੇ ਜ਼ੁਲਮਾਂ ਦਾ ਬਹੁਤ ਜ਼ਿਕਰ ਮਿਲਦਾ ਹੈ। ਉਹ ਹਿੰਦੂ ਮੱਤ ਦੀਆਂ ਵਹਿਮਾਂ-ਭਰਮਾਂ ਵਿਚ ਪਾਉਣ ਵਾਲੀਆਂ ਰੀਤੀਆਂ ਤੋਂ ਆਪਣੇ ਆਖਰੀ ਸਾਹਾਂ ਤੱਕ ਦੂਰ ਰਿਹਾ। ਸਰ ਜਾਦੂ ਨਾਥ ਸਰਕਾਰ ਦੀ ਤਵਾਰੀਖ ਔਰੰਗਜ਼ੇਬ ਜਿਲਦ ਨੰਬਰ ਪੰਜ ਵਿਚ ਲਿਖਿਆ ਹੈ: 'ਵੀਰਵਾਰ 19 ਤਰੀਕ ਨੂੰ ਹਾਮਿਦ-ਉਦੀਨ ਖਾਂ ਨੇ ਜੋਤਸ਼ੀਆਂ ਦੀ ਸਲਾਹ ਨਾਲ ਇਕ ਅਰਜ਼ੀ ਸ਼ਹਿਨਸ਼ਾਹ ਦੇ ਪੇਸ਼ ਕੀਤੀ ਕਿ ਚਾਰ ਹਜ਼ਾਰ ਰੁਪਏ ਦਾ ਹਾਥੀ ਦਾਨ ਕਰਨ ਦੀ ਆਗਿਆ ਦਿੱਤੀ ਜਾਵੇ ਤਾਂ ਕਿ ਸ਼ਹਿਨਸ਼ਾਹ ਉਤੇ ਆਇਆ ਸੰਕਟ ਟਲ ਜਾਵੇ। ਔਰੰਗਜ਼ੇਬ ਨੇ ਇਸ ਅਰਜ਼ੀ ਉਤੇ ਲਿਖ ਦਿੱਤਾ-ਹਾਥੀ ਦਾਨ ਕਰਨਾ ਸਿਤਾਰਿਆਂ ਵਿਚ ਵਿਸ਼ਵਾਸ ਕਰਨ ਵਾਲੇ ਹਿੰਦੂ ਪੂਜਕਾਂ ਦਾ ਰਿਵਾਜ ਹੈ। ਇਸ ਦੀ ਬਜਾਏ ਮੁੱਖ ਕਾਜ਼ੀ ਨੂੰ ਚਾਰ ਹਜ਼ਾਰ ਰੁਪਏ ਦੇ ਦਿਓ, ਉਹ ਇਹ ਰਕਮ ਗਰੀਬਾਂ ਵਿਚ ਵੰਡ ਦੇਵੇ। ਇਹ ਸਰੀਰ ਤਾਂ ਮਿੱਟੀ ਦੀ ਢੇਰੀ ਹੈ, ਇਸ ਨੂੰ ਮਿੱਟੀ ਵਿਚ ਮਿਲਣ ਦਿਓ।'

## ਕਾਵਿ ਜਗਤ

### ਬਿਰਹੋਂ-ਰਿਸ਼ਤੇ !

ਅਸੀਂ ਰਿਸ਼ਤੇ ਬਣਾਉਂਦੇ ਫਨਾਹ ਹੋ ਗਏ।
ਉਹ ਤੇ ਰਿਸ਼ਤੇ ਮਿਟਾ ਕੇ ਖੁਦਾ ਹੋ ਗਏ।
ਜੋ ਵੀ ਰਸਮਾਂ ਦੇ ਰੱਸੇ ਹਿਫਾਜ਼ਤ ਬਣੇ,
ਉਹ ਵੀ ਬਿਰਹੋਂ 'ਚ ਸੜ ਕੇ ਸਵਾਹ ਹੋ ਗਏ।
ਬੰਦਾ ਜਿਉਂਦਾ ਸਵਾਰਥ ਹੀ ਅਪਨਾਂਵਦਾ।
ਅੱਖਾਂ ਚੋਭਣ ਲਈ ਦੂਜੇ ਦੇ ਕੰਮ ਆਂਵਦਾ।
ਜਿਨ੍ਹਾਂ ਅੱਖਾਂ 'ਚ ਹੰਝੂ ਵੀ ਸੁੱਕਦੇ ਰਹੇ,
ਉਨ੍ਹਾਂ ਅੱਖਾਂ 'ਤੇ ਕਾਹਤੋਂ ਫਿਦਾ ਹੋ ਗਏ।
ਇਹ ਧਰਤੀ ਤਾਂ ਪਾਲਣ ਦਾ ਮੰਗ ਕੇ ਕਰਜ,
ਸਦਾ ਚੇਤੇ ਕਰਾਉਂਦੀ ਨਿਭਾਉਣਾ ਫਰਜ।
ਉਸ ਕੁਰਬਾਨੀ ਦਾ, ਦੱਸੋ ਕੀ ਹੈ ਸਿਲਾ?
ਜਦੋਂ ਪਸ਼ੂਆਂ ਦੇ ਵਾਂਗੂ ਜਿਬਾਹ ਹੋ ਗਏ।

ਅਸੀਂ ਵੱਖਰਿਆਂ ਰਾਹਾਂ 'ਤੇ ਤੁਰਦੇ ਰਹੇ।
ਸਾਡੀ ਮੰਜ਼ਿਲ ਦੇ ਰਾਹ ਨਾ ਕਦੇ ਵੀ ਮਿਲੇ।
ਜੇ ਮਿਲੇ ਪੰਗਡੰਡੀਆਂ ਦੇ ਮਿਲਣ ਵਾਂਗ,
ਇੱਕ ਦੂਜੇ ਨੂੰ ਕੱਟ ਕੇ ਵਿਦਾ ਹੋ ਗਏ।
ਬੰਦ ਅੱਖਾਂ ਨੂੰ ਕਰ ਕੇ ਜੋ ਕਰਦੇ ਵਫਾ,
ਇਹ ਜ਼ਮਾਨਾ ਨਾ ਭੁੱਲਦਾ ਕਦੇ ਵੀ ਦਗਾ।
ਸੰਸਕਾਰਾਂ ਦੀ ਲੋਈ ਜੋ ਫਿਰਦੇ ਲਈ,
ਇਸ ਦੁਨੀਆਂ 'ਚ ਅੱਜ ਉਹ ਸਜ਼ਾ ਹੋ ਗਏ।

ਉਸ ਰਿਸ਼ਤੇ ਦਾ ਦੱਸੋ ਕੀ ਰੱਖੋਗੇ ਨਾਮ?
ਜਿਹੜਾ ਮੁਰਸ਼ਦ ਤੋਂ ਵਧ ਕੇ ਹੀ ਦੇਵੇ ਪੈਗਾਮ।
ਇਹ ਰਿਸ਼ਤੇ ਜੋ ਚਾਨਣ ਤੇ ਰਿਸ਼ਮਾਂ ਦੇ ਨੇ,
ਕਿਉਂ ਹਨੇਰੇ ਦੇ ਸਾਹਵੇਂ ਗੁਨਾਹ ਹੋ ਗਏ।
ਅਸੀਂ ਰਿਸ਼ਤੇ ਬਣਾਉਂਦੇ ਫਨਾਹ ਹੋ ਗਏ,
ਉਹ ਤੇ ਰਿਸ਼ਤੇ ਮਿਟਾ ਕੇ ਖੁਦਾ ਹੋ ਗਏ।
ਜੋ ਵੀ ਰਸਮਾਂ ਦੇ ਰੱਸੇ ਹਿਫਾਜ਼ਤ ਬਣੇ,
ਉਹ ਵੀ ਬਿਰਹੋਂ 'ਚ ਸੜ ਕੇ ਸਵਾਹ ਹੋ ਗਏ।

*-ਗੁਰਮੀਤ ਸਿੰਘ ਬਰਸਾਲ*

---

### ਦੋ ਮੁਹੱਲੇ-ਦੋ ਦਿਸ਼ਾਵਾਂ

ਇਕ ਮੁਹੱਲਾ 'ਰਤਨ ਨਗਰ' ਦਾ,
ਨਾ ਕੋਈ ਅਜਨਬੀ ਨਾ ਅਣਜਾਣ।
ਕਿਹੜੇ ਘਰ ਵਿਚ ਕੌਣ ਹੈ ਰਹਿੰਦਾ,
ਇਸ ਦੀ ਪੂਰੀ ਜਾਣ-ਪਛਾਣ।
ਖੁਸ਼ੀ ਗਮੀ ਦੀ ਸਾਂਝ ਬਥੇਰੀ,
ਇਕ ਦੂਜੇ 'ਤੇ ਕਰਦੇ ਮਾਣ।
ਰਲ-ਮਿਲ ਬੈਠ ਕੇ ਗੁਫਤਗੂ ਕਰਦੇ,
ਦੁੱਖ-ਸੁੱਖ ਆਪਣੇ ਫੋਲੀ ਜਾਣ।

ਇਕ ਮੁਹੱਲਾ 'ਸ਼ਾਰਲੈਟ' ਦਾ,
ਸਾਰੇ ਅਜਨਬੀ, ਸਭ ਅਣਜਾਣ।
ਕਿਹੜੇ ਘਰ ਵਿਚ ਕੌਣ ਹੈ ਰਹਿੰਦਾ,
ਨਹੀਂ ਕੋਈ ਇਸ ਦੀ ਜਾਣ-ਪਛਾਣ।
ਖੁਸ਼ੀ ਗਮੀ ਦੀ ਸਾਂਝ ਨਾ ਕੋਈ,
ਇਕ-ਦੂਜੇ 'ਤੇ ਕਾਹਦਾ ਮਾਣ?
ਕਦੇ-ਕਦਾਈਂ ਹੋਵੇ 'ਹੈਲੋ',
ਇਸ ਤੋਂ ਅੱਗੇ ਨਾ ਵਧੇ ਪਹਿਚਾਣ।

ਦੋਵੇਂ ਮੁਹੱਲੇ ਸਾਹਵੇਂ ਰੱਖ ਕੇ,
ਜਦ ਮੈਂ ਕੀਤੀ ਖੂਬ ਵਿਚਾਰ।
ਕਾਰਨ ਮੇਰੀ ਸਮਝ 'ਚ ਆਇਆ,
ਵੱਖਰਾ-ਵੱਖਰਾ ਸਭਿਆਚਾਰ।
ਸਾਂਝ ਬੋਲੀ ਦੀ ਬਹੁਤ ਹੈ ਵੱਡੀ,
ਬੋਲੀ ਰੱਬ ਦਾ ਇਕ ਉਪਹਾਰ।
ਸਾਂਝ-ਪਿਆਰ ਵਧਾਉਣ ਦੀ ਖਾਤਰ,
ਸਾਂਝ ਬੋਲੀ ਦੀ ਸਦਾ ਦਰਕਾਰ।

*-ਸੁਖਦੇਵ ਸਿੰਘ ਸ਼ਾਂਤ ਇੰਡੀਆਨਾ*
*ਫੋਨ: 317-406-0002*

---

### ਪਛਤਾਵਾ

ਬੜਾ ਪਛਤਾਇਆ ਰੁੱਖ
ਕੁਰਸੀ ਦੀ ਜੂਨ ਪੈ ਕੇ।
ਬਹਿ ਗਿਆ ਜਦ ਉਸ 'ਤੇ
ਇਕ ਬਦਨੀਤ ਨੇਤਾ!

*-ਅਵਤਾਰ ਸਿੰਘ ਹੰਸਰਾ*
*ਫੋਨ: 661-368-6572*

## ਵਿਅੰਗ

### ਬਰਾਬਰ ਹੱਕ

"ਵੇਖੋ ਜੀ ਅੱਜ ਕਲ ਮੁੰਡੇ-ਕੁੜੀਆਂ 'ਚ ਕੋਈ ਫਰਕ ਨਹੀਂ।" ਸਾਰੇ ਬੈਠੇ ਇਹ ਹੀ ਅਲਾਪ ਰਹੇ ਸਨ।

"ਅਸੀਂ ਤਾਂ ਭੈਣੋਂ ਆਪ ਮੁੰਡੇ-ਕੁੜੀ ਨੂੰ ਬਰਾਬਰ ਰੱਖਿਆ।" ਸ਼ਿਵਦੇਵ ਦੀ ਮਾਂ ਨੇ ਵੀ ਹਾਂ 'ਚ ਹਾਂ ਮਿਲਾਈ। ਸਾਰੇ ਨਾਨਕੇ-ਦਾਦਕੇ ਮੁੰਡੇ-ਕੁੜੀਆਂ ਦੇ ਬਰਾਬਰ ਹੱਕਾਂ ਦੀ ਹਾਮੀ ਭਰ ਰਹੇ ਸਨ।

"ਸ਼ੈਵੀ! ਬਣੀ ਕੋਈ ਤੇਰੀ?" ਬਲਬੀਰ ਨੇ ਪੈਗ ਅੰਦਰ ਸੁੱਟਦਿਆਂ ਭਤੀਜੇ ਵੱਲ ਟੇਢੀ ਅੱਖ ਕਰਕੇ ਪੁੱਛਿਆ।

"ਤਾਇਆ ਜੀ! ਵੱਟ ਡੂ ਯੂ ਮੀਨ 'ਬਣੀ'?

"ਲੈ ਕਿੰਨਾ ਭੋਲਾ ਬਣਦੈਂ।" ਮਾਮੇ ਨੇ ਟਿੱਚਰ ਕੀਤੀ।

"ਓਏ ਗਰਲ ਫਰੈਂਡ, ਹੋਰ ਕੀ?" ਚਾਚੇ ਨੇ ਗੱਲ ਸਿਰੇ ਲਾ ਦਿੱਤੀ।

"ਕਿਉਂ ਮੁੰਡੇ ਨੂੰ ਤੰਗ ਕਰਦੇ ਓਂ, ਬਣ ਜੂ ਅਜੇ ਛੇ ਮਹੀਨੇ ਤੇ ਹੋਏ, ਮੁੰਡੇ ਨੂੰ ਯੂਨੀਵਰਸਿਟੀ ਗਿਆਂ।" ਮਾਂ ਨੇ ਸਾਰਿਆਂ ਦੀ ਗੱਲ ਦਾ ਸਾਂਝਾ ਜਵਾਬ ਦਿੱਤਾ।

"ਆ ਜੋ ਗਾਇਜ਼! ਸਨੈਕਸ ਗੈਟਿੰਗ ਕੋਲਡ।" ਸ਼ੈਵੀ ਦੀ ਭੂਆ ਨੇ ਸਾਰੇ ਰਿਸ਼ਤੇਦਾਰਾਂ ਨੂੰ ਫੂਡ ਨਾਲ ਲੱਦੇ ਟੇਬਲ ਕੋਲ ਖੜ੍ਹ ਕੇ ਸੱਦਾ ਦਿੱਤਾ। ਸਾਰੇ ਖਾ ਕੇ ਫੇਰ ਆਪਣੀ ਆਪਣੀ ਜਗਾ ਹੱਥਾਂ 'ਚ ਗਲਾਸ ਲਈ ਬੈਠ ਗਏ। ਕੁੜੀਆਂ ਅਲੱਗ ਲਿਵਿਗ ਰੂਮ 'ਚ ਗੱਪਾਂ ਮਾਰਨ ਬੈਠ ਗਈਆਂ। ਪਰ ਸਿਮਰਨ ਦੇ ਕੰਨ ਬਾਹਰ ਆਪਣੇ ਛੋਟੇ ਭਰਾ ਸ਼ਵਿੰਦਰ ਨੂੰ ਹੋ ਰਹੇ ਮਜ਼ਾਕ ਮਜ਼ਾਕ 'ਚ ਗਰਲ ਫਰੈਂਡ ਦੀ ਪੁੱਛ ਵੱਲ ਟਿਕੇ ਹੋਏ ਸਨ। ਸਿਮਰਨ ਦਾ ਯੂਨੀਵਰਸਿਟੀ 'ਚ ਆਖਰੀ ਸਾਲ ਸੀ ਤੇ ਗਰਮੀਆਂ ਦੀਆਂ ਛੁੱਟੀਆਂ ਹੋਣ ਕਰਕੇ ਸਾਰੇ ਰਿਸ਼ਤੇਦਾਰ ਉਨ੍ਹਾਂ ਦੇ ਘਰ ਡਿਨਰ ਦੇ ਸੱਦੇ 'ਤੇ ਆਏ ਸਨ। ਮੁੰਡੇ-ਕੁੜੀਆਂ ਦੇ ਬਰਾਬਰ ਹੱਕਾਂ ਦੇ ਬਾਰੇ ਬਾਹਰੋਂ ਆ ਰਹੀਆਂ ਆਵਾਜ਼ਾਂ ਸੁਣ-ਸੁਣ ਸਿਮਰਨ ਆਪੇ ਤੋਂ ਬਾਹਰ ਹੋ ਗਈ ਤੇ ਕਮਰੇ 'ਚੋਂ ਬਾਹਰ ਨਿਕਲ ਕੜਕ ਕੇ ਬੋਲੀ, "ਕੀ ਬਰਾਬਰ ਹੋ ਗਿਆ? ਸਭ ਝੂਠ। ਮੈਨੂੰ ਚਾਰ ਸਾਲ ਹੋ ਗਏ ਯੂਨੀਵਰਸਿਟੀ 'ਚ, ਅੱਜ ਤੱਕ ਮੇਰੇ ਮਾਪਿਆਂ ਜਾਂ ਰਿਸ਼ਤੇਦਾਰਾਂ ਮੈਨੂੰ ਨਹੀਂ ਕਦੀ ਪੁਛਿਆ, ਬਈ ਬਣਿਆ ਤੇਰਾ ਵੀ ਕੋਈ...?"

ਸਭ ਦੇ ਬੁੱਲ ਸੀਤੇ ਗਏ ਜੋ ਹੁਣ ਤੱਕ ਬਰਾਬਰ ਹੱਕਾਂ ਦੇ ਦਮਗਜੇ ਮਾਰ ਰਹੇ ਸਨ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

# ਟੰਗ ਗਿਉਂ ਵਿਚ ਕਿੱਕਰਾਂ

***ਲਹਿੰਦੇ ਅਤੇ ਚੜ੍ਹਦੇ ਪੰਜਾਬ ਦੀ ਸਾਂਝ ਦੀਆਂ ਬਾਤਾਂ ਬਥੇਰੇ ਪੰਜਾਬੀ ਲਿਖਾਰੀਆਂ ਨੇ ਪਾਈ ਹੈ। ਸਿਆਸੀ ਆਗੂ, ਪਰ ਸਾਹਿਤ ਦੇ ਰਸੀਏ ਹਰਨੇਕ ਸਿੰਘ ਘੜੂੰਆਂ ਨੇ ਆਪਣੇ ਇਸ ਲੇਖ 'ਟੰਗ ਗਿਉਂ ਵਿਚ ਕਿੱਕਰਾਂ' ਵਿਚ ਇਸ ਸਾਂਝ ਨੂੰ ਦੋਸਤੀ ਦੇ ਵਰਕ ਵਿਚ ਵਲ੍ਹੇਟਦਿਆਂ ਕੁਝ ਗੱਲਾਂ-ਬਾਤਾਂ ਸਾਂਝੀਆਂ ਕੀਤੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ-ਬਾਤਾਂ ਵਿਚ ਇਕ-ਦੂਜੇ ਲਈ ਲਲ੍ਹਕ ਦੀਆਂ ਝਲਕਾਂ ਦੇ ਫੁੱਟ ਰਹੇ ਫੁਹਾਰੇ ਦਿਸਦੇ ਹੀ ਹਨ ਜੋ ਆਪ-ਮੁਹਾਰੇ ਤਾਂ ਹਨ ਹੀ, ਇਨ੍ਹਾਂ ਵਿਚ ਮੁਹੱਬਤਾਂ ਦੀਆਂ ਕਨਸੋਆਂ ਵੀ ਖੂਬ ਪੈਂਦੀਆਂ ਹਨ। -ਸੰਪਾਦਕ***



**ਹਰਨੇਕ ਸਿੰਘ ਘੜੂੰਆਂ**

ਗੱਲ ਮੇਰੇ ਆਪਣੇ ਪਿੰਡ ਤੋਂ ਸ਼ੁਰੂ ਹੁੰਦੀ ਹੈ, ਪਿੰਡ ਦੀ ਉਹ ਜਿਸ ਨਾਲ ਜੁੜੀਆਂ ਯਾਦਾਂ ਮੂਹਰੇ ਸਵਰਗ ਵੀ ਫਿੱਕਾ ਪੈ ਜਾਂਦਾ ਹੈ। ਅਤਿਵਾਦ ਦੇ ਦਿਨਾਂ ਵਿਚ ਥੋੜ੍ਹੇ ਸਮੇਂ ਲਈ ਪਿੰਡੋਂ ਪੈਰ ਪੁੱਟਣਾ ਪਿਆ ਸੀ, ਪਰ ਮੁੜ ਘਰ ਦੇ ਕੋਠੇ 'ਤੇ ਸੌਣਾ ਨਸੀਬ ਨਹੀਂ ਹੋਇਆ।

ਨਿੱਕੇ ਹੁੰਦਿਆਂ ਅਸੀਂ ਗਰਮੀਆਂ ਵਿਚ ਕੋਠੇ 'ਤੇ ਸੌਣਾ, ਘਰਾਂ ਵਿਚ ਟੀ.ਵੀ. ਤਾਂ ਦੂਰ ਦੀ ਗੱਲ, ਪਿੰਡਾਂ ਵਿਚ ਰੇਡੀਓ ਵੀ ਨਹੀਂ ਸਨ ਹੁੰਦੇ, ਪਰ ਜਿਸ ਦਿਨ ਜੰਞ ਬਰਾਤ ਆਉਣੀ, ਪਿੰਡ ਦੀ ਧਰਮਸ਼ਾਲਾ ਵਿਚ ਲੱਗਿਆ ਸਪੀਕਰ ਉਦੋਂ ਤਕ ਸੁਣਦੇ ਰਹਿਣਾ, ਜਦੋਂ ਤੱਕ ਸ਼ਰਾਬੀਆਂ ਨੇ ਛਿਤਰੋ-ਛਿਤਰੀ ਹੋ ਕੇ ਬੰਦ ਨਾ ਕਰਵਾ ਦੇਣਾ। ਕਿਸੇ ਕਿਸੇ ਦਿਨ ਖਲਵਾੜਿਆਂ ਦੇ ਦਿਨੀਂ ਇਕ ਹੋਰ ਵੰਨਗੀ ਸੁਣਨ ਨੂੰ ਮਿਲਦੀ। ਸਾਡੇ ਪਿੰਡ ਦਾ ਅਤਿ ਸੁਹਣਾ ਸੁਨੱਖਾ ਗੱਭਰੂ ਫਲ੍ਹਾ ਹੱਕਦਾ, ਕਲੀਆਂ ਲਾਉਂਦਾ ਹੁੰਦਾ ਸੀ। ਉਨ੍ਹਾਂ ਦੇ ਖੇਤ ਚੜ੍ਹਦੀ ਵਾਲੇ ਪਾਸੇ ਹੁੰਦੇ ਸਨ। ਟਿਕੀ ਹੋਈ ਰਾਤ ਵਿਚ ਜਦੋਂ ਉਸ ਨੇ ਕਲੀ ਲਗਾਉਣੀ, ਰਾਤ ਦੇ ਪਿੰਡੇ ਨੂੰ ਕੰਬਣੀ ਛਿੜ ਜਾਣੀ। ਉਹ ਪਿੰਡ ਦੀ ਕਿਸੇ ਔਰਤ ਨੂੰ ਮੁਹੱਬਤ ਕਰਦਾ ਸੀ। ਉਹ ਭਾਵੇਂ ਅੰਤਾਂ ਦਾ ਸੁਹਣਾ ਸੁਨੱਖਾ ਸੀ, ਪਰ ਜ਼ਮੀਨ ਥੋੜ੍ਹੀ ਹੋਣ ਕਰ ਕੇ ਉਸ ਦਾ ਰਿਸ਼ਤਾ ਨਹੀਂ ਸੀ ਹੋਇਆ। ਕਲੀ ਤੋਂ ਪਹਿਲਾਂ ਉਹ ਕਦੇ ਕਦੇ ਦੋਹਰਾ ਲਗਾਉਂਦਾ। ਜੇ ਤਾਂ ਉਸ ਦੀ ਦੋਸਤੀ ਠੀਕ-ਠਾਕ ਚੱਲ ਰਹੀ ਹੁੰਦੀ, ਉਸ ਦਾ ਦੋਹਰਾ ਹੁੰਦਾ ਸੀ:

ਉਚੇ ਬੁਰਜ ਲਾਹੌਰ ਦੇ  
ਨਾਰ ਸੁਕਾਵੇ ਕੇਸ।  
ਯਾਰ ਦਿਖਾਈ ਦੇ ਗਿਆ  
ਕਰ ਕੇ ਭਗਵਾਂ ਭੇਸ।

ਜੇ ਕਦੇ ਉਸ ਦਾ ਉਸ ਔਰਤ ਨਾਲ ਮਨ-ਮੁਟਾਵ ਹੋਇਆ ਹੁੰਦਾ, ਤਦ ਦੋਹਰਾ ਪੜ੍ਹਦਾ:

ਉਚੇ ਬੁਰਜ ਬਰੋਬਰ ਮੋਰੀ,  
ਦੀਵਾ ਕਿਸ ਬਿਧ ਧਰੀਏ।  
ਨਾਰ ਬੇਗਾਨੀ ਆਦਰ ਥੋੜ੍ਹਾ,  
ਗਲ ਲਗ ਕੇ ਮਰੀਏ।

ਉਨ੍ਹਾਂ ਦਿਨਾਂ ਵਿਚ ਭਾਵੇਂ ਮੈਨੂੰ ਮੁਹੱਬਤ ਦੀ ਇਬਾਰਤ ਸਮਝ ਨਹੀਂ ਸੀ ਆਉਂਦੀ, ਪਰ ਲਾਹੌਰ ਦੇ ਉਚੇ ਬੁਰਜ ਹਮੇਸ਼ਾ ਲਈ ਮੇਰੇ ਜ਼ਿਹਨ ਵਿਚ ਉਕਰੇ ਗਏ। ਜਿਉਂ ਹੀ ਮੈਂ ਪਾਕਿਸਤਾਨ ਜਾਣਾ ਸ਼ੁਰੂ ਕੀਤਾ, ਇਨ੍ਹਾਂ ਉਚੇ ਬੁਰਜਾਂ ਨੂੰ ਲੱਭਣ ਲਈ ਜਗ੍ਹਾ ਜਗ੍ਹਾ ਭਟਕਿਆ, ਤੇ ਕਿੰਨੇ ਹੀ ਵਿਦਵਾਨਾਂ ਨਾਲ ਰਾਬਤਾ ਕੀਤਾ, ਪਰ ਮੇਰੇ ਸਵਾਲ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਸੀ। ਕਿਸੇ ਸੱਜਣ ਨੇ ਦੱਸਿਆ, "ਉਚੇ ਬੁਰਜ ਲਾਹੌਰ ਦੇ ਕਿਲ੍ਹੇ ਅੰਦਰ ਹਨ।" ਕਿਲ੍ਹਾ ਸ਼ਹਿਰ ਵਿਚ ਸਭ ਤੋਂ ਉਚੀ ਥਾਂ 'ਤੇ ਹੈ। ਜਿਉਂ ਹੀ ਮੈਂ ਕਿਲ੍ਹੇ ਵਿਚ ਚਾਰੇ ਪਾਸੇ ਨਜ਼ਰਾਂ ਦੌੜਾਈਆਂ, ਕਿਧਰੇ ਬੁਰਜ ਨਜ਼ਰ ਨਹੀਂ ਆਏ। ਉਥੋਂ ਸਾਰਾ ਸ਼ਹਿਰ ਨਜ਼ਰ ਆਉਂਦਾ ਸੀ। ਨਾ ਹੀ ਸ਼ਹਿਰ ਵਿਚ ਹੋਰ ਕਿਧਰੇ ਉਚੇ ਬੁਰਜ ਸਨ। ਅਖੀਰ ਬੁਰਜਾਂ ਦੀ ਗੱਲ ਡਾਕਟਰ ਉਮਰ ਕੋਲ ਛੇੜੀ। ਉਸ ਨੇ ਝਟ ਜਵਾਬ ਦਿੱਤਾ, "ਇਹ ਸਾਰੀ ਜਗ੍ਹਾ ਜੋ ਬੁਰਜਾਂ ਦਾ ਜ਼ਿਕਰ ਆਉਂਦਾ ਹੈ, ਇਹ ਚਬੁਰਜੀ ਦੇ ਬੁਰਜਾਂ ਦਾ ਜ਼ਿਕਰ ਹੈ।" ਗੱਲ ਮੈਨੂੰ ਜਚ ਗਈ। ਕਿਸੇ ਵੇਲੇ ਚਬੁਰਜੀ ਦੇ ਬੁਰਜ ਬਹੁਤ ਉਚੇ ਹੁੰਦੇ ਸਨ, ਪਰ ਅੱਜ ਵੀ ਬਚ ਬਚਾਅ ਕੇ ਕਾਫੀ ਉਚੇ ਰਹਿ ਗਏ ਹਨ।

ਅਸਲ ਵਿਚ ਖਵਾਜ਼ਾ ਸਦੀਕ ਅਕਬਰ ਮੇਰੇ ਅਜਿਹੇ ਦੋਸਤ ਹਨ, ਜਿਨ੍ਹਾਂ ਦੀਆਂ ਲੱਤਾਂ ਉਚ ਅਧਿਕਾਰੀ ਹੋਣ ਕਾਰਨ ਪਾਕਿਸਤਾਨ ਦੀਆਂ ਏਜੰਸੀਆਂ ਦੇ ਸਾਹਮਣੇ ਭਰ ਚੁੱਕੀਆਂ ਸਨ। ਆਮ ਬੰਦੇ ਤਾਂ ਏਜੰਸੀਆਂ ਤੋਂ ਡਰਦੇ ਲਾਰੇ ਲਾ ਕੇ ਪਿੱਛੇ ਹੋ ਜਾਂਦੇ ਹਨ। ਕਿਸੇ ਵੇਲੇ ਖਵਾਜ਼ਾ ਸਦੀਕ ਅਕਬਰ ਮੀਆਂ ਨਵਾਜ਼ ਸ਼ਰੀਫ ਦੇ ਬਹੁਤ ਨੇੜੇ ਸੀ।

ਖਵਾਜ਼ਾ ਸਦੀਕ ਅਕਬਰ ਦੀ ਜ਼ਿੰਦਗੀ ਬੜੇ ਰੁਝੇਵਿਆਂ ਭਰੀ ਸੀ ਅਤੇ ਮੇਰੀ ਆਓ ਭਗਤ ਦੀ ਸਾਰੀ ਜ਼ਿੰਮੇਵਾਰੀ ਛੋਟੇ ਭਰਾ ਡਾਕਟਰ ਉਮਰ ਦੀ ਹੁੰਦੀ ਸੀ। ਇਸੇ ਤਰ੍ਹਾਂ ਉਹ ਵੀ ਮੇਰਾ ਦੋਸਤ ਬਣ ਗਿਆ। ਕਦੀ ਵਾਰ ਸਰਦੀਆਂ ਦੀਆਂ ਛੁੱਟੀਆਂ ਵਿਚ ਅਸੀਂ ਪਾਕਿਸਤਾਨ ਜਾਣ ਦਾ ਪ੍ਰੋਗਰਾਮ ਬਣਾ ਲੈਂਦੇ ਅਤੇ ਬਹੁਤੇ ਦਿਨ ਗੁਜਰਾਂਵਾਲੇ ਗੁਜ਼ਾਰਦੇ। ਇਨ੍ਹਾਂ ਦਿਨਾਂ ਵਿਚ ਹੀ ਮੇਰੀ ਬੇਟੀ ਸੋਨੂੰ ਦਾ ਜਨਮ ਦਿਨ ਆਉਂਦਾ ਜੋ ਬੜੇ ਚਾਅ ਨਾਲ ਮਨਾਇਆ ਜਾਂਦਾ। ਸਾਡੇ ਦੋਹਾਂ ਪਰਿਵਾਰਾਂ ਦੇ ਬੱਚੇ ਰਲ ਕੇ ਏਨਾ ਖਰਦਮ ਮਚਾਉਂਦੇ ਕਿ ਘਰ ਦੀ ਹਰ ਚੀਜ਼ ਸਵੇਰੇ ਖਿਲਰੀ ਨਜ਼ਰ ਆਉਂਦੀ। ਰਾਤ ਦਾ ਆਗਾਜ਼ ਹੁੰਦਿਆਂ ਹੀ ਅਸੀਂ ਕੋਠੀ ਦੇ ਬਾਹਰਲੇ ਵਿਹੜੇ ਵਿਚ ਬੈਠ ਜਾਂਦੇ, ਜੋ ਘਾਹ ਦੇ ਫੁੱਲਾਂ ਨਾਲ ਸਜਿਆ ਬੜਾ ਮਨਮੋਹਣਾ ਲੱਗਦਾ। ਹਰ ਰਾਤ ਕਿਸੇ ਨਾ ਕਿਸੇ ਕਲਾਕਾਰ ਨੂੰ ਬੁਲਾਇਆ ਜਾਂਦਾ। ਅੱਧੀ ਰਾਤ ਤੋਂ ਭਾਵ ਮੇਰਾ ਛਾਲਾਂ ਮਾਰਨ ਵਾਲੇ ਤੋਂ ਨਹੀਂ, ਉਹ ਲੋਕ ਜਿਨ੍ਹਾਂ ਨੂੰ ਰੱਬ ਨੇ ਗਲੇ ਦਿੱਤੇ ਹਨ ਅਤੇ ਜਿਨ੍ਹਾਂ ਉਸਤਾਦਾਂ ਦੀ ਚੰਡ ਖਾਧੀ ਹੈ, ਇਨ੍ਹਾਂ ਸਾਰਿਆਂ ਦਾ ਮੋਹਰੀ ਸੀ ਮਜੀਦ ਬੱਟ। ਮਜੀਦ ਬੱਟ ਦਾ ਸੰਗੀਤ ਨਾਲ ਪਾਗਲਪਨ ਦੀ ਹੱਦ ਤੱਕ ਲਗਾਓ ਸੀ। ਇਕ ਵਾਰ ਘਰੋਂ ਬਾਜ਼ਾਰ ਦਹੀਂ ਲੈਣ ਨਿਕਲਿਆ, ਅਖਬਾਰ ਵਿਚ ਖਬਰ ਪੜ੍ਹੀ, ਮਹਿੰਦੀ ਹਸਨ ਹਸਪਤਾਲ ਵਿਚ ਦਾਖਲ ਹੈ। ਉਹ ਉਥੋਂ ਸਿੱਧਾ ਲਾਹੌਰ ਮਹਿੰਦੀ ਹਸਨ ਕੋਲ ਪਹੁੰਚ ਗਿਆ। ਮਹਿੰਦੀ ਹਸਨ ਦੀ ਹਸਪਤਾਲੋਂ ਛੁੱਟੀ ਹੋਣ ਤੱਕ ਖਿਦਮਤ ਕਰਦਾ ਰਿਹਾ।

ਇਸੇ ਤਰ੍ਹਾਂ ਇਕ ਵੇਰ ਮਜੀਦ ਬੱਟ ਦਾ ਬਾਪੂ ਜਦੋਂ ਕਾਰ-ਵਿਹਾਰ ਤੋਂ ਵਾਪਸ ਆਇਆ, ਘਰੇ ਵਿਹੜੇ ਵਿਚ ਸੱਥਰ ਵਿਛਿਆ ਸੀ ਅਤੇ ਕਿੰਨੇ ਹੀ ਬੰਦੇ ਚੁੱਪ-ਚਾਪ ਬੈਠੇ ਸਨ। ਮਜੀਦ ਬੱਟ ਦੇ ਬਾਪੂ ਨੇ ਆਉਂਦਿਆਂ ਹੀ ਅੰਦਾਜ਼ਾ ਲਗਾਇਆ, ਨੇੜੇ ਦੇ ਕਿਸੇ ਰਿਸ਼ਤੇਦਾਰ ਦੀ ਮੌਤ ਹੋ ਗਈ ਹੈ। ਉਸ ਨੇ ਤਲਖੀ ਵਿਚ ਕਿਹਾ, "ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ? ਮੌਤ ਕਿਸ ਰਿਸ਼ਤੇਦਾਰ ਦੀ ਹੋਈ ਹੈ?" ਵਿਚੋਂ ਕਿਸੇ ਨੇ ਜਵਾਬ ਦਿੱਤਾ, "ਜੀ, ਮੌਤ ਕਿਸੇ ਰਿਸ਼ਤੇਦਾਰ ਦੀ ਨਹੀਂ, ਸਗੋਂ ਹਿੰਦੁਸਤਾਨ ਦੇ ਕਲਾਕਾਰ ਮੁਹੰਮਦ ਰਫ਼ੀ ਦੀ ਹੋਈ ਹੈ।" ਬਾਪ ਫਿਰ ਕੀ ਸੀ! ਮਜੀਦ ਬੱਟ ਦੇ ਬਾਪੂ ਨੇ ਸੋਟੀ ਲੈ ਕੇ ਸਾਰੇ ਕਲਾਕਾਰ ਭਾਈਚਾਰੇ ਨੂੰ ਕੁੱਟਾਪਾ ਚਾੜ੍ਹਨਾ ਸ਼ੁਰੂ ਕਰ ਦਿੱਤਾ। ਕਿਸੇ ਦੀ ਜੁੱਤੀ ਕਿਸੇ ਰਹਿ ਗਈ, ਕਿਸੇ ਦਾ ਪਰਨਾ। ਸਭ ਪਾਸੇ ਹਫੜਾ-ਦਫੜੀ ਮਚ ਗਈ। ਮਜੀਦ ਦੀਆਂ ਦੋ ਫੈਕਟਰੀਆਂ ਸੰਗੀਤ ਦੀ ਭੇਟ ਚੜ੍ਹ ਗਈਆਂ। ਅੱਜ ਕੱਲ੍ਹ ਉਸ ਦੀ ਘਰ ਵਿਚ ਕੋਈ ਪੁੱਛਗਿੱਛ ਨਹੀਂ ਅਤੇ ਫਕੀਰਾਂ ਦੀ ਜ਼ਿੰਦਗੀ ਜਿਉਂਦਾ ਹੈ। ਸੱਤੇ ਸੁਰਾਂ ਦਾ ਧਨੀ ਹੋਣ ਕਰ ਕੇ ਮਜੀਦ ਬੱਟ ਦਾ ਨਾਂ ਪੰਡਿਤ ਮਜੀਦ ਬੱਟ ਪੈ ਗਿਆ ਸੀ। ਡਾਕਟਰ ਉਮਰ ਵਰਗੇ ਸੱਜਣ ਉਸ ਨੂੰ ਹਜ਼ਾਰ ਦੋ ਹਜ਼ਾਰ ਰੁਪਏ ਦੇ ਦਿੰਦੇ। ਉਸ ਦਾ ਥੋੜ੍ਹਾ ਬਹੁਤ ਗੁਜ਼ਾਰਾ ਹੋ ਜਾਂਦਾ। ਜਦੋਂ ਮੈਂ ਪਹਿਲੀ ਵਾਰ ਪੰਡਿਤ ਮਜੀਦ ਬੱਟ ਨੂੰ ਸੁਣਿਆ, ਉਸ ਨੇ ਰਾਗ ਦਰਬਾਰੀ ਵਿਚ ਕੁਝ ਸਤਰਾਂ ਗੁਨਗੁਣਾਈਆਂ। ਸੁਣ ਕੇ ਮੇਰੇ ਅੰਦਰ ਕੁਝ ਹੋਣ ਲੱਗਾ। ਬੱਸ, ...। ਡਾਕਟਰ ਉਮਰ ਨੇ ਪੁੱਛਿਆ, "ਹਾਂ ਜੀ, ਕੈਸਾ ਲਗਾ ਪੰਡਿਤ ਜੀ ਕਾ ਕਲਾਮ।"

"ਬੱਸ ਜੀ ਬੜੇ ਗੁਲਾਮ ਅਲੀ ਖਾਨ ਤੋਂ ਬਾਅਦ ਪਹਿਲੀ ਵੇਰ ਇਹ ਚੀਜ਼ ਸੁਣਨ ਨੂੰ ਮਿਲੀ ਹੈ।" ਏਨਾ ਕਹਿਣ ਨਾਲ ਪੰਡਿਤ ਜੀ ਦੀਆਂ ਅੱਖਾਂ ਵਿਚ ਚਮਕ ਆ ਗਈ। ਆਮ ਕਰ ਕੇ ਡਾਕਟਰ ਉਮਰ ਨੂੰ ਮਜੀਦ ਬੱਟ ਮੇਰੇ ਗੁਜਰਾਂਵਾਲੇ ਆਉਣ ਬਾਰੇ ਪੁੱਛਦਾ ਰਹਿੰਦਾ।

ਜੇ ਕਿਸੇ ਦੋਸਤ ਨੇ ਪਾਕਿਸਤਾਨ ਜਾਣਾ ਹੁੰਦਾ, ਮੈਂ ਉਸ ਨੂੰ ਡਾਕਟਰ ਉਮਰ ਕੋਲ ਭੇਜਦਾ ਅਤੇ ਉਹ ਸਾਰੇ ਕੰਮ-ਕਾਰ ਛੱਡ ਕੇ ਹਰ ਜਗ੍ਹਾ ਘੁਮਾਉਂਦਾ ਫਿਰਾਉਂਦਾ। ਇਕ ਵੇਰਾਂ ਰੀਤਇੰਦਰ ਸਿੰਘ ਭਿੰਡਰ ਡਾਕਟਰ ਉਮਰ ਕੋਲ ਠਹਿਰੇ ਅਤੇ ਇਨ੍ਹਾਂ ਦਾ ਪੁਰਾਣਾ ਪਿੰਡ ਅਰੂਪ ਇਥੋਂ ਨੇੜੇ ਹੀ ਸੀ। ਇਨ੍ਹਾਂ ਨੇ ਆਪਣਾ ਪੁਰਾਣਾ ਪਿੰਡ ਵੇਖਣਾ ਸੀ। ਡਾਕਟਰ ਉਮਰ ਨੇ ਏਨੀ ਟਹਿਲ ਸੇਵਾ ਕੀਤੀ ਕਿ ਵਾਪਸੀ 'ਤੇ ਰੀਤਇੰਦਰ ਸਿੰਘ ਭਿੰਡਰ ਨੇ ਪੁੱਛਿਆ, "ਭਾਈ ਸਾਹਿਬ, ਇਹ ਹੀਰਾ ਕਿਸ ਖਾਣ ਵਿਚੋਂ ਲੱਭਿਆ ਜੇ।"

ਮੇਰੀ ਬੇਟੀ ਸੋਨੂੰ ਦੀ ਸ਼ਾਦੀ ਸੀ। ਤਾਰੀਖ ਮਿਥੀ ਗਈ। ਡਾਕਟਰ ਉਮਰ ਦੇ ਬੱਚੇ ਪਹਿਲੀ ਵੇਰ ਹਿੰਦੁਸਤਾਨ ਆ ਰਹੇ ਸਨ। ਉਨ੍ਹਾਂ ਤੋਂ ਚਾਅ ਨਹੀਂ ਸੀ ਚੁੱਕਿਆ ਜਾ ਰਿਹਾ। ਉਹ ਹਰ ਰਾਤ ਲੰਮੇ ਲੰਮੇ ਟੈਲੀਫੋਨ ਕਰਦੇ- "ਅਸੀਂ ਕੱਪੜੇ ਖਰੀਦ ਲਏ ਹਨ ਅਤੇ ਦਰਜ਼ੀ ਨੂੰ ਦੇ ਦਿੱਤੇ ਹਨ। ਦਰਜ਼ੀ ਨੇ ਏਨੇ ਦਿਨਾਂ ਦਾ ਸਮਾਂ ਦਿੱਤਾ ਹੈ।" ਹੋਰ ਕਿੰਨਾ ਕੁਝ ਦੱਸਦੇ ਰਹਿੰਦੇ। ਫਿਰ ਅਗਲੀ ਰਾਤ ਫੋਨ ਆਉਂਦਾ- "ਅੰਕਲ ਸਾਡੇ ਵੀਜ਼ਿਆਂ ਦਾ ਕੋਈ ਮਸਲਾ ਤਾਂ ਨਹੀਂ ਬਣ ਜਾਵੇਗਾ। ਸਾਡੇ ਅੱਬੂ ਕਿਤੇ ਪੜ੍ਹਾਈ ਦਾ ਬਹਾਨਾ ਬਣਾ ਕੇ ਛੱਡ ਕੇ ਤਾਂ ਨਹੀਂ ਜਾਣਗੇ।" ਮੇਰਾ ਇਕੋ ਜਵਾਬ ਹੁੰਦਾ- "ਬੇਟੇ ਵੀਜ਼ੇ ਤੋਂ ਲੈ ਕੇ ਅੱਬੂ ਤੱਕ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਮੇਰੀਆਂ ਹਨ।" ਮੇਰੀ ਗੱਲ ਸੁਣ ਕੇ ਝਟ ਸਾਰੇ ਬੱਚੇ ਬਾਗੋ-ਬਾਗ ਹੋ ਜਾਂਦੇ। ਮੈਂ ਬੱਚਿਆਂ ਦੀ ਬੇਕਰਾਰੀ ਦੇਖ ਕੇ ਸੋਚਦਾ, ਦੁਨਿਆਵੀ ਰਿਸ਼ਤਿਆਂ ਨਾਲੋਂ ਦਿਲ ਦੇ ਰਿਸ਼ਤੇ ਕਿੰਨੇ ਖਿੱਚ ਭਰਪੂਰ ਹੁੰਦੇ ਹਨ!

ਇਕ ਰਾਤ ਡਾਕਟਰ ਉਮਰ ਦੀ ਘਰਵਾਲੀ ਦਾ ਫੋਨ ਆਇਆ। ਉਸ ਨੇ ਆਪਣੀ ਤਿਆਰੀ ਦਾ ਜ਼ਿਕਰ ਕਰਦਿਆਂ ਦੱਸਿਆ, "ਸਾਡੀ ਪੂਰੀ ਤਿਆਰੀ ਹੋ ਗਈ ਹੈ। ਹੁਣ ਸੋਨੂੰ ਬੇਟੀ ਵਾਸਤੇ ਕੀ ਲਿਆਈਏ? ਇਹ ਦੱਸੋ।" ਸਾਡਾ ਇਕੋ ਜਵਾਬ ਸੀ- "ਸਾਡੇ ਵਾਸਤੇ ਤੁਹਾਡਾ ਆਉਣਾ ਹੀ ਬਹੁਤ ਹੈ।" ਕਈ ਵੇਰ ਪ੍ਰੋ. ਦੀਪਕ ਮਜ਼ਾਕ ਕਰਦਿਆਂ ਕਹਿੰਦਾ- "ਘੜੂੰਆਂ, ਮੇਲ ਏਧਰ ਨਾਲੋਂ ਪਾਕਿਸਤਾਨ ਤੋਂ ਜ਼ਿਆਦਾ ਹੈ।"

ਇਕ ਦਿਨ ਅਚਾਨਕ ਸਵੇਰ ਵੇਲੇ ਸਾਡੇ ਦੋਸਤ ਗੋਗੀ ਦਾ ਅੰਮ੍ਰਿਤਸਰ ਤੋਂ ਫੋਨ ਆਇਆ- "ਭਾਈ ਸਾਹਿਬ, ਤੁਹਾਨੂੰ ਬੁਰੀ ਖਬਰ ਦੇਣੀ ਹੈ।" ਪਲ ਭਰ ਲਈ ਮੇਰਾ ਸਾਹ ਰੁਕ ਗਿਆ।... "ਡਾਕਟਰ ਇਸ ਦੁਨੀਆ ਵਿਚ ਨਹੀਂ ਰਹੇ...।" ਕਾਫ਼ੀ ਦੇਰ ਮਨ ਨੂੰ ਯਕੀਨ ਨਹੀਂ ਆਇਆ। ਡਾਕਟਰ ਉਮਰ ਐਮ.ਬੀ.ਬੀ.ਐਸ. ਡਾਕਟਰ ਸੀ ਅਤੇ ਲੋਕਾਂ ਨੂੰ ਸਿਹਤ ਬਾਰੇ ਹਦਾਇਤਾਂ ਦਿੰਦਾ ਸੀ। ਉਹ ਏਨੀ ਜਲਦੀ ਕਿਵੇਂ ਦੁਨੀਆ ਤੋਂ ਜਾ ਸਕਦੇ ਹਨ। ਥੋੜ੍ਹੀ ਦੇਰ ਬਾਅਦ ਮੇਰੇ ਬੇਟੇ ਦੇ ਮੋਬਾਈਲ ਉਤੇ ਵਰਤੀ ਹੋਈ ਭਾਵੀ ਬਾਰੇ ਗੁਜਰਾਂਵਾਲੇ ਤੋਂ ਸੁਨੇਹਾ ਆਇਆ। ਘਰ ਵਿਚ ਸੰਨਾਟਾ ਛਾ ਗਿਆ। ਲਗਦਾ ਸੀ ਜਿਵੇਂ ਕੋਈ ਘਰ ਦਾ ਜੀਅ ਚਲਾ ਗਿਆ ਹੋਵੇ। ਗੁਜਰਾਂਵਾਲੇ ਗੱਲ ਵੀ ਕਰੀਏ ਤਾਂ ਕੀ ਕਰੀਏ। ਜੀਅ ਕਰੜਾ ਕਰ ਕੇ ਟੈਲੀਫੋਨ ਮਿਲਾਇਆ। ਅੱਗੇ ਸੁਣਨ ਵਾਲੇ ਦਾ ਜਵਾਬ ਸੀ- "ਜੀ ਸਰਦਾਰ ਸਾਹਿਬ, ਇਸ ਵੇਲੇ ਘਰ ਦਾ ਕੋਈ ਵੀ ਜੀਅ ਗੱਲ ਕਰਨ ਦੀ ਪੁਜੀਸ਼ਨ ਵਿਚ ਨਹੀਂ... ਬਰਾਏ ਮਿਹਰਬਾਨੀ ਕੁਝ ਦਿਨ ਠਹਿਰ ਕੇ ਟੈਲੀਫੋਨ ਕਰਨਾ।"

ਡਾਕਟਰ ਉਮਰ ਦੇ ਚਾਲੀਸੇ 'ਤੇ ਪਹੁੰਚਣਾ ਸੀ। ਰਾਤੀਂ ਸ਼ੇਖੂਪੁਰੇ ਠਹਿਰਿਆ ਅਤੇ ਉਥੋਂ ਗੁਜਰਾਂਵਾਲਾ ਘੰਟੇ ਦਾ ਰਸਤਾ ਸੀ। ਜਦੋਂ ਅਗਲੇ ਦਿਨ ਗੁਜਰਾਂਵਾਲੇ ਪਹੁੰਚਿਆ, ਲੋਕੀਂ ਇਕੱਠੇ ਹੋ ਰਹੇ ਸਨ। ਮੈਂ ਅੰਦਰ ਡਾਕਟਰ ਉਮਰ ਦੀ ਘਰਵਾਲੀ ਆਮਨਾ ਕੋਲ ਅਫ਼ਸੋਸ ਕਰਨ ਚਲਾ ਗਿਆ। ਮੁਸਲਮਾਨਾਂ ਵਿਚ ਵਿਧਵਾ ਤਿੰਨ ਮਹੀਨੇ ਤੱਕ ਕਿਸੇ ਪਰਾਏ ਮਰਦ ਦੇ ਮੱਥੇ ਨਹੀਂ ਲੱਗ ਸਕਦੀ। ਇਸ ਨੂੰ ਇੱਦਤ ਕਿਹਾ ਜਾਂਦਾ ਹੈ। ਮੇਰੇ ਨਾਲ ਮੇਰਾ ਦੋਸਤ ਰਾਜਨਬੀਰ ਸਿੰਘ ਸੀ ਜੋ ਮਰਹੂਮ ਖਜ਼ਾਨਾ ਮੰਤਰੀ ਬਲਵੰਤ ਸਿੰਘ ਦਾ ਲੜਕਾ ਹੈ। ਆਮਨਾ ਨੂੰ ਦੇਖ ਕੇ ਆਪਣੇ ਆਪ ਨੂੰ ਰੋਕਣ ਦੇ ਬਾਵਜੂਦ ਮੇਰੀ ਧਾਹ ਨਿਕਲ ਗਈ। ਕਿੰਨੀ ਦੇਰ ਮੈਂ ਉਚੀ ਉਚੀ ਰੋਂਦਾ ਰਿਹਾ। ਆਮਨਾ ਨੇ ਭਾਣਾ ਮੰਨ ਲਿਆ ਸੀ। ਉਹ ਮੈਨੂੰ ਸਮਝਾ ਰਹੀ ਸੀ- "ਵੀਰ ਮੇਰੇ, ਅਸੀਂ ਰੱਬ ਦੇ ਨਿਜ਼ਾਮ ਵਿਚ ਦਖਲ ਨਹੀਂ ਦੇ ਸਕਦੇ। ਤੂੰ ਵੀ ਦਿਲ ਕਰੜਾ ਕਰ।"

ਦੁਆ ਦਾ ਵਕਤ ਹੋ ਗਿਆ ਸੀ। ਮੌਲਵੀ ਨੇ ਫਾਤਿਹਾ ਪੜ੍ਹਨਾ ਸ਼ੁਰੂ ਕਰ ਦਿੱਤਾ। ਮੌਲਵੀ ਡਾਕਟਰ ਉਮਰ ਦਾ ਫਾਤਿਹਾ ਪੜ੍ਹਦਾ ਪੜ੍ਹਦਾ ਕਸ਼ਮੀਰ, ਚੇਚਨੀਆ ਅਤੇ ਫਲਸਤੀਨੀ ਮੁਸਲਮਾਨਾਂ ਦੀ ਗੱਲ ਕਰਨ ਲੱਗ ਪਿਆ। ਮੇਰੇ ਪਿੱਛੇ ਸਾਡਾ ਦੋਸਤ ਖਾਲਿਦ ਲੋਨ, ਮੌਲਵੀ 'ਤੇ ਗੁੱਸਾ ਕੱਢ ਰਿਹਾ ਸੀ- 'ਇਸ ਕੁੱਤੀ ਦੇ ਪੁੱਤ ਨੂੰ ਕੋਈ ਪੁੱਛੇ, ਡਾਕਟਰ ਉਮਰ ਦੀ ਦੁਆ ਨਾਲ ਕਸ਼ਮੀਰ, ਚੇਚਨੀਆਂ ਅਤੇ ਫਲਸਤੀਨੀ ਕਿਥੇ ਆ ਵੜੇ'। ਜਿਸ ਵਿਹੜੇ ਵਿਚ ਅਸੀਂ ਬੈਠੇ ਸਾਂ, ਕਦੇ ਸਾਰੀ ਸਾਰੀ ਰਾਤ ਇਥੇ ਮਹਿਫ਼ਲਾਂ ਜੁੜਦੀਆਂ ਸਨ। ਗੀਤਾਂ, ਸੰਗੀਤ ਹਾਸੇ ਠੱਠੇ ਇਸ ਵਿਹੜੇ ਕੋਲੋਂ ਰੁੱਸ ਗਏ ਸਨ। ਅੱਜ ਉਥੇ ਹੀ ਬੈਠੇ ਸੁਹਣੇ ਸੁਨੱਖੇ ਅਤੇ ਜਾਨ ਤੋਂ ਵੱਧ ਪਿਆਰੇ ਦੋਸਤ ਲਈ ਦੁਆ ਕਰ ਰਹੇ ਸਾਂ। ਨਾ ਕਦੇ ਜਾਣ ਵਾਲਿਆਂ ਨੇ ਆਉਣਾ ਸੀ ਅਤੇ ਨਾ ਹੀ ਕਦੇ ਮਜਲਸਾਂ ਜੁੜਨੀਆਂ ਸਨ। ਅੱਜ ਉਮਰ ਨਾਲ ਸਬੰਧਤ ਆਖਰੀ ਸੋਗਮਈ ਇਕੱਠ ਸੀ। ਸਾਰੇ ਲੋਕ ਸੋਗ ਵਿਚ ਡੁੱਬੇ ਸਨ। ਮੇਰੇ ਰੋਕਣ ਦੇ ਬਾਵਜੂਦ ਅੱਥਰੂ ਕਮੀਜ਼ 'ਤੇ ਡਿਗ ਰਹੇ ਸਨ। ਅਜੇ ਵੀ ਯਕੀਨ ਨਹੀਂ ਸੀ ਆ ਰਿਹਾ ਕਿ ਡਾਕਟਰ ਉਮਰ ਸਾਡੇ ਵਿਚ ਨਹੀਂ ਰਹੇ। ਬੱਸ ਮਨ ਸਮਝਾ ਕੇ ਦਿਲ ਦੇ ਦਰਦ ਨੂੰ ਰੋਕਿਆ ਜਾ ਸਕਦਾ ਸੀ। ਲੋਕ ਫਾਤਿਹਾ ਦਰੂਦ ਪੜ੍ਹ ਰਹੇ ਸਨ, ਪਰ ਮੇਰਾ ਫਾਤਿਹਾ ਮੀਆਂ ਮੁਹੰਮਦ ਬਖ਼ਸ਼ ਸਾਹਿਬ ਦੀਆਂ ਲਿਖੀਆਂ ਸਤਰਾਂ ਸਨ ਜਿਨ੍ਹਾਂ ਨੂੰ ਮੈਂ ਦਰਦ ਭਿੱਜੀਆਂ ਸੋਚਾਂ ਨਾਲ ਪੜ੍ਹ ਰਿਹਾ ਸੀ:

ਹੱਸਣ ਖੇਡਣ ਨਾਲ ਲੈ ਗਿਓਂ,  
ਸੁੱਟ ਗਿਓਂ ਵਿਚ ਫਿਕਰਾਂ।  
ਪਾਟੀ ਲੀਰ ਪੁਰਾਣੀ ਵਾਂਗੂੰ,  
ਟੰਗ ਗਿਓਂ ਵਿਚ ਕਿੱਕਰਾਂ।



***ਦੁਆ ਦਾ ਵਕਤ ਹੋ ਗਿਆ ਸੀ। ਮੌਲਵੀ ਨੇ ਫਾਤਿਹਾ ਪੜ੍ਹਨਾ ਸ਼ੁਰੂ ਕਰ ਦਿੱਤਾ। ਜਿਸ ਵਿਹੜੇ ਵਿਚ ਅਸੀਂ ਬੈਠੇ ਸਾਂ, ਕਦੇ ਸਾਰੀ ਸਾਰੀ ਰਾਤ ਇਥੇ ਮਹਿਫ਼ਲਾਂ ਜੁੜਦੀਆਂ ਸਨ। ਗੀਤਾਂ, ਸੰਗੀਤ ਹਾਸੇ ਠੱਠੇ ਇਸ ਵਿਹੜੇ ਕੋਲੋਂ ਰੁੱਸ ਗਏ ਸਨ। ਅੱਜ ਉਥੇ ਹੀ ਬੈਠੇ ਸੁਹਣੇ ਸੁਨੱਖੇ ਅਤੇ ਜਾਨ ਤੋਂ ਵੱਧ ਪਿਆਰੇ ਦੋਸਤ ਲਈ ਦੁਆ ਕਰ ਰਹੇ ਸਾਂ। ਨਾ ਕਦੇ ਜਾਣ ਵਾਲਿਆਂ ਨੇ ਆਉਣਾ ਸੀ ਅਤੇ ਨਾ ਹੀ ਕਦੇ ਮਜਲਸਾਂ ਜੁੜਨੀਆਂ ਸਨ। ਅੱਜ ਉਮਰ ਨਾਲ ਸਬੰਧਤ ਆਖਰੀ ਸੋਗਮਈ ਇਕੱਠ ਸੀ। ਸਾਰੇ ਲੋਕ ਸੋਗ ਵਿਚ ਡੁੱਬੇ ਸਨ। ਮੇਰੇ ਰੋਕਣ ਦੇ ਬਾਵਜੂਦ ਅੱਥਰੂ ਕਮੀਜ਼ 'ਤੇ ਡਿਗ ਰਹੇ ਸਨ। ਅਜੇ ਵੀ ਯਕੀਨ ਨਹੀਂ ਸੀ ਆ ਰਿਹਾ ਕਿ ਡਾਕਟਰ ਉਮਰ ਸਾਡੇ ਵਿਚ ਨਹੀਂ ਰਹੇ। ਬੱਸ ਮਨ ਸਮਝਾ ਕੇ ਦਿਲ ਦੇ ਦਰਦ ਨੂੰ ਰੋਕਿਆ ਜਾ ਸਕਦਾ ਸੀ।***

**ਅਨੋਖੇ ਬੰਦੇ**

# ਹਰੀ ਵਿਚੋਲਾ

**ਸੁਰਜੀਤ ਜੱਸਲ**  
**ਫੋਨ: 91-98146-07737**

ਮਧਰੇ ਕੱਦ ਦੇ ਹਰੀ ਨੂੰ ਪਿੰਡ ਵਾਲੇ 'ਵਿਚੋਲਾ' ਆਖ ਕੇ ਸੱਦਦੇ। ਕੋਈ ਵਿਚੋਲਾ ਆਖ ਦੇਵੇ ਤਾਂ ਹਰੀ ਆਪਣੀ ਚਿੱਟੀ ਦਾੜ੍ਹੀ ਨੂੰ ਇਉਂ ਪੋਚਣ ਲੱਗ ਜਾਂਦਾ, ਜਿਵੇਂ ਸਾਰੇ ਹੀ ਰਿਸ਼ਤੇ ਉਸ ਨੇ ਕਰਵਾਏ ਹੋਣ। ਇਕ ਗੱਲ ਜ਼ਰੂਰ ਸੀ ਕਿ ਹੋਰਨਾਂ ਵਿਚੋਲਿਆਂ ਨਾਲੋਂ ਹਰੀ ਸਿਰਮੌਰ ਸੀ।

ਉਂਜ ਹਰੀ ਨੇ ਚੜ੍ਹਦੀ ਜਵਾਨੀ ਹੀ ਘਰ ਛੱਡ ਕੇ ਗੁਰੂ-ਘਰ 'ਡਾਲੀ' ਦੀ ਸੇਵਾ ਕਰਨ ਲਗਿਆ। ਭਰਾ-ਭਰਜਾਈਆਂ ਨਾਲ ਔਖਾ-ਭਾਰਾ ਜਿਹਾ ਕਾਹਦਾ ਹੋਇਆ, ਉਸ ਨੇ ਚਾਦਰਾ ਮੋਢੇ 'ਤੇ ਧਰ ਚਾਲੇ ਪਾ ਦਿੱਤੇ। ਕੁਝ ਚਿਰ ਡੇਰੇ ਡਾਲੀ ਢੋਈ ਪਰ ਸਾਧ ਨਾਲ ਮੱਤ ਨਾ ਮਿਲਦੀ ਵੇਖ ਹਰੀ ਗੁਰਦੁਆਰੇ ਆ ਗਿਆ। ਹਰੀ ਨੂੰ ਭਾਈਆਂ ਵੰਡ ਪੂਰੇ 15 ਏਕੜ ਜ਼ਮੀਨ ਆਉਂਦੀ ਸੀ। ਵਰ੍ਹੇ-ਛਿਮਾਹੀ ਪਿੰਡ ਜਾ ਕੇ ਜ਼ਮੀਨ ਦੇ ਠੇਕੇ ਦਾ ਅੱਧ-ਪਚੱਧ ਲੈ ਆਉਂਦਾ। ਉਹ ਨਿਸ਼ਕਾਮ ਸੇਵਕ ਸੀ। ਡਾਲੀ ਢੋਣ ਦੀ ਤਨਖਾਹ ਤਾਂ ਕੀ ਲੈਣੀ ਸੀ ਸਗੋਂ ਆਪਣੇ ਪੱਲਿਓਂ ਵੀ ਗੁਰੂ-ਘਰ ਦੀ ਸੇਵਾ ਕਰੀ ਜਾਂਦਾ।

ਵਿਚੋਲਪੁਣੇ ਦਾ ਸ਼ੌਕ ਉਸ ਨੂੰ ਘਰ ਘਰ ਡਾਲੀ ਮੰਗਣ ਦੀ ਜਾਣ-ਪਛਾਣ ਨਾਲ ਪੈਦਾ ਹੋਇਆ। ਉਸ ਤੋਂ ਵੱਧ ਜਾਣਕਾਰੀ ਹੋਰ ਕਿਸ ਨੂੰ ਹੋ ਸਕਦੀ ਸੀ! ਉਮਰ ਦੇ ਹਿਸਾਬ ਨਾਲ ਉਸ ਨੂੰ ਵਿਚੋਲਪੁਣੇ ਦੇ ਸਾਰੇ ਦਾਅ-ਪੇਚ ਵੀ ਆਉਂਦੇ ਸਨ। ਦੂਜੀ ਗੱਲ, ਉਸ ਨੇ ਕਿਹੜਾ ਕੁਝ ਖਾਣਾ ਖੱਟਣਾ ਹੁੰਦਾ ਸੀ। ਬੱਸ ਇਕ ਲੋਕ ਸੇਵਾ ਹੀ ਹੁੰਦੀ ਸੀ। ਹਰੀ ਦੀ ਹੋਰ ਵਿਚੋਲਿਆਂ ਨਾਲੋਂ ਸਭ ਤੋਂ ਅਜੀਬ ਤੇ ਵਿਲੱਖਣ ਗੱਲ ਇਹ ਸੀ ਕਿ ਉਸ ਨੇ ਕਦੇ ਵਿਚੋਲਪੁਣੇ ਦੀ ਛਾਪ ਨਹੀਂ ਸੀ ਪੁਆਈ ਸਗੋਂ ਉਹ ਤਾਂ ਆਪਣੇ ਪੱਲਿਓਂ 'ਵਿਆਹੁਲੇ' ਨੂੰ ਮੁੰਦੀ ਪਾਉਂਦਾ, ਉਸ ਨੇ ਤਿੰਨ ਦਰਜਨ ਤੋਂ ਵੱਧ ਸਾਕ ਕਰਾਏ ਪਰ ਮਜਾਲ ਹੈ ਕਿਸੇ ਤੋਂ ਪੈਸਾ ਲਿਆ ਹੋਵੇ। ਸਗੋਂ ਸਰਦਾ-ਪੁੱਜਦਾ ਧੀ ਵਾਲਿਆਂ ਵਲੋਂ ਆਪ ਦਾਨ ਕਰਦਾ। ਹਰੀ ਦੇ ਕਰਵਾਏ ਰਿਸ਼ਤੇ ਦੀ ਤੰਦ ਬਹੁਤ ਮਜ਼ਬੂਤ ਹੁੰਦੀ। ਉਸ ਦੇ ਰਿਸ਼ਤਿਆਂ ਵਿਚ ਕਦੇ ਕੋਈ ਝਗੜਾ-ਕਲੇਸ਼ ਨਹੀਂ ਹੋਇਆ, ਨਾ ਹੀ ਕੋਈ ਰਿਸ਼ਤਾ ਟੁੱਟਣ ਦੀ ਨੌਬਤ ਆਈ। ਬੱਸ ਇਸੇ ਗੱਲ ਦਾ ਉਸ ਨੂੰ ਮਾਣ ਸੀ।

ਇਕ ਕਾਰਨ ਇਹ ਵੀ ਸੀ ਕਿ ਉਹ ਦੋਹਾਂ ਧਿਰਾਂ ਦੀ ਪੂਰੀ ਸਹਿਮਤੀ ਨਾਲ ਹੀ ਗੱਲ ਪਾਸ ਕਰਦਾ। ਕੋਈ ਓਹਲਾ ਨਹੀਂ ਸੀ ਰੱਖਦਾ। ਜੋ ਵੀ ਗੱਲ ਕਰਦਾ ਸਾਫ-ਸਪੱਸ਼ਟ ਕਰਦਾ, ਕਿਸੇ ਨੂੰ ਚੰਗੀ ਲੱਗੇ ਜਾਂ ਮਾੜੀ। ਗਰੀਬ ਘਰ ਦੀ ਕੁੜੀ ਹੁੰਦੀ ਤਾਂ ਵਿਆਹ ਦਾ ਬਹੁਤਾ ਖਰਚ ਉਹ ਆਪਣੇ ਸਿਰ ਓਟਦਾ। ਭਾਂਡੇ-ਠੀਕਰ ਤੋਂ ਲੈ ਕੇ ਪੱਖਾ, ਮਸ਼ੀਨ, ਮਧਾਣੀ, ਲੀੜਾ-ਕੱਪੜਾ ਹੋਰ ਨਿੱਕ-ਸੁੱਕ। ਆਪੇ ਵਿਆਹ ਦਾ ਦਿਨ ਕਢਾਉਣਾ ਤੇ ਆਪੇ ਗੁਰਦੁਆਰੇ ਭਾਈ ਜੀ ਤੋਂ ਚਾਰ ਲਾਵਾਂ ਪੜ੍ਹਾ ਕੇ ਦਰੋਂ ਤੋਰ ਦੇਣਾ। ਹਰੀ ਦੀ ਆਪਣੀ ਕੋਈ ਔਲਾਦ ਨਹੀਂ ਸੀ, ਇਸੇ ਕਰਕੇ ਗਰੀਬ ਘਰਾਂ ਦੀਆਂ ਧੀਆਂ-ਧਿਆਣੀਆਂ ਉਸ ਨੂੰ ਆਪਣੀਆਂ ਹੀ ਜਾਪਦੀਆਂ। ਵਿਆਹ ਉਸ ਨੂੰ ਸਾਦਗੀ ਵਾਲੇ ਹੀ ਚੰਗੇ ਲਗਦੇ। ਲਾਲਚੀ ਬੰਦੇ ਨਾਲ ਉਹ ਵਾਹ ਬਿਲਕੁਲ ਨਹੀਂ ਸੀ ਪਾਉਂਦਾ। ਅੱਜ ਦੇ 'ਦਲਾਲ' ਵਿਚੋਲਿਆਂ ਤੋਂ ਉਹ ਬਹੁਤ ਹੀ ਉਚਾ ਤੇ ਸੁੱਚਾ ਸੀ। ਉਹ ਨਿਸ਼ਕਾਮ ਸੇਵਕ ਸੀ, ਅੱਜ ਦੇ ਮੈਰਿਜ ਬਿਊਰੋ ਮਾਰਕਾ ਵਿਚੋਲਿਆਂ ਤੋਂ ਕਿਤੇ ਵੱਧ ਧਰਮੀ ਬੰਦਾ।

ਜ਼ਿੰਦਗੀ ਦਾ ਨਾਦ

# ਆਸ ਦੀ ਅਰਾਧਨਾ

*ਡਾ. ਗੁਰਬਖ਼ਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਦੇ ਸ਼ੁਦਾਈ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਦਾ ਕੇਂਦਰ ਮਾਂ ਹੁੰਦੀ ਹੈ। ਦਸ ਚੁਕੇ ਹਨ ਕਿ ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਜਦੋਂ ਬੱਚੇ ਵੱਡੇ ਹੋ ਕੇ ਪੰਛੀਆਂ ਵਾਂਗ ਉਡਾਰੀ ਮਾਰ ਜਾਂਦੇ ਹਨ ਤਾਂ ਮਾਪੇ ਉਨ੍ਹਾਂ ਦੀ ਕਾਮਯਾਬੀ 'ਤੇ ਖੁਸ਼ ਹੁੰਦੇ ਹਨ ਪਰ ਅੰਦਰੋਂ ਬੱਚਿਆਂ ਦਾ ਹੇਰਵਾ ਸਦਾ ਬਣਿਆ ਰਹਿੰਦਾ ਹੈ। ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਡਾ. ਭੰਡਾਲ ਨੇ ਸਵਾਲ ਕੀਤਾ ਸੀ ਕਿ ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਮਾਪਿਆਂ ਘਰੋਂ ਵਿਦਾ ਹੋਣ ਲੱਗੀ ਧੀ ਬਾਰੇ ਉਨ੍ਹਾਂ ਕਿਹਾ ਸੀ ਕਿ ਧੀ ਇਕ ਵਿਰਸਾ ਏ ਜੋ ਇਕ ਘਰ ਤੋਂ ਦੂਸਰੇ ਘਰ, ਇਕ ਸੋਚ ਤੋਂ ਦੂਸਰੀ ਸੋਚ, ਇਕ ਜੀਵਨ-ਜਾਚ ਤੋਂ ਦੂਸਰੀ ਜੀਵਨ-ਜਾਚ ਅਤੇ ਇਕ ਸੰਸਕਾਰ ਤੋਂ ਦੂਸਰੇ ਸੰਸਕਾਰ ਤੀਕ ਦਾ ਪੰਧ ਤੈਅ ਕਰਕੇ ਆਪਣੀ ਵੱਖਰੀ, ਨਰੋਈ ਅਤੇ ਵਿਲੱਖਣ ਪਛਾਣ ਸਿਰਜਣ ਦੀ ਪ੍ਰਕ੍ਰਿਆ ਆਰੰਭਦਾ ਏ। ਪਿਛਲੇ ਲੇਖ ਵਿਚ ਉਨ੍ਹਾਂ ਪਿੰਡਾਂ ਵਿਚ ਜੰਮੇ-ਪਲੇ ਪਾਠਕਾਂ ਨੂੰ ਪਿੰਡ ਦੀਆਂ ਨਿਆਮਤਾਂ ਚੇਤੇ ਕਰਵਾਈਆਂ ਸਨ ਕਿ ਖੂਹ ਦੇ ਔਲੂ 'ਚ ਕੋਸੇ ਪਾਣੀਆਂ ਵਿਚ ਲਾਈਆਂ ਡੁਬਕੀਆਂ ਦਾ ਕਿਵੇਂ ਘਰਾਂ ਦੀਆਂ ਟੂਟੀਆਂ 'ਚੋਂ ਟਪਕਦੇ ਪਾਣੀ ਸੰਗ ਇਸ਼ਨਾਨ ਦਾ ਮੁਕਾਬਲਾ ਕਰਦਾ ਹੋਵੇਗਾ? ਹਥਲੇ ਲੇਖ ਵਿਚ ਡਾ. ਭੰਡਾਲ ਨੇ ਆਸ ਦੀ ਗੱਲ ਕਰਦਿਆਂ ਦੱਸਿਆ ਹੈ ਕਿ ਆਸ ਵਿਹੂਣੇ ਮਨੁੱਖ, ਤਿੜਕੀ ਜ਼ਿੰਦਗੀ ਦੇ ਮਨਹੂਸ ਖੰਡਰਾਤ ਹੁੰਦੇ ਨੇ, ਜਿਨ੍ਹਾਂ ਲਈ ਜੀਵਨ, ਸੁੱਕਣੇ ਪਏ ਸਾਹਾਂ ਦੀ ਹਟਕੋਰੇ ਭਰਦੀ ਲੋਅ ਹੁੰਦਾ ਏ, ਜਿਸ ਦੀ ਲੰਮੀ ਅਉਧ ਕਿਆਸਣਾ ਵੀ ਅਕਾਰਥ ਹੁੰਦਾ ਏ। -ਸੰਪਾਦਕ*

ਆਸ, ਅੱਚਵੀ ਲੱਗੀ ਆਮਦ ਦੀ ਬੂਹੇ 'ਤੇ ਹੋਈ ਠਕੋਰ ਦਾ ਅਹਿਸਾਸ ਹੁੰਦੀ ਏ, ਜੋ ਕਦੇ ਵੀ ਦਸਤਕ ਬਣ ਕੇ ਦਰਾਂ 'ਚ ਸ਼ਗਨਾਂ ਦਾ ਤੇਲ ਵੀ ਚੋਂਦੀ ਏ ਅਤੇ ਨਵੇਂ ਨਕੋਰ ਚਾਵਾਂ ਦਾ ਨਿਉਂਦਰਾ ਵੀ ਪਾਉਂਦੀ ਏ।

ਆਸ, ਰੁੰਡ-ਮਰੁੰਡ ਦਰਖਤ ਦੇ ਸਿਰੇ 'ਤੇ ਉਗ ਰਹੀਆਂ ਕਰੂੰਬਲਾਂ ਦੀ ਕੋਮਲਤਾ ਦਾ ਸੁਨੇਹਾ ਹੁੰਦੀ ਏ, ਜਿਸ 'ਚੋਂ ਹਰੇ-ਭਰੇ ਦਰਖਤ ਦੀ ਹਿੱਕ 'ਤੇ ਪਾਏ ਆਲ੍ਹਣਿਆਂ 'ਚੋਂ ਸੰਗੀਤ ਦੀ ਝਰਨਾਹਟ ਅਤੇ ਸੰਘਣੀ ਛਾਂ ਹੇਠ ਸਜੀਆਂ ਮਹਿਫਿਲਾਂ ਦੇ ਝਲਕਾਰੇ ਤੇ ਚੌਗਿਰਦੇ 'ਚ ਵਸਦੇ ਗਰਾਂ ਦੇ ਨਜ਼ਾਰੇ ਜਿਹਾ ਭਵਿੱਖੀ ਸੁਪਨਾ ਸੱਚ 'ਚ ਵਟੀਂਦਾ ਨਜ਼ਰ ਆਉਂਦਾ ਏ।



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਆਸ, ਉਗਮਦੇ ਵਿਚਾਰਾਂ ਦੀ ਸੂਹੀ ਝਲਕ ਹੁੰਦੀ ਏ, ਉਚੇ ਦਿਸਹੱਦਿਆਂ 'ਤੇ ਪਹੁੰਚਣ ਦੀ ਲਲਕ ਹੁੰਦੀ ਏ, ਜਿਸ ਨੇ ਸਮਾਜ ਦੇ ਨਕਸ਼ ਨਿਹਾਰਨੇ ਹੁੰਦੇ ਨੇ।

ਆਸ, ਆਲ੍ਹਣਿਆਂ ਦੇ ਨਿੱਘ ਤੇ ਸਕੂਨ 'ਚੋਂ ਆਪਣੀ ਹੋਂਦ ਚਿਤਵਦੀ, ਫਿਜ਼ਾ 'ਚ ਆਪਣਾ ਸਰੂਪ ਫੈਲਾਉਂਦੀ ਏ ਅਤੇ 'ਵਾਵਾਂ ਦੇ ਕੰਨੀਂ ਮਹਿਕਦੇ ਅਹਿਸਾਸਾਂ ਦੇ ਬੁੰਦੇ ਪਾਉਂਦੀ ਏ।

ਆਸ ਦੀ ਧਰਾਤਲ 'ਤੇ ਸਮੁੱਚਾ ਜੀਵਨ ਵਿਚਰਦਾ ਏ। ਆਸ ਤੋਂ ਬਗੈਰ ਭਲਾ ਮਨੁੱਖ ਲਈ ਜਿਉਣ ਦਾ ਕਿਹੜਾ ਬਹਾਨਾ ਹੋਵੇਗਾ ਅਤੇ ਕੌਣ ਉਸ ਦੇ ਸੁਪਨਿਆਂ 'ਤੇ ਜੰਮੀ ਹੋਈ ਮੈਲ ਨੂੰ ਧੋ ਕੇ ਸੁਪਨਿਆਂ ਦੇ ਸੱਚ ਦਾ ਸੂਰਜ ਉਦੈ ਕਰੇਗਾ।

ਆਸ, ਆਦਮੀ ਦਾ ਆਹਰ ਬਣਦੀ ਏ, ਡਿਗਦੀ ਮਾਨਸਿਕ ਭਟਕਣਾ ਲਈ ਇਕ ਠਾਹਰ ਬਣਦੀ ਏ, ਪੈਰਾਂ 'ਚ ਪਈਆਂ ਬੇੜੀਆਂ ਤੋੜਦੀ ਏ ਅਤੇ ਗੋਦੜੀਆਂ 'ਚ ਲਿਸ਼ਕਦਾ ਕੋਹਿਨੂਰ ਬਣਦੀ ਏ। ਆਸ ਵਿਹੂਣੇ ਮਨੁੱਖ, ਤਿੜਕੀ ਜ਼ਿੰਦਗੀ ਦੇ ਮਨਹੂਸ ਖੰਡਰਾਤ ਹੁੰਦੇ ਨੇ, ਜਿਨ੍ਹਾਂ ਲਈ ਜੀਵਨ, ਸੁੱਕਣੇ ਪਏ ਸਾਹਾਂ ਦੀ ਹਟਕੋਰੇ ਭਰਦੀ ਲੋਅ ਹੁੰਦਾ ਏ, ਜਿਸ ਦੀ ਲੰਮੀ ਅਉਧ ਕਿਆਸਣਾ ਵੀ ਅਕਾਰਥ ਹੁੰਦਾ ਏ।

ਆਸ ਬਿਨਾ ਜੀਵਨ ਤੋਰ ਡਗਮਗਾ ਜਾਂਦੀ ਏ, ਸਿਸਕੀਆਂ ਦਾ ਕੁਸ਼ਗਨ, ਹੱਸਦੇ ਵਿਹੜਿਆਂ ਦੀ ਝੋਲੀ ਪਾ ਜਾਂਦੀ ਏ ਅਤੇ ਜੀਵਨ-ਡੋਰ ਦੀ ਕੰਨੀ ਹੱਥਾਂ 'ਚੋਂ ਖਿਸਕਾ ਜਾਂਦੀ ਏ। ਜੀਵਨ, ਇਕ ਅਕਾਊ ਅਤੇ ਅਰਥਹੀਣ ਪ੍ਰਤੀਤ ਹੁੰਦਾ ਏ। ਬੋਲਾਂ 'ਚ ਮਰਸੀਆ ਗੁਣਗਣਾਉਂਦਾ ਏ ਅਤੇ ਫਲਹੀਣ ਫਿਤਰਤ ਦਾ ਝੋਰਾ ਮਸਤਕ ਵਿਚ ਉਪਜਾਉਂਦਾ ਏ। ਨਿਰਾਸ਼ਾ ਦੇ ਅਬਦਾਲੀ ਨੂੰ ਹੁਸੀਨ ਸੁਪਨਿਆਂ ਦੀ ਸਲਤਨਤ ਲੁੱਟਣ ਦੀ ਇਜਾਜ਼ਤ ਨਾ ਦਿਉ। ਸੁਪਨੇ, ਜੋ ਤੁਹਾਡੀ ਮਿਹਨਤ ਦੇ ਮਾਣਕ-ਮੋਤੀ ਨੇ, ਜਿਨ੍ਹਾਂ ਸਦਕਾ ਜੀਵਨ ਦੇ ਵਿਹੜੇ 'ਚ ਵੀਰਾਨੀ, ਵਿਯੋਗ ਅਤੇ ਵਿਰਲਾਪ ਦਾ ਨਾਮੋ-ਨਿਸ਼ਾਨ ਮਿਟ ਜਾਂਦਾ ਏ ਅਤੇ ਜੋ ਸੁਘੜ ਸਿਆਣਪਾਂ ਦੀ ਧੂਣੀ ਧੁਖਾਉਂਦਾ ਏ।

ਮਰ ਗਈ ਆਸ ਦਾ ਵਿਕਰਾਲ ਰੂਪ, ਜੀਵਨ ਦੇ ਸੂਹੇ ਮੁੱਖ ਨੂੰ ਧੁਆਂਖਦਾ, ਅਰਥਾਂ ਦਾ ਅਨਰਥ ਕਰ ਦਿੰਦਾ ਏ। ਮਾਲਟਾ ਕਿਸ਼ਤੀ ਹਾਦਸੇ 'ਚ ਮਰਨ ਵਾਲਿਆਂ ਸੰਗ ਕਈਆਂ ਨੇ ਆਪਣੇ ਮਨਾਂ 'ਚ ਆਸਾਂ ਦੇ ਸਿਵੇ ਨੂੰ ਸੇਕਿਆ। ਆਸਾਂ, ਜੋ ਬੁਢਾਪੇ ਦੀ ਡੰਗੋਰੀ ਸਨ, ਮਾਂ ਦੀ ਮਿੱਠੜੀ ਲੋਰੀ ਸਨ, ਸੁਹਾਗ ਦੀਆਂ ਚੂੜੀਆਂ ਦਾ ਸੰਗੀਤ ਸਨ, ਸਖੀਆਂ ਸੰਗ ਗਾਏ ਮਹਿੰਦੀ ਦੇ ਗੀਤ ਸਨ, ਸਿਰਹਾਣੇ ਦੀ ਬਾਂਹ ਵਰਗਾ ਮਾਣ ਸਨ ਅਤੇ ਦਰਾਂ 'ਤੇ ਉਡੀਕਦੇ ਨੈਣਾਂ ਦੀ ਜ਼ੁਬਾਨ ਸਨ।

ਆਸ ਨੂੰ ਕਦੇ ਵੀ ਆਵਾਗੌਣ ਦੇ ਚੱਕਰਾਂ 'ਚ ਨਾ ਪਾਵੋ ਅਤੇ ਨਾ ਹੀ ਇਸ ਦੇ ਕੰਨਾਂ 'ਚ ਮਾਤਮ ਫੁਸਫਸਾਉ ਕਿਉਂਕਿ ਜਿਉਂਦੀ ਆਸ ਨਾਲੋਂ, ਮਰ ਗਈ ਆਸ ਵਧੇਰੇ ਖਤਰਨਾਕ ਹੁੰਦੀ ਏ, ਜਿਸ ਦੀ ਦਹਾੜਦੀ ਖੌਫਨਾਕਤਾ ਤੋਂ ਸਮਾਂ ਵੀ ਸਹਿਮ ਜਾਂਦਾ ਏ।

ਆਸ ਦੀਆਂ ਆਂਦਰਾਂ ਨੂੰ ਕਦੇ ਵੀ ਸੁੱਕਣੇ ਨਾ ਪਾਉ। ਇਸ ਦੀ ਭੁੱਖ ਅਤੇ ਦੁੱਖ ਦਾ ਅਹਿਸਾਸ ਮਨ 'ਚ ਪਾਲਦਿਆਂ, ਚੜ੍ਹਦੀ ਕਲਾ ਲਈ ਅਰਦਾਸ ਕਰੋ ਅਤੇ ਆਸ ਦੇ ਦੁਸ਼ਮਣਾਂ ਸੰਗ ਸੀਨਾ ਤਾਣ ਕੇ ਲੜੋ।

ਆਸ ਦੇ ਅੰਬਰ 'ਚ ਕਦੇ ਵੀ ਗ੍ਰਹਿਣਿਆ ਸੂਰਜ ਨਾ ਚੜ੍ਹਨ ਦਿਉ ਅਤੇ ਨਾ ਹੀ ਕਾਲੀਆਂ ਰਾਤਾਂ ਨੂੰ ਚਾਨਣੀਆਂ ਰਾਤਾਂ ਦੇ ਵਿਹੜੇ ਵੜਨ ਦਿਉ।

ਕਈ ਵਾਰ, ਕਈ ਭਲੇ ਪੁਰਸ਼, ਜਦੋਂ ਕਿਸੇ ਮਿੱਤਰ ਪਿਆਰੇ ਦੀ ਸਿਹਤ ਦਾ ਪਤਾ ਕਰਨ ਹਸਪਤਾਲ ਜਾਂ ਘਰ ਜਾਂਦੇ ਨੇ ਤਾਂ ਉਹ ਢਿੱਲੇ ਜਿਹੇ ਮੂੰਹ ਨਾਲ, ਉਸ ਦੀ ਡਿੱਗ ਰਹੀ ਸਿਹਤ ਦਾ ਰੁਦਨ ਕਰਦੇ, ਪਲ ਦਰ ਪਲ ਨੇੜੇ ਪਹੁੰਚ ਰਹੀ ਕਾਲਪਨਿਕ ਮੌਤ ਦੇ ਕੀਰਨੇ ਪਾਉਂਦੇ ਉਸ ਦੀ ਆਸ ਦੇ ਨਿੰਮੇ-ਨਿੰਮੇ ਦੀਵੇ ਨੂੰ ਅਚੇਤ ਤੌਰ 'ਤੇ ਬੁਝਾਉਣ ਦੀ ਕੋਸ਼ਿਸ਼ ਕਰਦੇ ਨੇ ਅਤੇ ਨਾ-



ਚਾਹੁੰਦਿਆਂ ਵੀ ਉਸ ਦੀ ਚੰਗੇਰੀ ਸਿਹਤ ਦੀ ਕਾਮਨਾ 'ਚ ਉਸ ਦੇ ਫੁੱਲ ਚੁੱਗਣ ਤੀਕ ਦੀਆਂ ਯੋਜਨਾਵਾਂ ਬਣਾਉਂਦੇ ਨੇ ਤੇ ਸਿਆਪਿਆਂ ਵਰਗੇ ਬੋਲਾਂ ਨੂੰ ਬਿਮਾਰ ਫਿਜ਼ਾ 'ਚ ਖਿੰਡਾਉਂਦੇ ਨੇ। ਜੇ ਅਸੀਂ ਕਿਸੇ ਦੀ ਮਿਜਾਜ਼-ਪੁਰਸ਼ੀ ਕਰਦਿਆਂ, ਉਸ ਦਾ ਧੀਰਜ ਬੰਨ੍ਹਾਉਂਦੇ ਹਾਂ, ਉਸ ਦੇ ਮਨ 'ਚ ਬਿਮਾਰੀ ਦਾ ਟਾਕਰਾ ਕਰਨ ਦਾ ਹੌਂਸਲਾ ਉਪਜਾਉਂਦੇ ਹਾਂ, ਉਸ ਦੀ ਸਿਹਤ ਨੂੰ ਆਤਮਿਕ ਮਜ਼ਬੂਤੀ ਦੀਆਂ ਥੰਮੀਆਂ 'ਤੇ ਟਿਕਾਉਂਦੇ ਹਾਂ ਤਾਂ ਬਿਮਾਰ ਬੰਦਾ ਆਪਣੀ ਬਿਮਾਰੀ ਨੂੰ ਕੁਝ ਸਮੇਂ ਲਈ ਵਿਸਾਰ, ਚੜ੍ਹਦੀ ਕਲਾ ਦਾ ਪ੍ਰਤੀਕ ਬਣਿਆ, ਰੋਗਾਣੂਆਂ ਨਾਲ ਲੜਨ ਦੀ ਹਿੰਮਤ ਜੁਟਾਉਂਦਾ ਏ। ਆਸ ਦਾ ਪੱਲਾ ਨਾ ਛੱਡਣ ਵਾਲੇ ਕਈ ਵਿਅਕਤੀਆਂ ਨੇ ਅਸਾਧ ਬਿਮਾਰੀਆਂ 'ਤੇ ਕਾਬੂ ਪਾ ਕੇ, ਡਾਕਟਰੀ ਵਿਗਿਆਨ ਨੂੰ ਮੂੰਹ 'ਚ ਉਂਗਲਾਂ ਪਾਉਣ ਲਈ ਮਜਬੂਰ ਵੀ ਕੀਤਾ ਏ।

ਆਸ ਦੇ ਅੱਥਰੇ ਘੋੜੇ ਨੂੰ ਹਮੇਸ਼ਾ ਲਗਾਮ ਦੇ ਕੇ ਰੱਖੋ ਕਿਉਂਕਿ ਜਦੋਂ ਅਸੀਂ ਸਿਰਫ ਆਸਾਂ ਦੇ ਮਹਿਲ ਮੁਨਾਰਿਆਂ ਦੀ ਉਸਾਰੀ 'ਚ ਰੁੱਝ ਕੇ ਅਸਲੀਅਤ ਤੋਂ ਮੁਨਕਰ ਹੋ, ਧਰਤ ਤੋਂ ਉਪਰ ਉਠ, ਅੰਬਰ ਨੂੰ ਕਲਾਵੇ 'ਚ ਲੈਣ ਦਾ ਭਰਮ ਪਾਲਾਂਗੇ ਤਾਂ ਡੂੰਘੀਆਂ ਨਿਵਾਣਾਂ ਦੀ ਤ੍ਰਾਸਦੀ, ਸਾਡਾ ਨਸੀਬ ਹੋਵੇਗੀ। ਆਸ ਤੇ ਮਿਹਨਤ ਦਾ ਸਾਵਾਂ ਅਨੁਪਾਤ ਰੱਖਣ ਵਾਲੇ ਹੀ, ਨਵੀਆਂ ਨਕੋਰ ਉਪਾਧੀਆਂ ਦੇ ਵਾਰਿਸ ਹੁੰਦੇ ਨੇ।

ਸਾਰੀਆਂ ਆਸਾਂ ਕਦੇ ਵੀ ਪੂਰੀਆਂ ਨਹੀਂ ਹੁੰਦੀਆਂ ਕਿਉਂਕਿ ਮਨੁੱਖ ਇਕ ਲਾਲਚੀ ਜੀਵ ਹੈ, ਜਿਹੜਾ ਕੁਝ ਆਸਾਂ ਪੂਰੀਆਂ ਹੋਣ 'ਤੇ ਨਵੀਆਂ ਆਸਾਂ ਤੇ ਉਮੰਗਾਂ ਦੀ ਸੂਚੀ, ਆਪਣੀ ਸੋਚ ਦੀ ਸਾਹਮਣੀ ਕੰਧ 'ਤੇ ਲਟਕਾ, ਨਵੀਂ ਭਟਕਣ ਦਾ ਸਿਰਲੇਖ ਬਣ ਜਾਂਦਾ ਏ। ਕਈਆਂ ਲਈ ਤਾਂ ਕੁਝ ਆਸਾਂ ਦੀ ਸੰਪੂਰਨਤਾ, ਸੰਤੁਸ਼ਟੀ ਦਾ ਪੈਗਾਮ ਹੁੰਦਾ ਏ, ਜਿਸ ਵਿਚ ਸਕੂਨ, ਸਹਿਜ ਤੇ ਸਫਲਤਾ ਦਾ ਵਰਦਾਨ ਹੁੰਦਾ ਏ।

ਸੰਪੂਰਨ ਆਜ਼ਾਦੀ, ਜਿਥੇ ਸਭ ਲਈ ਰੋਟੀ ਤੇ ਰੁਜ਼ਗਾਰ ਹੋਵੇ, ਕੋਈ ਅੱਖ ਨਾ ਰੋਵੇ, ਆਸਾਂ ਦੇ ਕੁਤਰੇ ਨਾ ਹੋਣ ਤੇ ਚਾਵਾਂ ਦੀਆਂ ਬੁਰਕੀਆਂ ਕੁੱਤੇ ਨਾ ਖਾਣ, ਦੀ ਆਸ 'ਚ ਆਜ਼ਾਦੀ ਪਰਵਾਨਿਆਂ ਦੀਆਂ ਭਟਕਦੀਆਂ ਰੂਹਾਂ, ਅਜੋਕੀ ਆਜ਼ਾਦੀ 'ਚੋਂ ਕਿਹੜੇ ਅਰਥ ਭਾਲਦੀਆਂ ਹੋਣਗੀਆਂ ਅਤੇ ਖਾਰੇ ਪਾਣੀਆਂ 'ਚ ਦੀਦੇ ਗਾਲਦੀਆਂ ਹੋਣਗੀਆਂ!

ਆਸ ਜਿੰਨਾ ਚਿਰ ਨਿਰਾਸ਼ ਨਹੀਂ ਕਰਦੀ, ਉਹ ਸਾਡੀ ਸਮਰੱਥਾ ਤੇ ਸੰਭਾਵਨਾ ਦੀ ਤਰਜ਼ਮਾਨ ਬਣੀ ਸਾਨੂੰ ਹੋਰ ਬੁਲੰਦੀਆਂ ਵੰਨੀ ਉਕਸਾਉਂਦੀ ਏ ਅਤੇ ਮਿਹਨਤ ਦੀ ਝੋਲੀ 'ਚ ਮਿੱਠੜੇ ਫਲ ਪਾਉਂਦੀ ਏ।

ਆਸ ਕਦੇ ਮਰਦੀ ਨਹੀਂ। ਪੋਤਿਆਂ ਵਾਲਾ ਬਾਬਾ, ਪੋਤਿਆਂ ਦੇ ਪੁੱਤਰਾਂ ਲਈ ਧਨ ਇਕੱਠਾ ਕਰਨ ਦੀ ਲਾਲਸਾ ਮਨ 'ਚ ਪਾਲਦਾ, ਉਨ੍ਹਾਂ ਦੇ ਵਿਆਹਾਂ ਦੀਆਂ ਤਰਕੀਬਾਂ ਵੀ ਘੜਦਾ ਰਹਿੰਦਾ ਏ, ਭਾਵੇਂ ਉਹ ਆਪ ਨਦੀ ਕਿਨਾਰੇ ਰੁੱਖੜੇ ਦੀ ਨਿਆਈਂ ਹੁੰਦਾ ਏ। ਅਸੀਂ ਭਾਰਤੀ ਆਪਣੀਆਂ ਪੀੜ੍ਹੀਆਂ ਲਈ ਸੁੱਖ-ਸਹੂਲਤਾਂ ਇਕੱਠੀਆਂ ਕਰਨ ਦੀ ਹੋੜ 'ਚ ਵਰਤਮਾਨ ਦੇ ਹਰ ਪਲ ਨੂੰ ਮਾਣਨ ਤੋਂ ਜ਼ਿੰਦਗੀ ਨੂੰ ਮਹਿਰੂਮ ਕਰੀ ਰੱਖਦੇ ਹਾਂ।

ਕਈ ਵਾਰ ਅਸੀਂ ਆਸ ਦੇ ਅਰਥਾਂ 'ਚ ਜ਼ਿੰਦਗੀ ਨੂੰ ਨਿਯਮਬੱਧ ਕਰਦੇ, ਜੀਵਨ ਦੀ ਸਾਰਥਕਤਾ ਹੀ ਮਿੱਥ ਬੈਠਦੇ ਹਾਂ। ਕੁੱਖ ਹਰੀ ਹੋਣ ਜਾਂ ਵਾਰਸ ਪੈਦਾ ਹੋਣ ਦੀ ਆਸ, ਜਿਥੇ ਔਰਤ ਦੀ ਜ਼ਿੰਦਗੀ ਦਾ ਸਰਬੋਤਮ ਸਰਮਾਇਆ ਅਤੇ ਕਰਮਯੋਗਤਾ ਦਾ ਕਮਾਲ ਸਮਝਿਆ ਜਾਂਦਾ ਸੀ, ਅਜੋਕੇ ਬਦਲੇ ਹੋਏ ਸੰਦਰਭ 'ਚ ਮਨ ਵਿਚ ਪਾਲੇ ਭਰਮ ਤੋਂ ਸਿਵਾਏ ਕੁਝ ਨਹੀਂ ਹੁੰਦਾ।

ਆਸ, ਅੱਥਰੇ ਘੋੜੇ ਦੀ ਆਵਾਰਗੀ ਨਹੀਂ, ਸਗੋਂ ਸਾਧੀ ਹੋਈ ਘੋੜੀ ਦੀ ਪੋਤਚਾਲ ਦਾ ਰਿਦਮ ਹੋਵੇ। ਕਾਗਜ਼ੀ ਫੁੱਲਾਂ ਦੀ ਮਰੀ ਹੋਈ ਮਹਿਕ ਨਹੀਂ, ਸਗੋਂ ਤਾਜ਼ੇ ਫੁੱਲਾਂ ਦੀ ਤਾਜ਼ਗੀ ਹੋਵੇ।

ਆਸ ਦੀ ਅਰਦਾਸ ਕਦੇ ਅਜਾਈਂ ਨਹੀਂ ਜਾਂਦੀ ਬਸ਼ਰਤੇ ਤੁਸੀਂ ਸੱਚੇ ਮਨ, ਸਪੱਸ਼ਟ ਵਿਚਾਰ ਤੇ ਪੂਰਨ ਸੁਹਿਰਦਤਾ ਨਾਲ, ਇਸ ਦੀ ਬੰਦਗੀ 'ਚ ਲੀਨ ਹੋ ਜਾਵੋ ਅਤੇ ਖੁਦ ਦੀ ਹੈਸੀਅਤ ਮਿਟਾਵੋ ਤੇ ਹਉਮੈ ਦੇ ਰੋਗ 'ਤੇ ਕਾਬੂ ਪਾਵੋ।

ਆਸ ਦੀ ਅਹਿਰਨ 'ਤੇ ਸਿਰੜ ਦੇ ਹਥੌੜੇ ਨਾਲ ਅਸੀਂ ਕਿਸਮਤ ਦੀਆਂ ਰੇਖਾਵਾਂ ਨੂੰ ਨਵੀਂ ਦਿੱਖ ਪ੍ਰਦਾਨ ਕਰਦੇ, ਇਸ ਦੇ ਉਘੜਵੇਂ ਨਕਸ਼ਾਂ 'ਚੋਂ ਸੁਚਾਰੂ ਤੇ ਉਸਾਰੂ ਜ਼ਿੰਦਗੀ ਦੀ ਤਲਾਸ਼ ਕਰ ਸਕਦੇ ਹਾਂ ਅਤੇ ਹਥੇਲੀ 'ਤੇ ਸਫਲਤਾ ਦਾ ਮਿੱਠੜਾ ਮੇਵਾ ਧਰ ਸਕਦੇ ਹਾਂ।

ਨਵੀਆਂ ਪ੍ਰਾਪਤੀਆਂ ਦੀ ਹਰ ਧਰਾਤਲ 'ਤੇ ਹੁੰਦੀ ਏ ਇਕ ਆਸ, ਜੋ ਜ਼ਿੰਦਗੀ ਦੀਆਂ ਤਰਜੀਹਾਂ ਤਬਦੀਲ ਕਰਨ ਦੇ ਸਮਰੱਥ ਹੁੰਦੀ ਏ। ਹਰ ਪ੍ਰੀਖਿਆ 'ਚ ਵਧੀਆ ਨੰਬਰ ਪ੍ਰਾਪਤ ਕਰਨ ਦੀ ਆਸ 'ਚ, ਵਿਦਿਆਰਥੀ ਨੀਂਦ ਹੰਗਾਲਦਾ, ਅੱਧੀ ਰਾਤ ਦਾ ਜੁਗਨੂੰ ਬਣਿਆ, ਗਿਆਨ ਨਾਲ ਸੰਵਾਦ ਰਚਾਉਂਦਾ ਏ। ਦਰਿਆ ਨੂੰ ਪਾਰ ਕਰਨ ਦੀ ਆਸ 'ਚ ਹੀ ਤਾਰੂ ਛੱਲਾਂ ਸੰਗ ਜ਼ੋਰ ਅਜ਼ਮਾਈ ਕਰਦੇ ਨੇ, ਉਚਾ ਉਡਣ ਦੀ ਆਸ 'ਚ ਹੀ ਰਾਈਟ (ਮਰਜ਼ਪੀਵ) ਭਰਾਵਾਂ ਨੇ ਹਵਾਈ ਜਹਾਜ਼ ਦੀ ਖੋਜ ਨੂੰ ਸੰਭਵ ਬਣਾਇਆ ਅਤੇ ਮਾਰਕੋਨੀ ਦੀ ਬਿਨਾ ਤਾਰ ਤੋਂ ਸਿਗਨਲ ਭੇਜਣ ਦੀ ਰੀਝ 'ਚੋਂ ਹੀ ਉਪਜੀ ਸੀ ਵਾਇਰਲੈਸ ਟੈਲੀਗ੍ਰਾਫੀ।

ਆਸ ਨਾਲ ਹੀ ਚੜ੍ਹਦਾ ਏ ਹਰ ਦਿਨ, ਹਰ ਪਹਿਰ ਅਤੇ ਹਰ ਘੜੀ। ਸੁੱਖ ਦੀ ਆਸ ਦਾ ਪੱਲੂ ਫੜ ਕੇ ਹੀ ਅਸੀਂ ਦੁੱਖਾਂ ਦੇ ਸਮੁੰਦਰਾਂ ਦੀ ਡੂੰਘਾਈ ਨਾਪਦੇ ਹਾਂ, ਤਾਂਘੜਦੇ ਤੂਫਾਨਾਂ ਲਈ ਫੌਲਾਦੀ ਦੀਵਾਰ ਬਣਦੇ ਹਾਂ, ਗਮਾਂ ਦੀ ਚਰਖੀ 'ਤੇ ਪੀੜ ਦੇ ਲੰਮੇ-ਲੰਮੇ ਤੰਦ ਪਾਉਂਦੇ ਹਾਂ ਅਤੇ ਹਉਕਿਆਂ ਦੀ ਧੁੱਪ 'ਚ ਜ਼ਿੰਦਗੀ ਨੂੰ ਸੁੱਕਣੇ ਪਾਉਂਦੇ ਹਾਂ।

ਨਿੱਕੀਆਂ ਆਸਾਂ ਜ਼ਿਆਦਾ ਫਲਦੀਆਂ ਨੇ, ਉਨ੍ਹਾਂ ਦਾ ਭਵਿੱਖ ਸੁਨਹਿਰੀ ਹੁੰਦਾ ਏ ਜਦਕਿ ਵੱਡੀਆਂ ਆਸਾਂ ਦੀ ਪੁਲਾਂਘ, ਲੰਮੇ ਦਾਈਏ ਬੰਨਦੀ, ਕਈ ਵਾਰ ਖਾਈ ਦਾ ਨਸੀਬ ਵੀ ਬਣਦੀ ਏ। ਆਸ ਦੀ ਅਰਾਧਨਾ ਕਰੋ। ਆਸ, ਜਿਸ ਵਿਚ ਸਾਂਝੀਵਾਲਤਾ ਪ੍ਰਫੁਲਿਤ ਹੋਵੇ, ਮਜ਼ਦੂਰ ਦਾ ਮੁੜ੍ਹਕਾ, ਮਹਿਲਾਂ ਦੀ ਨੀਂਹ ਨਾ ਬਣੇ, ਸ਼ੀਹਾਂ ਤੇ ਸੰਤਾਂ ਦਾ ਬਿੰਬ ਨਾ ਉਲਝੇ, ਅਬਲਾ ਦੀਆਂ ਆਂਦਰਾਂ ਤੰਦੂਰ 'ਚ ਭੁੰਨੀਆਂ ਨਾ ਹੋਣ, ਬੋਲਾਂ 'ਚ ਸੰਤਾਪ ਨਾ ਸਮਾਵੇ ਅਤੇ ਹਰ ਸਾਹ ਹੀ ਮਹਿਕਾਂ ਦੇ ਸੰਧਾਰੇ ਵਰਗਾ ਸੁਖਨ ਹੰਢਾਵੇ।

ਹਰ ਰਾਤ ਦੇ ਚੌਥੇ ਪਹਿਰ ਸੂਰਜ ਦੇਵਤਾ ਦਸਤਕ ਦੇ ਕੇ ਵਿਹੜੇ 'ਚ ਚਾਨਣ ਖਿੰਡਾਉਣ ਦੀ ਆਸ ਪੂਰੀ ਕਰਦਾ ਏ ਅਤੇ ਤ੍ਰੇਲ ਭਿੱਜੀ ਸਰਘੀ ਬਰੂਹਾਂ ਦੀ ਨਜ਼ਰ ਕਰਦਾ ਏ। ਮੱਸਿਆ ਦੀ ਰਾਤ ਦੀ ਆਸ 'ਚ ਪੁੰਨਿਆਂ ਦਾ ਚੰਦਰਮਾ ਅੰਬਰ ਦੇ ਵਿਹੜੇ ਨੂਰ ਖਿਲਾਰ, ਸੁੰਦਰਤਾ ਦਾ ਵਸੀਹ ਮੁਜੱਸਮਾ ਸਭ ਦੀ ਨਦਰਿ ਕਰਦਾ ਏ ਤੇ ਚਕੋਰੀ ਦੀ ਆਸ 'ਚ ਚੰਨ ਦਾ ਮਿਲਣ ਫਲਦਾ ਏ।

ਆਸ ਦੀ ਆਸਥਾ 'ਚ ਜੀਵਨ ਦਾ ਅੰਗ-ਸੰਗ ਮੌਲਦਾ ਏ, ਖੁਸ਼ਗਵਾਰ ਮੌਸਮ, ਸਾਹਾਂ 'ਚ ਮਹਿਕ ਘੋਲਦਾ ਏ, ਬੋਲਾਂ 'ਚ ਮਿਠਾਸ ਰਚਦੀ ਏ ਅਤੇ ਕਦਮਾਂ 'ਚ ਨਵੀਆਂ ਮੰਜ਼ਿਲਾਂ ਦੀ ਪੈੜ ਨੱਚਦੀ ਏ। ਆਸ ਦੇ ਦੀਵਿਆਂ ਦੀ ਡਾਰ, ਘਰ ਦੇ ਬਨੇਰਿਆਂ ਨੂੰ ਭਾਗ ਲਾਉਂਦੀ ਏ। ਪ੍ਰਾਤ 'ਚੋਂ ਆਟਾ ਭੁੜਕਦਾ ਏ, ਬਨੇਰੇ 'ਤੇ ਬੋਲਦਾ ਕਾਂ ਪ੍ਰਾਹੁਣਿਆਂ ਦੀ ਆਮਦ ਦਾ ਪ੍ਰਤੀਕ ਬਣਦਾ ਏ ਅਤੇ ਆਉਣ ਵਾਲੇ ਮਹਿਮਾਨ ਚੌਂਕੇ ਨੂੰ ਭਾਗ ਲਾਉਂਦੇ ਨੇ।

ਆਸ ਵਿਚਲੀ ਆਦਮੀਅਤਾ ਮਨੁੱਖ ਨੂੰ ਮਨੁੱਖ ਦੇ ਨੇੜੇ ਲਿਆਉਂਦੀ ਏ, ਆਦਮੀ ਤੋਂ ਇਨਸਾਨ ਤੀਕ ਦੇ ਸਫਰ ਦਾ ਰਾਜ਼ ਸਮਝਾਉਂਦੀ ਏ ਤੇ ਸੋਚ ਦੇ ਦਾਇਰੇ 'ਚ ਸੂਹੇ ਫੁੱਲ ਉਗਾਉਂਦੀ ਏ। ਆਸ ਦੇ ਅੰਦਰੇਟੇ 'ਚ ਗੁਰੂ ਨਾਨਕ, ਸੋਹਣੀ ਮਹੀਂਵਾਲ ਵਰਗੀਆਂ ਕਲਾ ਕ੍ਰਿਤਾਂ, ਕਲਾ, ਸੁਹਜ, ਆਤਮਕ ਸਕੂਨ ਤੇ ਸਿਰਜਣਾਤਮਿਕਤਾ ਦਾ ਸਿਰਨਾਵਾਂ ਬਣ ਸਮੇਂ ਦੀ ਹਿੱਕ 'ਤੇ ਨਰੋਏ ਨਕਸ਼ ਚਿਤਰਦੀਆਂ, ਤੀਰਥ ਅਸਥਾਨ ਦਾ ਰੁਤਬਾ ਪ੍ਰਾਪਤ ਕਰਦੀਆਂ ਨੇ।

ਆਸ ਦੀ ਆਤਮਕਤਾ 'ਚ ਪਨਪਦਾ ਏ, ਆਪਣਿਆਂ ਦੇ ਸਰਬ-ਵਿਕਾਸ ਦਾ ਸੰਕਲਪ, ਸਮਾਜ ਦਾ ਮੁਹਾਂਦਰਾ ਨਿਖਾਰਨ ਦਾ ਵਿਕਲਪ ਅਤੇ ਹਉਮੈ ਤੋਂ ਉਪਰ ਉਠ, ਨਿਜ ਤੋਂ ਪਰ ਤੀਕ ਦਾ ਸੁਹਾਵਣਾ ਸਫਰ।

ਆਸ ਦੀ ਅੰਗੀਠੀ ਦਾ ਸੇਕ, ਠਰੇ ਹੋਏ ਸ਼ੌਕਾਂ ਤੇ ਚਾਵਾਂ ਨੂੰ ਕੋਸੀ-ਕੋਸੀ ਰੁੱਤ ਦਾ ਪੈਗਾਮ ਪਹੁੰਚਾਵੇ, ਇਸ ਦੇ ਚੌਗਿਰਦੇ ਨੂੰ ਮਹਿਫਿਲਾਂ ਦੀ ਰੰਗਤ ਲਰਜਾਵੇ ਅਤੇ ਇਸ ਦੇ ਸੂਹੇ-ਸੂਹੇ ਚਾਨਣ 'ਚ ਘਰ ਦਾ ਵਿਹੜਾ ਭਾਗਾਂ ਭਰਿਆ ਕਹਿਲਾਵੇ।

ਸ਼ਾਲਾ! ਮਾਰੂਥਲਾਂ ਨੂੰ ਬਾਰਸ਼ ਦੀ ਬੂੰਦ ਨਸੀਬ ਹੋਵੇ, ਉਡੀਕ ਬਣੇ ਨਿੰਦਰਾਏ ਨੈਣਾਂ ਨੂੰ ਆਪਣਿਆਂ ਦੇ ਦੀਦਾਰੇ ਹੋਣ, ਬੰਦ ਦਰਵਾਜ਼ਿਆਂ ਦੇ ਦਰੀਂ ਚੂੜੇ ਵਾਲੇ ਹੱਥ ਤੇਲ ਚੋਣ, ਰੱਖੜੀ ਦੀ ਆਸ ਭੈਣ ਦੇ ਸਿਰ ਸੂਹੀ ਫੁਲਕਾਰੀ ਸਜਾਵੇ, ਵੀਰਾਂ ਦੀ ਗਲਵੱਕੜੀ 'ਚ ਨਿੱਘ ਪ੍ਰਵਾਨ ਚੜ੍ਹੇ ਅਤੇ ਖੁਦਾ, ਸਭੇ ਨਿਆਮਤਾਂ ਦਾ ਭੰਡਾਰਾ ਖਲਕਤ ਵਿਚ ਵਰਤਾਵੇ।



# ਰਾਹੁਲ ਬੋਸ ਦੀ ਰੀਤ







ਰਾਹੁਲ ਬੋਸ ਅਤੇ (ਹੇਠਾਂ) ਪੂਰਨਾ (ਖੱਬੇ) ਤੇ ਅਦਾਕਾਰਾ ਅਦਿਤੀ ਇਨਾਮਦਾਰ।


ਵੱਖਰੇ ਮਿਜ਼ਾਜ ਵਾਲਾ ਅਦਾਕਾਰ ਰਾਹੁਲ ਬੋਸ ਫਿਲਮ 'ਪੂਰਨਾ' ਨਾਲ ਖੂਬ ਚਰਚਾ ਵਿਚ ਹੈ। ਇਹ ਫਿਲਮ ਤੇਲੰਗਾਨਾ ਦੀ ਨੰਨ੍ਹੀ ਪਰਬਤਾਰੋਹੀ ਕੁੜੀ ਪੂਰਨਾ ਮਾਲਾਵਤ ਦੀ ਜ਼ਿੰਦਗੀ ਉਤੇ ਆਧਾਰਿਤ ਹੈ ਜਿਸ ਨੇ 13 ਸਾਲ 11 ਮਹੀਨੇ ਦੀ ਉਮਰ ਵਿਚ ਸੰਸਾਰ ਦੀ ਸਭ

**ਆਮਨਾ ਸਿੰਘ**

ਤੋਂ ਉਚੀ ਚੋਟੀ ਮਾਊਂਟ ਐਵਰੈਸਟ ਸਰ ਕੀਤੀ ਸੀ। ਇਉਂ ਉਹ ਇਹ ਚੋਟੀ ਸਰ ਕਰਨ ਵਾਲੀ ਸਭ ਤੋਂ ਛੋਟੀ ਉਮਰ ਦੀ ਪਰਬਤਾਰੋਹੀ ਬਣ ਗਈ ਸੀ। ਇਹ ਕਾਰਨਾਮਾ ਉਸ ਨੇ 25 ਮਈ 2014 ਨੂੰ ਕੀਤਾ।

ਪੂਰਨਾ ਦੀ ਇਸ ਕਹਾਣੀ ਨੂੰ ਰਾਹੁਲ ਬੋਸ ਨੇ ਪਰਦੇ ਉਤੇ ਬਾਖੂਬੀ ਉਤਾਰਿਆ ਹੈ। ਇਸ ਫਿਲਮ ਵਿਚ ਪੂਰਨਾ ਵਾਲਾ ਰੋਲ ਅਦਿਤੀ ਇਨਾਮਦਾਰ ਨੇ ਨਿਭਾਇਆ ਹੈ। ਪਹਿਲਾਂ ਇਸ ਫਿਲਮ ਵਿਚ ਰਾਹੁਲ ਨੂੰ ਅਦਾਕਾਰ ਵਜੋਂ ਹੀ ਲਿਆ ਗਿਆ ਸੀ, ਪਰ ਉਸ ਨੂੰ ਇਹ ਪਟਕਥਾ ਇੰਨੀ ਚੰਗੀ ਤੇ ਜਾਨਦਾਰ ਲੱਗੀ ਕਿ ਉਸ ਨੇ ਇਹ ਫਿਲਮ ਖੁਦ ਡਾਇਰੈਕਟ ਤੇ ਪ੍ਰੋਡਿਊਸ ਕਰਨ ਦੀ ਪੇਸ਼ਕਸ਼ ਕੀਤੀ। ਪੂਰੇ ਚਾਰ ਮਹੀਨੇ ਉਹ ਇਸ ਫਿਲਮ ਲਈ ਫੰਡ ਇਕੱਠੇ ਕਰਦਾ ਰਿਹਾ। ਫਿਲਮ ਦੀ ਚੁਫੇਰਿਓਂ ਸ਼ਲਾਘਾ ਹੋਈ। ਸੰਨ 2017 ਵਿਚ ਪਾਮ ਸਪਰਿੰਗ ਕੌਮਾਂਤਰੀ ਫਿਲਮ ਮੇਲੇ ਦੌਰਾਨ ਫਿਲਮ ਨੂੰ 30 ਸਰਵੋਤਮ ਫਿਲਮਾਂ ਵਿਚ ਸ਼ੁਮਾਰ ਕੀਤਾ ਗਿਆ।

ਫਿਲਮ 'ਪੂਰਨਾ' ਬਾਰੇ ਰਾਹੁਲ ਬੋਸ ਦਾ ਕਹਿਣਾ ਹੈ ਕਿ ਫਿਲਮ ਦੀ ਪਟਕਥਾ ਪੜ੍ਹਦਿਆਂ ਹੀ ਉਸ ਨੇ ਇਸ ਫਿਲਮ ਦੇ ਦ੍ਰਿਸ਼ਾਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਰਾਹੁਲ ਬੋਸ 2001 ਵਿਚ 'ਐਵਰੀਬਡੀ ਸੇਅਜ਼ ਆਈ ਐਮ ਫਾਈਨ!' ਅਤੇ 2009 ਵਿਚ 'ਦਿ ਵਿਸਪਰਰਜ਼' ਰਾਹੀਂ ਬਤੌਰ ਡਾਇਰੈਕਰ ਆਪਣਾ ਲੋਹਾ ਮਨਵਾ ਚੁੱਕਾ ਹੈ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ 1988 ਵਿਚ ਫਿਲਮ 'ਦਿ ਪਰਫੈਕਟ ਮਰਡਰ' ਨਾਲ ਕੀਤੀ ਸੀ।



# 'ਨਾਮ ਸ਼ਬਾਨਾ' ਦੇ ਸਬਕ

ਪਿਛਲੇ ਕੁਝ ਸਮੇਂ ਦੌਰਾਨ ਚਰਚਾ ਵਿਚ ਆਈ ਫਿਲਮ ਅਦਾਕਾਰਾ ਤਾਪਸੀ ਪਨੂੰ ਦੀ ਨਵੀਂ ਫਿਲਮ 'ਨਾਮ ਸ਼ਬਾਨਾ' ਦੀ ਬਾਕਸ ਆਫ਼ਿਸ ਉਤੇ ਤੋਰ ਤਾਂ ਭਾਵੇਂ ਧੀਮੀ ਹੀ ਰਹੀ ਹੈ, ਪਰ ਇਸ ਫਿਲਮ ਵਿਚ ਚੰਗੀ ਅਦਾਕਾਰੀ ਕਰ ਕੇ ਉਹ ਇਕ ਵਾਰ ਫਿਰ ਚਰਚਾ ਵਿਚ ਹੈ। ਹਾਲ ਹੀ ਵਿਚ ਆਈ ਉਸ ਦੀ ਫਿਲਮ 'ਰਨਿੰਗ ਸ਼ਾਦੀ' ਬਹੁਤੀ ਚੱਲੀ ਨਹੀਂ ਸੀ ਅਤੇ ਉਸ ਦੀਆਂ ਸਾਰੀਆਂ ਆਸਾਂ ਹੁਣ 'ਨਾਮ ਸ਼ਬਾਨਾ' ਉਤੇ ਹੀ ਸਨ। ਇਸ ਫਿਲਮ ਵਿਚ ਉਸ ਦੇ ਨਾਲ ਮਨੋਜ ਬਾਜਪਾਈ, ਅਨੁਪਮ ਖੇਰ ਅਤੇ ਪ੍ਰਿਥਵੀਰਾਜ ਸੁਕੁਮਾਰਨ ਵਰਗੇ ਅਦਾਕਾਰਾਂ ਨੇ ਵੀ ਆਪੋ-ਆਪਣੀ ਕਲਾ ਦੇ ਖੂਬ ਜੌਹਰ ਦਿਖਾਏ ਹਨ।

ਫਿਲਮ ਵਿਚ ਤਾਪਸੀ ਨੇ ਕਾਲਜ ਵਿਚ ਪੜ੍ਹਦੀ ਕੁੜੀ ਦਾ ਕਿਰਦਾਰ ਨਿਭਾਇਆ ਹੈ। ਫਿਲਮ ਵਿਚ ਉਸ ਦਾ ਲੀਡ ਰੋਲ ਹੈ ਜਿਸ ਤੋਂ ਉਹ ਬਹੁਤ ਖੁਸ਼ ਹੈ। ਯਾਦ ਰਹੇ ਕਿ ਤਾਪਸੀ ਪਨੂੰ ਨੇ ਤੈਲਗੂ ਅਤੇ ਤਮਿਲ ਫਿਲਮਾਂ ਵਿਚ ਕੰਮ ਕਰ ਕੇ ਖੂਬ ਨਾਮ ਕਮਾਇਆ ਹੈ, ਪਰ ਪਿਛਲੇ ਸਾਲ ਰਿਲੀਜ਼ ਹੋਈ ਹਿੰਦੀ ਫਿਲਮ 'ਪਿੰਕ' ਨਾਲ ਉਹ ਹਿੰਦੀ ਸਿਨੇਮਾ ਵਿਚ ਵੀ ਛਾ ਗਈ ਸੀ।

ਇਸੇ ਸਾਲ ਤਾਪਸੀ ਪਨੂੰ ਦੀਆਂ ਦੋ ਹੋਰ ਫਿਲਮਾਂ 'ਦਿ ਗਾਜ਼ੀ ਅਟੈਕ' ਅਤੇ 'ਤੜਕਾ' ਰਿਲੀਜ਼ ਹੋ ਰਹੀਆਂ ਹਨ। 'ਨਾਮ ਸ਼ਬਾਨਾ' ਵਾਂਗ 'ਦਿ ਗਾਜ਼ੀ ਅਟੈਕ' ਤਾਂ ਤੈਲਗੂ ਵਿਚ ਵੀ ਡਬ ਕੀਤੀ ਜਾ ਰਹੀ ਹੈ। ਇਸ ਫਿਲਮ ਵਿਚ ਉਸ ਦੇ ਨਾਲ ਅਤੁਲ ਕੁਲਕਰਨੀ ਅਤੇ ਕੇ.ਕੇ. ਮੈਨਨ ਵਰਗੇ ਉਮਦਾ ਕਲਾਕਾਰਾਂ ਨੇ ਕੰਮ ਕੀਤਾ ਹੈ। 'ਤੜਕਾ' ਵਿਚ ਨਾਨਾ ਪਾਟੇਕਰ ਅਤੇ ਅਲੀ ਫਜ਼ਲ ਹਨ। ਤਾਪਸੀ ਪਨੂੰ ਦਾ ਕਹਿਣਾ ਹੈ ਕਿ ਉਹ ਚੋਣਵੀਆਂ ਅਤੇ ਚੰਗੀਆਂ ਫਿਲਮਾਂ ਹੀ ਕਰੇਗੀ। **-ਗੁਰਜੰਟ ਸਿੰਘ**

# ਮੁਮਤਾਜ ਬੇਗਮ ਤੋਂ ਮਧੂਬਾਲਾ

ਭਾਰਤੀ ਸਿਨਮਾ ਵਿਚ ਉਚਾ ਸਥਾਨ ਰੱਖਦੀ ਮਧੂਬਾਲਾ ਨੂੰ ਲੋਕ ਦੇਖਣ ਲਈ ਪਾਗਲ ਹੋ ਜਾਂਦੇ ਸਨ। ਉਸ ਦਾ ਜਨਮ 14 ਫਰਵਰੀ 1933 ਨੂੰ ਨਵੀਂ ਦਿੱਲੀ ਵਿਚ ਜਨਾਬ ਅਤਾਉਲਾ ਖ਼ਾਨ ਦੇ ਘਰ ਹੋਇਆ। ਬਚਪਨ ਵਿਚ ਹੀ ਮੁਮਤਾਜ ਜਹਾਂ ਬੇਗਮ ਦੇਹਲਵੀ ਉਰਫ਼ ਮਧੂਬਾਲਾ ਨੂੰ ਆਪਣੇ ਪੰਜ ਭੈਣ ਭਰਾਵਾਂ ਦੀ ਮੌਤ ਦਾ ਦੁਖ ਝੱਲਣਾ ਪਿਆ। ਬਚਪਨ ਵਿਚ ਹੀ ਅਦਾਕਾਰੀ ਦਾ ਸ਼ੌਕ, ਘਰ ਦੀ ਗ਼ਰੀਬੀ ਅਤੇ ਵੱਡੇ ਪਰਿਵਾਰ ਲਈ 9 ਸਾਲ ਦੀ ਛੋਟੀ ਉਮਰ ਵਿਚ ਹੀ ਮਧੂਬਾਲਾ ਨੇ ਬਤੌਰ ਬਾਲ ਕਲਾਕਾਰ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਕੀਤੀ।

1942 ਵਿਚ ਬਣੀ ਫਿਲਮ 'ਬਸੰਤ' ਮਧੂਬਾਲਾ ਦੀ ਪਹਿਲੀ ਫਿਲਮ ਸੀ। ਅਦਾਕਾਰ ਰਾਜ ਕਪੂਰ ਤੇ ਨਿਰਮਾਤਾ ਨਿਰਦੇਸ਼ਕ ਕੇਦਾਰ ਸ਼ਰਮਾ ਨੇ 1947 ਵਿਚ ਬਣਾਈ ਫਿਲਮ 'ਨੀਲ ਕਮਲ' ਰਾਹੀਂ ਮਧੂਬਾਲਾ ਨੂੰ ਬਤੌਰ ਨਾਇਕਾ ਪੇਸ਼ ਕੀਤਾ। ਇਸ ਫਿਲਮ ਸਮੇਤ ਕਈ ਹੋਰ ਛੋਟੇ ਬਜਟ ਦੀਆਂ ਫਿਲਮਾਂ ਫਲਾਪ ਰਹੀਆਂ। ਬੰਬੇ ਟਾਕੀਜ਼ ਦੀ ਮਾਲਕਣ ਤੇ ਅਦਾਕਾਰਾ ਦੇਵਿਕਾ ਰਾਣੀ ਨੇ ਉਸ ਦਾ ਨਾਂ ਬੇਬੀ ਮੁਮਤਾਜ ਤੋਂ ਬਦਲ ਕੇ ਮਧੂਬਾਲਾ ਰੱਖ ਦਿੱਤਾ।

1948 ਵਿਚ ਕਮਾਲ ਅਮਰੋਹੀ ਵੱਲੋਂ ਬਣਾਈ ਫਿਲਮ 'ਮਹਿਲ' ਜੋ ਸਸਪੈਂਸ ਤੇ ਰਹੱਸ 'ਤੇ ਆਧਾਰਿਤ ਸੀ, ਨਾਲ ਮਧੂਬਾਲਾ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਫਿਲਮ ਵਿਚ ਉਸ ਦੀ ਅਦਾਕਾਰੀ ਇੰਨੀ ਪਸੰਦ ਕੀਤੀ ਗਈ ਕਿ ਲੋਕ ਇਸ ਫਿਲਮ ਦੇ ਨਾਇਕ ਅਸ਼ੋਕ ਕੁਮਾਰ ਦੀ ਭੂਮਿਕਾ ਨੂੰ ਵੀ ਭੁੱਲ ਗਏ। ਫਿਰ ਗੁਰੂ ਦੱਤ ਦੀ ਕਾਮੇਡੀ ਫਿਲਮ 'ਮਿਸਟਰ ਐਂਡ ਮਿਸਿਜ਼ 55' ਵਿਚ ਉਸ ਦੀਆਂ ਅਦਾਵਾਂ ਨੇ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ।

ਫਿਲਮ 'ਤਰਾਨਾ' ਦੇ ਸੈੱਟ ਤੋਂ ਸ਼ੁਰੂ ਹੋਈ ਮਧੂਬਾਲਾ ਅਤੇ ਦਿਲੀਪ ਕੁਮਾਰ ਦੇ ਪਿਆਰ ਦੀ ਕਹਾਣੀ ਮਧੂਬਾਲਾ ਦੇ ਸਖ਼ਤ ਮਿਜ਼ਾਜ ਅੱਬਾ ਦੀ ਨਾਂਹ ਕਾਰਨ ਵਿਆਹ ਵਿਚ ਨਹੀਂ ਬਦਲ ਸਕੀ। ਬਾਅਦ ਵਿਚ ਕਿਸ਼ੋਰ ਕੁਮਾਰ ਨਾਲ ਫਿਲਮ ਕਰਦੇ ਸਮੇਂ ਇਕ ਚੰਗਾ ਹਮਸਫਰ ਲੱਭਦਿਆਂ ਮਧੂਬਾਲਾ ਨੇ 16 ਨਵੰਬਰ 1960 ਨੂੰ ਗਾਇਕ ਕਲਾਕਾਰ ਕਿਸ਼ੋਰ ਕੁਮਾਰ ਨਾਲ ਵਿਆਹ ਕਰਵਾ ਲਿਆ, ਪਰ ਉਸ ਨਾਲ ਦਿਲੀਪ ਕੁਮਾਰ ਜਿੰਨਾ ਪਿਆਰ ਨਹੀਂ ਕਰ ਸਕੀ।



ਮਧੂਬਾਲਾ ਬੌਲੀਵੁੱਡ ਦੇ ਨਾਲ ਨਾਲ ਹੌਲੀਵੁੱਡ ਵਿਚ ਵੀ ਇੰਨੀ ਮਸ਼ਹੂਰ ਸੀ ਕਿ ਅਮਰੀਕੀ ਮੈਗਜ਼ੀਨ 'ਥਿਏਟਰ ਆਰਟ' ਵਿਚ 'ਦਿ ਬਿਗੈਸਟ ਸਟਾਰ ਇਨ ਦਿ ਵਰਲਡ' ਸਿਰਲੇਖ ਹੇਠ ਉਸ ਦੀ ਪੂਰੇ ਪੰਨੇ ਦੀ ਤਸਵੀਰ ਛਾਪੀ ਗਈ ਸੀ। ਪ੍ਰਸਿਧ ਅਮਰੀਕੀ ਫਿਲਮ ਨਿਰਦੇਸ਼ਕ ਫਰੈਂਕ ਕਾਪਰਾ ਤਾਂ ਮਧੂਬਾਲਾ ਨੂੰ ਸਾਈਨ ਕਰਨ ਲਈ ਮੁੰਬਈ ਵੀ ਆਇਆ ਸੀ, ਪਰ ਮਧੂਬਾਲਾ ਦੇ ਅੱਬਾ ਨੇ ਫਿਲਮ ਸਾਈਨ ਕਰਨ ਤੋਂ ਨਾਂਹ ਕਰ ਦਿੱਤੀ। 5 ਅਗਸਤ 1960 ਨੂੰ ਰਿਲੀਜ਼ ਹੋਈ ਸੁਪਰ ਹਿੱਟ ਫਿਲਮ 'ਮੁਗਲ-ਏ-ਆਜ਼ਮ' ਜੋ ਕਰੀਮੁਦੀਨ ਆਸਿਫ਼ ਵੱਲੋਂ ਸ਼ਹਿਜ਼ਾਦਾ ਸਲੀਮ ਅਤੇ ਅਨਾਰਕਲੀ ਦੀ ਮੁਹੱਬਤ ਬਾਰੇ ਬਣਾਈ ਗਈ ਸੀ, ਵਿਚ ਮਧੂਬਾਲਾ ਨੇ ਅਨਾਰਕਲੀ ਦੇ ਕਿਰਦਾਰ ਨੂੰ ਸਿਹਤ ਖਰਾਬ ਹੋਣ ਦੇ ਬਾਵਜੂਦ ਚਾਰ ਚੰਨ ਲਾ ਦਿੱਤੇ। ਫਿਲਮ ਦੇ ਗੀਤ 'ਪਿਆਰ ਕੀਆ ਤੋ ਡਰਨਾ ਕਿਆ' ਉਤੇ ਨਾਚ ਅੱਜ ਵੀ ਸਭ ਨੂੰ ਯਾਦ ਹੈ।

ਫਿਲਮੀ ਸਫਰ ਦੌਰਾਨ ਦਿਲ ਵਿਚ ਛੇਦ ਹੋਣ ਕਰ ਕੇ ਮਧੂਬਾਲਾ ਦੀ ਸਿਹਤ ਸਦਾ ਹੀ ਵਿਗੜੀ ਰਹੀ। ਮਦਰਾਸ (ਹੁਣ ਚੇਨਈ) ਵਿਚ ਫਿਲਮ 'ਬਹੁਤ ਦਿਨ ਹੁਏ' ਦੇ ਸੈੱਟ ਉਤੇ ਆਈ ਖੂਨ ਦੀ ਉਲਟੀ ਨੇ ਉਸ ਦੀ ਵਿਗੜ ਰਹੀ ਹਾਲਤ ਦਾ ਖੁਲਾਸਾ ਕਰ ਦਿੱਤਾ। ਇਸ ਤੋਂ ਬਾਅਦ ਉਸ ਦੀ ਸਿਹਤ ਜ਼ਿਆਦਾ ਖ਼ਰਾਬ ਰਹਿਣ ਲੱਗ ਪਈ। ਲੰਡਨ ਵਿਚ ਇਲਾਜ ਦੌਰਾਨ ਪਤਾ ਲੱਗਾ ਕਿ ਉਹ ਕਦੇ ਠੀਕ ਨਹੀਂ ਹੋਵੇਗੀ, ਇਸ ਬਿਮਾਰੀ ਦਾ ਕੋਈ ਇਲਾਜ ਹੀ ਨਹੀਂ ਸੀ। ਸਮਾਂ ਗੁਜ਼ਰਨ ਨਾਲ ਬਿਮਾਰੀ ਵਧਣ ਲੱਗੀ। ਉਸ ਨੂੰ ਸਹਾਰੇ ਦੀ ਸਖ਼ਤ ਜ਼ਰੂਰਤ ਸੀ, ਪਰ ਕਿਸ਼ੋਰ ਕੁਮਾਰ ਨੇ ਇਸ ਔਖੇ ਸਮੇਂ ਵੀ ਮਧੂਬਾਲਾ ਦਾ ਸਾਥ ਨਹੀਂ ਦਿੱਤਾ। ਕਿਹਾ ਜਾਂਦਾ ਹੈ ਕਿ ਡਾਕਟਰਾਂ ਦੇ ਨਾਂਹ ਕਰਨ 'ਤੇ ਉਹ ਉਸ ਦੇ ਠੀਕ ਨਾ ਹੋਣ ਤੋਂ ਪ੍ਰੇਸ਼ਾਨ ਰਹਿਣ ਲੱਗਾ ਅਤੇ ਦੂਰੀ ਰੱਖਣ ਲੱਗ ਪਿਆ। ਫਿਰ ਉਸ ਨੂੰ ਉਸ ਦੀ ਮਾਂ ਦੇ ਘਰ ਛੱਡ ਆਇਆ। ਆਪਣੀ ਜ਼ਿੰਦਗੀ ਦੇ ਅੰਤਿਮ 9 ਸਾਲ ਮਧੂਬਾਲਾ ਨੇ ਬੇਵਸੀ ਅਤੇ ਇਕੱਲਤਾ ਵਿਚ ਗੁਜ਼ਾਰੇ। ਆਖਰਕਾਰ 23 ਫਰਵਰੀ 1969 ਦੀ ਰਾਤ ਇਸ ਖ਼ੂਬਸੂਰਤ ਅਦਾਕਾਰਾ ਦੀ ਆਖਰੀ ਰਾਤ ਹੋ ਨਿਬੜੀ। ਉਸ ਵਕਤ ਉਸ ਦੀ ਉਮਰ 36 ਵਰ੍ਹਿਆਂ ਦੀ ਸੀ।

ਮਧੂਬਾਲਾ ਨੂੰ ਅੱਜ ਵੀ ਹਿੰਦੀ ਕਲਾਸੀਕਲ ਸਿਨਮਾ ਦੀ ਸਭ ਤੋਂ ਖ਼ੂਬਸੂਰਤ ਅਦਾਕਾਰਾ ਮੰਨਿਆ ਜਾਂਦਾ ਹੈ। ਉਹ ਚਿਹਰੇ ਦੇ ਹਾਵ ਭਾਵ, ਖ਼ੂਬਸੂਰਤ ਅੱਖਾਂ ਅਤੇ ਕੁਦਰਤ ਵੱਲੋਂ ਬਖ਼ਸ਼ੀ ਖ਼ੂਬਸੂਰਤੀ ਕਰ ਕੇ ਫਿਲਮ ਨਗਰੀ ਦੇ ਨਾਇਕਾਂ ਤੇ ਦਰਸ਼ਕਾਂ ਦੇ ਦਿਲ ਵਿਚ ਵਸ ਗਈ ਸੀ। **-ਸ਼ਮਸ਼ੇਰ ਸਿੰਘ ਸੋਹੀ**

## Anu Attorney Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
*Attorney at Law*
*Licensed to practice Immigration in all 50 states.*
More than 20 year experience in US immigration & Indian law

### US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW *(Only In WA)*

*Divorce *Annulment
*International Custody

### INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

## ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

### ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com
Transportation Funding Group, Inc.
Minneapolis, MN 55426

## Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights



ਰਾਜਿੰਦਰ ਸਿੰਘ

Call Toll Free:
**1-800-RAJ-SYAN**
*(with 17 years Experienced)*

**Call:734-261-0936**
**734-890-1767**

e-mail: raj@syanvideo.com
visit at: www.syanvideo.com

## TRUCK STOP 40


SAYRE, OK 73662

### ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366


LET THE
OBSESSION BEGIN
10 vivo IPL
ON WILLOW HD
VIVO IPL - April 5th to May 21st
ICC Champions Trophy 2017 - June 1st to June 18th
WORLD CRICKET
$40
FOR 6 MONTHS
1-888-554-6754 SLING.COM/CRICKET
sling TELEVISION
Promotional Offers: Available to new customers upon account activation. One per customer and cannot be combined. Must provide email address and credit card. Billing: Monthly Pack - Your credit card will be charged monthly for applicable subscription until you cancel your service. 6 Months Pack - You will be charged once for the 6 months period of your service. After the expiration of your 6 months period, you will be moved to the respective month-to-month service for your 6 months package. Annual Pack: You will be charged once for the 12 month period of your service. After the expiration of your 12 month period, you will be moved to the respective month-to-month service for your annual package. Cancellation: Cancel by calling 1(877) 811-4788. Programming fees are charged monthly in advance and no credits or refunds will be issued for partial or prepaid months after cancellation. Equipment Requirements: Requires internet-connected compatible device. Compatible devices include: PC or Mac, Roku, iOS 7.0and higher, Android 4.0.3, Amazon Fire TV, Amazon Fire Stick and Google Nexus and Xbox One. Miscellaneous: Access on one device (1 stream) is included in the monthly programming package price (except HBO, which includes 3 streams). 2 additional international streams available for $5/mo. Limit 3 International and 1 Domestic streams per account. Certain programs may be unavailable due to programmer restrictions or blackouts. Only available within the United States. State and local taxes will apply. All prices, packages, programming and offers subject to change without notice. Other restrictions may apply. See sling.com website for details. Offer ends 12/31/2017. © 2017 Sling TV L.L.C. All rights reserved.